
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 21
September 1, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਪ੍ਰੋ: ਦਿੱਤ ਰਾਮ ਉਰਫ
ਪ੍ਰੋ: ਦਿੱਤ ਸਿੰਘ

ਸੀ. ਐਲ. ਚੁੰਬਰ ਦਾ ਵਿਸ਼ੇਸ਼ ਲੇਖ ਦੇਖੋ ਸਫਾ 19 'ਤੇ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਸਚਖੰਡ ਸਾਹਿਬ ਰੋਜ਼ਵਿਲ ਵਿਖੇ ਤੰਤੀ ਸਾਜ਼ਾਂ ਨਾਲ ਕੀਰਤਨ ਸਮਾਗਮ ਨਾਲ ਸੰਗਤਾਂ ਹੋਈਆਂ ਨਿਹਾਲ।

**(ਸਪੈਸ਼ਲ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15-16 'ਤੇ)**

## ਅਮਰੀਕੀ ਫੌਜਾਂ ਨੇ ਆਪਣੀ ਵਾਪਸੀ ਨਾਲ ਕੀਤਾ ਅਫਗਾਨਿਸਤਾਨ ਨਿਕਾਸੀ ਮਿਸ਼ਨ ਖਤਮ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**



**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕੀ ਪ੍ਰਸ਼ਾਸਨ ਨੇ ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਅਫਗਾਨੀ ਮਿਸ਼ਨ ਲਈ ਮਿੱਥੀ ਗਈ 31 ਅਗਸਤ ਦੀ ਤਰੀਕ ਤੋਂ ਪਹਿਲਾਂ ਵਾਪਸੀ ਲਈ ਰਵਾਨਗੀ ਕਰਕੇ ਤੈਅ ਸਮੇਂ ਤੋਂ ਇਕ ਦਿਨ ਪਹਿਲਾਂ ਹੀ ਅਫਗਾਨਿਸਤਾਨ ਤੋਂ ਆਪਣੇ ਫੌਜੀਆਂ ਨੂੰ ਪੂਰੀ ਤਰ੍ਹਾਂ ਕੱਢ ਲਿਆ ਹੈ। ਇਸ ਨਾਲ 20 ਸਾਲ ਬਾਅਦ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੀ ਵਾਪਸੀ ਪੂਰੀ ਹੋ ਗਈ ਹੈ। ਅਮਰੀਕੀ ਰੱਖਿਆ ਵਿਭਾਗ ਪੇਂਟਾਗਨ ਨੇ ਅਫਗਾਨਿਸਤਾਨ ਛੱਡਣ ਵਾਲੇ ਆਖਰੀ ਅਮਰੀਕੀ ਫੌਜੀ ਦੀ ਫੋਟੋ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਅਤੇ ਰਿਪੋਰਟ ਮੁਤਾਬਕ 30 ਅਗਸਤ ਦੀ ਦੇਰ ਰਾਤ ਆਖਰੀ ਅਮਰੀਕੀ ਜਹਾਜ਼ ਨੇ ਉਡਾਣ ਭਰੀ। ਪੇਂਟਾਗਨ ਨੇ ਟਵੀਟ ਰਾਹੀਂ ਜਾਣਕਾਰੀ ਦਿੱਤੀ ਕਿ ਅਫਗਾਨਿਸਤਾਨ ਛੱਡਣ ਵਾਲਾ ਆਖਰੀ ਅਮਰੀਕੀ ਫੌਜੀ-ਮੇਜਰ ਜਨਰਲ ਕ੍ਰਿਸ ਡੋਨਹੁਯੂ ਹੈ, ਜੋ 30 ਅਗਸਤ ਦੀ ਰਾਤ -17 ਜਹਾਜ਼ 'ਚ ਸਵਾਰ ਹੋਇਆ। ਇਸਦੇ ਇਲਾਵਾ ਯੂ ਐਸ ਸੈਂਟਰਲ ਕਮਾਂਡ ਦੇ ਕਮਾਂਡਰ ਜਨਰਲ ਫਰੈਂਕ ਮੈਕੈਂਜ਼ੀ ਜਿਹਨਾਂ ਨੇ ਵਾਪਸੀ ਦੀ ਘੋਸ਼ਣਾ ਕੀਤੀ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ ਮੁੱਖ ਅਮਰੀਕੀ ਡਿਪਲੋਮੈਟ, ਰੌਸ ਵਿਲਸਨ ਵੀ ਸੀ -17 ਦੀ ਆਖਰੀ ਉਡਾਣ ਵਿੱਚ ਸਨ। ਉਨ੍ਹਾਂ ਕਿਹਾ ਕਿ ਉਹ ਅਫਗਾਨਿਸਤਾਨ ਤੋਂ ਅਮਰੀਕੀ ਨਾਗਰਿਕਾਂ ਤੇ ਅਫਗਾਨਾਂ ਨੂੰ ਕੱਢਣ ਲਈ ਫੌਜੀ ਮਿਸ਼ਨ ਦੀ ਸਮਾਪਤੀ ਦਾ ਐਲਾਨ ਕਰਦੇ ਹਨ। ਇਸ ਤੋਂ ਇਲਾਵਾ ਅਮਰੀਕਾ ਨੇ ਅਫਗਾਨਿਸਤਾਨ 'ਚ ਆਪਣੀ ਰਾਜਨੀਤਕ ਮੌਜੂਦਗੀ ਵੀ ਖਤਮ ਕਰ ਦਿੱਤੀ ਹੈ। ਹਾਲਾਂਕਿ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਨੁਸਾਰ ਅਮਰੀਕਾ ਹਰ ਉਸ ਅਮਰੀਕੀ ਅਤੇ ਅਫਗਾਨੀ ਨਾਗਰਿਕ ਦੀ ਮਦਦ ਕਰਨ ਲਈ ਵਚਨਬੱਧ ਹੈ ਜੋ ਅਫਗਾਨਿਸਤਾਨ ਛੱਡਣਾ ਚਾਹੁੰਦਾ ਹੈ।

ਜਿਕਰਯੋਗ ਹੈ ਕਿ ਅਮਰੀਕੀ ਸੈਨਿਕਾਂ ਨੇ ਹਜਾਰਾਂ ਦੀ ਗਿਣਤੀ ਵਿੱਚ ਅਮਰੀਕੀ, ਅਫਗਾਨੀ ਨਾਗਰਿਕਾਂ ਦੇ ਨਾਲ ਹੋਰ ਅਧਿਕਾਰੀਆਂ ਨੂੰ ਤਾਲਿਬਾਨ ਦੇ ਕਬਜੇ ਤੋਂ ਬਾਅਦ ਉੱਥੋਂ ਸੁਰੱਖਿਅਤ ਕੱਢਿਆ ਹੈ। ਪਰ ਫਿਰ ਵੀ ਇਸ ਮਿਸ਼ਨ ਦੀ ਸਮਾਪਤੀ ਕਰਕੇ ਕਈ ਅਮਰੀਕੀ ਨਾਗਰਿਕ ਅਫਗਾਨਿਸਤਾਨ 'ਚ ਰਹਿ ਗਏ ਹਨ।



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਕਾਬੁਲ ਹਵਾਈ ਅੱਡੇ ਹਮਲੇ 'ਚ ਮਾਰੇ ਗਏ ਅਮਰੀਕੀ ਸੈਨਿਕਾਂ ਦੇ ਨਾਮ ਜਾਰੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕੀ ਸੈਨਾਵਾਂ ਦੇ 13 ਬਹਾਦਰ ਸਰਵਿਸ ਮੈਂਬਰ ਜੋ ਕਿ ਅਫ਼ਗਾਨਿਸਤਾਨ ਵਿੱਚ ਚੱਲ ਰਹੇ ਕਾਰਜਾਂ ਵਿਚਕਾਰ ਹੋਏ ਹਮਲੇ ਦੌਰਾਨ ਸ਼ਹੀਦ ਹੋ ਗਏ ਸਨ , ਦੇ ਨਾਮ ਅਮਰੀਕੀ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਹਨ। ਯੂ ਐਸ ਮਰੀਨਜ਼ ਨੇ ਸ਼ਨੀਵਾਰ ਨੂੰ ਇਹਨਾਂ ਮ੍ਰਿਤਕਾਂ ਦੇ ਨਾਂ ਜਾਰੀ ਕੀਤੇ, ਜਿਹਨਾਂ ਵਿੱਚ 11 ਮਰੀਨ, ਇੱਕ ਨੇਵੀ ਕੋਰਪਸਮੈਨ ਅਤੇ ਇੱਕ ਆਰਮੀ ਸੈਨਿਕ ਸ਼ਾਮਲ ਹੈ। ਇਸ ਹਮਲੇ ਨੂੰ ਇੱਕ ਦਹਾਕੇ ਤੋਂ ਵੀ ਜਿਆਦਾ ਸਮੇਂ ਵਿੱਚ ਅਫ਼ਗਾਨਿਸਤਾਨ ਵਿੱਚ ਅਮਰੀਕੀ ਸੈਨਿਕਾਂ 'ਤੇ ਸਭ ਤੋਂ ਘਾਤਕ ਹਮਲਾ ਮੰਨਿਆ ਗਿਆ ਹੈ। ਇਸ ਹਮਲੇ ਦੇ ਮ੍ਰਿਤਕਾਂ ਵਿੱਚੋਂ ਜਿਆਦਾਤਰ ਕੈਲੀਫੋਰਨੀਆ ਦੇ ਕੈਂਪ ਪੇਂਡਲਟਨ ਨਾਲ ਸਬੰਧਿਤ ਸਨ। ਅਮਰੀਕਾ ਪ੍ਰਸ਼ਾਸਨ ਵੱਲੋਂ ਮਰਦ ਅਤੇ ਔਰਤ ਸੈਨਿਕ ਜੋ ਕਿ ਅਮਰੀਕੀ ਨਾਗਰਿਕਾਂ ਅਤੇ ਅਫਗਾਨ ਸਹਯੋਗੀ ਲੋਕਾਂ ਨੂੰ ਬਚਾਉਣ ਦੇ ਵਿਸ਼ਾਲ ਨਿਕਾਸੀ ਯਤਨਾਂ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਦੇ ਨਾਮ ਇਸ ਪ੍ਰਕਾਰ ਜਾਰੀ ਕੀਤੇ ਗਏ ਹਨ-




1- ਸਟਾਫ ਸਾਰਜੈਂਟ ਡੈਰਿਨ ਟੀ ਹੂਵਰ (31),
ਯੂਟਾ ਤੋਂ ਇੱਕ ਯੂ ਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

2- ਸਾਰਜੈਂਟ ਜੋਹਾਨੀ ਰੋਸਾਰੀਓ ਪਿਚਾਰਡੋ (25), ਮੈਸੇਚਿਉਸੇਟਸ ਤੋਂ ਯੂ ਐਸ ਮਰੀਨ, ਪਿਚਾਰਡੋ ਨੂੰ ਲੌਰੇਂਸ, ਮਾਸ ਤੋਂ 5 ਵੀਂ ਸਮੁੰਦਰੀ ਮੁਹਿੰਮ ਬੈਰਿਗੇਡ, ਨੇਵਲ ਸਪੋਰਟ ਐਕਟੀਵਿਟੀ ਬਹਿਰੀਨ ਲਈ ਨਿਯੁਕਤ ਕੀਤਾ ਗਿਆ ਸੀ।

3- ਸਾਰਜੈਂਟ ਨਿਕੋਲ ਐਲ ਜੀ (23), ਕੈਲੀਫੋਰਨੀਆ ਤੋਂ ਯੂ ਐਸ ਮਰੀਨ

4- ਸੀ ਪੀ ਐਲ, ਹੰਟਰ ਲੋਪੇਜ਼ (22)
ਕੈਲੀਫੋਰਨੀਆ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

5- ਸੀ ਪੀ ਐਲ, ਡੇਗਨ ਡਬਲਯੂ. ਪੇਜ (23)
ਨੇਬਰਾਸਕਾ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

6- ਸੀ ਪੀ ਐਲ, ਹੰਬਰਟੋ ਏ ਸਾਂਚੇਜ਼ (22)
ਇੰਡੀਆਨਾ ਤੋਂ ਯੂਐਸ ਮਰੀਨ ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

7- ਲਾਂਸ ਸੀ ਪੀ ਐਲ ਡੇਵਿਡ ਐਲ ਐਸਪੀਨੋਜ਼ਾ (20)
ਟੈਕਸਾਸ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

8- ਲਾਂਸ ਸੀ ਪੀ ਐਲ ਜੇਰੇਡ ਸਮਿੱਟਜ਼ (20) ਮਿਜ਼ੂਰੀ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

9- ਲਾਂਸ ਸੀ.ਪੀ. ਰਾਈਲੀ ਜੇ. ਮੈਕਕੋਲਮ (20)
ਵਯੋਮਿੰਗ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

10- ਲਾਂਸ ਸੀ ਪੀ ਐਲ ਡੈਲਨ ਆਰ ਮੇਰੋਲਾ (20)
ਕੈਲੀਫੋਰਨੀਆ ਤੋਂ ਯੂਐਸ ਮਰੀਨ, ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

11- ਲਾਂਸ ਸੀ ਪੀ ਐਲ ਕਰੀਮ ਨਿਕੋਈ (20)
ਕੈਲੀਫੋਰਨੀਆ ਤੋਂ ਇੱਕ ਯੂਐਸ ਮਰੀਨੋ ਦੂਜੀ ਬਟਾਲੀਅਨ, ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ, ਆਈ ਮਰੀਨ ਐਕਸਪੀਡੀਸ਼ਨਰੀ ਫੋਰਸ, ਕੈਂਪ ਪੈਂਡਲਟਨ, ਕੈਲੀਫੋਰਨੀਆ।

12- ਨੇਵੀ ਹਾਸਪਿਟਲਮੈਨ ਮੈਕਸ ਸੋਵੀਕ (22),
ਓਹੀਓ ਤੋਂ ਨੇਵੀ ਮੈਡੀਕ, ਸੋਵੀਆਕ ਨੂੰ ਕੈਲੀਫੋਰਨੀਆ ਦੇ ਕੈਂਪ ਪੇਂਡਲਟਨ ਸਥਿਤ ਪਹਿਲੀ ਸਮੁੰਦਰੀ ਰੈਜੀਮੈਂਟ, ਪਹਿਲੀ ਸਮੁੰਦਰੀ ਡਵੀਜ਼ਨ ਨੂੰ ਨਿਯੁਕਤ ਕੀਤਾ ਗਿਆ ਸੀ।

13- ਸਟਾਫ ਸਾਰਜੈਂਟ ਰਿਆਨ ਨੌਸ (23)
ਟੈਨਿਸੀ ਤੋਂ ਯੂਐਸ ਆਰਮੀ ਦਾ ਸਿਪਾਹੀ, ਕੋਰੀਟਨ ਨਿਵਾਸੀ ਨੌਸ ਨੂੰ ਉੱਤਰੀ ਕੈਰੋਲੀਨਾ ਦੇ ਫੋਰਟ ਬੈਰੈਗ ਵਿੱਚ ਸਥਿਤ 9 ਵੀਂ ਪੀਐਸਵਾਈਓਪੀ ਬਟਾਲੀਅਨ, 8 ਵੀਂ ਪੀਐਸਵਾਈਓਪੀ ਗਰੁੱਪ 'ਚ ਨਿਯੁਕਤ ਕੀਤਾ ਗਿਆ ਸੀ। ਅਮਰੀਕੀ ਸਰਕਾਰ ਨੇ ਇਹਨਾਂ ਸੈਨਿਕਾਂ ਨੂੰ ਸ਼ਰਧਾਂਜਲੀ ਦਿੰਦਿਆਂ , ਪੀੜਤਾਂ ਦੇ ਪਰਿਵਾਰਾਂ ਨਾਲ ਦੁੱਖ ਵੀ ਪ੍ਰਗਟ ਕੀਤਾ ਹੈ।

***ਅਦਾਰਾ 'ਦੇਸ਼ ਦੁਆਬਾ' ਉਪਰੋਕਤ ਸ਼ਹੀਦਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।***

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਸੁਪਰੀਮ ਕੋਰਟ ਦੇ 9 ਜੱਜਾਂ ਨੇ ਸਹੁੰ ਚੁੱਕ ਕੇ ਇਤਿਹਾਸ ਸਿਰਜਿਆ

**ਨਵੀਂ ਦਿੱਲੀ–** ਸੁਪਰੀਮ ਕੋਰਟ ਵਿੱਚ ਉਸ ਵੇਲੇ ਇਤਿਹਾਸ ਸਿਰਜਿਆ ਗਿਆ ਜਦੋਂ ਨੌਂ ਨਵੇਂ ਜੱਜਾਂ ਨੇ ਇਕੋ ਵੇਲੇ ਅਹੁਦੇ ਦੀ ਸਹੁੰ ਚੁੱਕੀ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਸਿਖਰਲੀ ਅਦਾਲਤ ਵਿੱਚ ਜੱਜਾਂ ਦੀ ਕੁੱਲ ਕੰਮਕਾਜੀ ਸਮਰੱਥਾ 33 ਹੋ ਗਈ ਹੈ। ਸੁਪਰੀਮ ਕੋਰਟ ਦੇ ਨਵੇਂ ਜੱਜਾਂ ਵਜੋਂ ਸਹੁੰ ਚੁੱਕਣ ਵਾਲਿਆਂ ਵਿੱਚ ਜਸਟਿਸ ਅਭੈ ਸ੍ਰੀਨਿਵਾਸ ਓਕਾ, ਵਿਕਰਮ ਨਾਥ, ਜਿਤੇਂਦਰ ਸਿੰਘ ਮਹੇਸ਼ਵਰੀ, ਹਿਮਾ ਕੋਹਲੀ ਤੇ ਬੀ.ਵੀ.ਨਾਗਰਤਨਾ ਵੀ ਸ਼ਾਮਲ ਹਨ। ਭਾਰਤ ਦੇ ਚੀਫ਼ ਜਸਟਿਸ ਐੱਨ.ਵੀ.ਰਾਮੰਨਾ ਨੇ ਜਿਨ੍ਹਾਂ ਹੋਰਨਾਂ ਜੱਜਾਂ ਨੂੰ ਅੱਜ ਅਹੁਦੇ ਦਾ ਹਲਫ਼ ਦਿਵਾਇਆ ਉਨ੍ਹਾਂ ਵਿੱਚ ਜਸਟਿਸ ਸੀ.ਟੀ.ਰਵੀਕੁਮਾਰ, ਐੱਮ.ਐੱਮ.ਸੁੰਦਰੇਸ਼, ਬੇਲਾ ਐੱਮ.ਤ੍ਰਿਵੇਦੀ ਤੇ ਪੀ. ਐੱਸ. ਨਰਸਿਮ੍ਹਾ ਵੀ ਸ਼ਾਮਲ ਹਨ। ਇਨ੍ਹਾਂ ਵਿੱਚੋਂ ਜਸਟਿਸ ਨਰਸਿਮ੍ਹਾ ਸੀਨੀਅਰ ਐਡਵੋਕੇਟ ਤੇ ਸਾਬਕਾ ਵਧੀਕ ਸੌਲੀਸਿਟਰ ਜਨਰਲ ਸਨ। ਨਵੀਆਂ ਨਿਯੁਕਤੀਆਂ ਨਾਲ ਭਾਰਤ ਦੇ ਚੀਫ਼ ਜਸਟਿਸ ਸਮੇਤ ਸੁਪਰੀਮ ਕੋਰਟ ਦੇ ਜੱਜਾਂ ਦੀ ਸਮਰੱਥਾ ਵਧ ਕੇ 33 ਹੋ ਗਈ ਹੈ, ਜੋ ਕਿ ਕੁੱਲ ਸਮਰੱਥਾ ਨਾਲੋਂ ਅਜੇ ਵੀ ਇਕ ਘੱਟ ਹੈ। ਨਵਨਿਯੁਕਤ ਨੌਂ ਜੱਜਾਂ ਵਿੱਚੋਂ ਜਸਟਿਸ ਸ੍ਰੀਨਿਵਾਸ ਓਕਾ ਸਭ ਤੋਂ ਸੀਨੀਅਰ ਹਨ।



ਸਿਖਰਲੀ ਅਦਾਲਤ ਵਿੱਚ ਨਿ–ਯੁਕਤੀ ਤੋਂ ਪਹਿਲਾਂ ਉਹ ਕਰਨ–ਾਟਕ ਹਾਈ ਕੋਰਟ ਵਿੱਚ ਚੀਫ਼ ਜਸਟਿਸ ਸਨ। ਉਸ ਤੋਂ ਪਹਿਲਾਂ ਉਹ ਬੰਬੇ ਹਾਈ ਕੋਰਟ ਵਿੱਚ ਜੱਜ ਵੀ ਰਹੇ। ਉਹ ਬੁਨਿਆਦੀ ਹੱਕਾਂ ਤੇ ਨਾਗਰਿਕ ਆਜ਼ਾਦੀ ਦੀ ਸੁਰੱਖਿਆ ਲਈ ਦਿੱਤੇ ਫੈਸ–ਲਿਆਂ ਨੂੰ ਲੈ ਕੇ ਮਕਬੂਲ ਹਨ। ਉਨ੍ਹਾਂ ਕੋਵਿਡ–19 ਮਹਾਮਾਰੀ ਨਾਲ ਜੁੜੇ ਮੁੱਦਿਆਂ ਸਮੇਤ ਪਰਵਾਸੀ ਕਾਮਿਆਂ ਦੇ ਦੁੱਖ ਤਕ–ਲੀਫਾਂ ਬਾਰੇ ਵੀ ਕਈ ਹੁਕਮ ਪਾਸ ਕੀਤੇ ਹਨ। ਜਸਟਿਸ ਵਿਕਰਮ ਨਾਥ ਨੂੰ 10 ਸਤੰਬਰ 2019 ਨੂੰ ਗੁਜਰਾਤ ਹਾਈ ਕੋਰਟ ਦਾ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ ਸੀ। ਉਹ ਸਤੰਬਰ 2004 ਵਿੱਚ ਅਲਾਹਾਬਾਦ ਹਾਈ ਕੋਰਟ ਦੇ ਜੱਜ ਨਿ–ਯੁਕਤ ਹੋਏ ਸਨ। ਜਸਟਿਸ ਸੂਰਿਆ ਕਾਂਤ ਦੀ ਫਰਵਰੀ 2027 ਵਿੱਚ ਸੁਪਰੀਮ ਕੋਰਟ ਦੇ ਜੱਜ ਵਜੋਂ ਸੇਵਾ ਮੁਕਤੀ ਮਗਰੋਂ ਓ ਹ ਸੀਜੇਆਈ ਦੀ ਕਤਾਰ ਵਿੱਚ ਸ਼ਾਮਲ ਹੋ ਸਕਦੇ ਹਨ। ਜਸਟਿਸ ਜਿਤੇਂਦਰ ਸਿੰਘ ਮਹੇਸ਼ਵਰੀ ਸੁਪਰੀਮ ਕੋਰਟ ਵਿੱਚ ਤਾਇਨਾਤੀ ਤੋਂ ਪਹਿਲਾਂ ਸਿੱਕਮ ਹਾਈ ਕੋਰਟ ਦੇ ਚੀਫ਼ ਜਸਟਿਸ ਸਨ। ਉਹ ਨਵੰਬਰ 2005 ਵਿੱਚ ਮੱਧ ਪ੍ਰਦੇਸ਼ ਹਾਈ ਕੋਰਟ ਦੇ ਜੱਜ ਬਣੇ ਤੇ ਅਕਤੂਬਰ 2019 ਵਿੱਚ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਨਿਯੁਕਤ ਹੋਏ। ਜਸਟਿਸ ਹਿਮਾ ਕੋਹਲੀ ਨਵੀਂ ਨਿਯੁਕਤੀ ਤੋਂ ਪਹਿਲਾਂ ਤਿਲੰਗਾਨਾ ਹਾਈ ਕੋਰਟ ਦੇ ਚੀਫ਼ ਜਸਟਿਸ ਸਨ। ਉਨ੍ਹਾਂ ਆਪਣੀ ਐ–ੱਲਐੱਲ.ਬੀ. ਦਿੱਲੀ ਯੂਨੀਵਰਸਿਟੀ ਦੇ ਕੈਂਪਸ ਲਾਅ ਸੈਂਟਰ ਤੋਂ ਕੀਤੀ। ਉਹ ਮਈ 2006 ਵਿੱਚ ਦਿੱਲੀ ਹਾਈ ਕੋਰਟ ਦੇ ਵਧੀਕ ਜੱਜ ਨਿਯੁਕਤ ਹੋਏ ਤੇ 29 ਅਗਸਤ 2007 ਨੂੰ ਪੱਕੇ ਜੱਜ ਵਜੋਂ ਸਹੁੰ ਚੁੱਕੀ। ਉਨ੍ਹਾਂ ਤਿਲੰਗਾਨਾ ਤੇ ਦਿੱਲੀ ਦੀਆਂ ਹਾਈ ਕੋਰਟਾਂ ਵਿੱਚ ਲੋਕਾਂ ਨੂੰ ਕੋਵਿਡ–19 ਕਰਕੇ ਦਰਪੇਸ਼ ਮੁਸ਼ਕਲਾਂ ਬਾਰੇ ਕਈ ਫੈਸਲੇ ਸੁਣਾਏ। ਜਸਟਿਸ ਰਵੀਕੁਮਾਰ ਤੇ ਜਸਟਿਸ ਸੁੰਦਰੇਸ਼ ਕ੍ਰਮਵਾਰ ਕੇਰਲਾ ਹਾਈ ਕੋਰਟ ਤੇ ਮਦਰਾਸ ਹਾਈ ਕੋਰਟ ਦੇ ਜੱਜ ਸਨ। ਜਸਟਿਸ ਤ੍ਰਿਵੇਦੀ ਸੁਪਰੀਮ ਕੋਰਟ ਵਿੱਚ ਜੱਜ ਲੱਗਣ ਤੋਂ ਪਹਿਲਾਂ ਗੁਜਰਾਤ ਹਾਈ ਕੋਰਟ ਦੇ ਜੱਜ ਸਨ। ਸਾਬਕਾ ਵਧੀਕ ਸੌਲੀਸਿਟਰ ਜਨਰਲ ਜਸਟਿਸ ਨਰਸਿਮ੍ਹਾ ਵੀ ਸੀਜੇਆਈ ਬਣਨ ਦੀ ਕਤਾਰ ਵਿੱਚ ਰਹਿਣਗੇ। ਉਨ੍ਹਾਂ ਨੂੰ ਜਸਟਿਸ ਨਾਗਰਤਨਾ ਮਗਰੋਂ ਇਹ ਮੌਕਾ ਮਿਲੇਗਾ। ਉਂਜ ਉਨ੍ਹਾਂ ਦਾ ਸੀਜੇਆਈ ਵਜੋਂ

# ਕਰਨਾਲ ਲਾਠੀਚਾਰਜ ਤੋਂ ਬਾਅਦ ਸੰਘਰਸ ਤੇਜ, ਕਿਸਾਨਾਂ ਵੱਲੋਂ 25 ਸਤੰਬਰ ਨੂੰ 'ਭਾਰਤ ਬੰਦ' ਦਾ ਸੱਦਾ

**ਨਵੀਂ ਦਿੱਲੀ–** ਖੇਤੀ ਕਾਨੂੰਨਾਂ ਖਿਲਾਫ਼ ਅੰਦੋਲਨ ਨੂੰ ਤੇਜ਼ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਨੇ 25 ਸਤੰਬਰ ਨੂੰ 'ਭਾਰਤ ਬੰਦ' ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਅੰਦੋਲਨ ਨੂੰ ਦੇਸ਼ ਦੇ ਕੋਨੇ ਕੋਨੇ ਅਤੇ ਹਰੇਕ ਪਿੰਡ ਵਿੱਚ ਪਹੁੰਚਾਉਣ ਦੇ ਸੰਕਲਪ ਨਾਲ ਹੀ ਆਲ ਇੰਡੀਆ ਕਿਸਾਨ ਕਨਵੈਨਸ਼ਨ ਸਮਾਪਤ ਹੋ ਗਈ। ਮੋਰਚੇ ਵੱਲੋਂ 5 ਸਤੰਬਰ ਦੀ ਮੁਜ਼ੱਫਰਨਗਰ ਰੈਲੀ ਨੂੰ ਵਿਸ਼ਾਲ ਤੇ ਇਤਿਹਾਸਕ ਬਣਾਉਣ ਦਾ ਸੱਦਾ ਵੀ ਦਿੱਤਾ ਗਿਆ। ਕਿਸਾਨ ਕਨਵੈਨਸ਼ਨ ਵਿੱਚ ਦੇਸ਼ ਭਰ ਤੋਂ ਕਿਸਾਨਾਂ, ਖੇਤ–ਮਜ਼ਦੂਰਾਂ, ਟਰੇਡ ਯੂਨੀਅਨਾਂ, ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਕਾਰੋਬਾਰੀ ਸੰਸਥਾਵਾਂ ਦੇ 90 ਬੁਲਾਰਿਆਂ ਤੇ 2000 ਤੋਂ ਵੱਧ ਡੈਲੀਗੇਟਾਂ ਨੇ ਹਿੱਸਾ ਲਿਆ। ਕਨਵੈਨਸ਼ਨ ਦੌਰਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ, ਸਾਰੀਆਂ ਫ਼ਸਲਾਂ ਦੀ ਘੱਟੋ–ਘੱਟ ਸਮਰਥਨ ਮੁੱਲ 'ਤੇ ਖ਼ਰੀਦ ਦੀ ਕਾਨੂੰਨੀ ਗਾਰੰਟੀ ਦੇਣ, ਨਵੇਂ ਬਿਜਲੀ ਬਿੱਲ ਨੂੰ ਰੱਦ ਕਰਨ ਅਤੇ 'ਐਨਸੀਆਰ' ਵਿੱਚ ਹਵਾ ਦੀ ਗੁਣਵੱਤਾ ਦੇ ਨਾਮ 'ਤੇ ਕਿਸਾਨ ਵਿਰੋਧੀ ਮੱਦਾਂ ਰੱਦ ਕਰਨ ਆਦਿ ਮੰਗਾਂ ਸਬੰਧੀ ਬਾਹਵਾਂ ਖੜ੍ਹੀਆਂ ਕਰਕੇ ਮਤੇ ਪਾਸ ਕੀਤੇ ਗਏ। ਕਨਵੈਨਸ਼ਨ ਦੀ ਸਮਾਪਤੀ ਮੌਕੇ ਐਲਾਨ ਕੀਤਾ ਗਿਆ ਕਿ ਕਿਸਾਨ ਅੰਦੋਲਨ ਮੰਗਾਂ ਪੂਰੀਆਂ ਕਰਵਾ ਕੇ ਹੀ ਸਮਾਪਤ ਹੋਵੇਗਾ। ਇਸੇ ਦੌਰਾਨ ਘੱਟ ਗਿਣਤੀਆਂ 'ਤੇ ਫ਼ਿਰਕੂ ਹਮਲੇ, ਦੇਸ਼ ਦੀਆਂ ਕੁਦਰਤੀ ਸੰਪਤੀਆਂ ਤੇ ਜਨਤਕ ਅਦਾਰਿਆਂ ਨੂੰ ਕਾਰਪੋਰੇਟਾਂ ਤੇ ਬਹੁ–ਕੌਮੀ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਅਤੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਵੀ ਮਤੇ ਪਾਏ ਗਏ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਡਾ. ਆਸ਼ੀਸ਼




ਮਿੱਤਲ ਨੇ ਸਿੰਘੂ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਅਸੀਂ 25 ਸਤੰਬਰ ਨੂੰ ਭਾਰਤ ਬੰਦ ਦਾ ਸੱਦਾ ਦੇ ਰਹੇ ਹਾਂ। ਪਿਛਲੇ ਸਾਲ ਕਰੋਨਾ ਵਾਇਰਸ ਦੇ ਬਾਵਜੂਦ ਇਸੇ ਤਰੀਕ ਨੂੰ ਭਾਰਤ ਬੰਦ ਕੀਤਾ ਗਿਆ ਸੀ। ਸਾਨੂੰ ਉਮੀਦ ਹੈ ਕਿ ਇਹ ਸੱਦਾ ਪਿਛਲੇ ਸਾਲ ਨਾਲੋਂ ਵੱਧ ਸਫ਼ਲ ਰਹੇਗਾ।" ਕਨਵੈਨਸ਼ਨ ਦੌਰਾਨ ਕਿਸਾਨਾਂ ਨੂੰ ਯੂਨੀਅਨਾਂ ਦੀਆਂ ਰਾਜ/ਜਿਲ੍ਹਾ ਇਕਾਈਆਂ ਬਣਾਉਣ ਅਤੇ ਸਾਰੀਆਂ ਸਹਿਯੋਗੀ ਸੰਸਥਾਵਾਂ ਦੇ ਨਾਲ ਰਾਜਾਂ ਤੇ ਜ਼ਿਲ੍ਹਿਆਂ ਵਿੱਚ ਕਿਸਾਨ ਮੋਰਚਿਆਂ ਨੂੰ ਜੱਥੇਬੰਦ ਕਰਨ, ਕਾਨਫਰੰਸਾਂ, ਰੈਲੀਆਂ ਤੇ ਟੋਲ ਵਸੂਲੇ ਜਾਣ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਗਿਆ ਅਤੇ ਮੰਗਾਂ ਨੂੰ ਮੰਨਣ ਤੋਂ ਇਨਕਾਰ ਕਰਨ ਦੀ ਸੂਰਤ ਵਿੱਚ ਭਾਜਪਾ ਤੇ ਐੱਨਡੀਏ ਆਗੂਆਂ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ।

**ਪੁਲੀਸ ਲਾਠੀਚਾਰਜ ਕਾਰਨ ਜ਼ਖ਼ਮੀ ਹੋਇਆ ਕਿਸਾਨ ਸ਼ਹੀਦ**

ਹਰਿਆਣਾ ਦੇ ਕਰਨਾਲ ਵਿੱਚ ਬੀਤੇ ਦਿਨੇ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਵਿੱਚ ਜ਼ਖ਼ਮੀ ਹੋਏ ਕਿਸਾਨ ਸੁਸ਼ੀਲ ਕਾਜਲ ਦੀ ਮੌਤ ਹੋ ਗਈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂ ਦਰਸ਼ਨ ਸਿੰਘ ਗੁਰਨੇ ਕਲਾਂ ਵਲੋਂ ਸੋਸ਼ਲ ਮੀਡੀਆ ਜ਼ਰੀਏ ਇਸ ਦੀ ਪੁਸ਼ਟੀ ਕੀਤੀ ਗਈ ਹੈ। ਕਿਸਾਨ ਆਗੂਆਂ ਅਨੁਸਾਰ ਸੁਸ਼ੀਲ ਢਾਈ ਏਕੜ ਜ਼ਮੀਨ ਦਾ ਮਾਲਕ ਸੀ ਤੇ ਕਿਸਾਨੀ ਸੰਘਰਸ਼ ਵਿਚ ਲੰਬੇ ਸਮੇਂ ਤੋਂ ਹਿੱਸਾ ਲੈਂਦਾ ਆ ਰਿਹਾ ਸੀ।

ਕਿਸਾਨ ਜਥੇਬੰਦੀਆਂ ਅਨੁਸਾਰ ਸੁਸ਼ੀਲ ਦਾ ਪਿੰਡ ਰਾਏਪੁਰ ਜਟਾਣਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਦਿੱਲੀ ਤੋਂ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦ ਹੋਏ ਕਿਸਾਨ ਦੀ ਮੌਤ ਸਬੰਧੀ ਸੰਘਰਸ਼ ਲਈ ਹਰਿਆਣਾ ਕਿਸਾਨ ਜਥੇਬੰਦੀ ਨੇ ਮੀਟਿੰਗ ਬੁਲਾਈ ਹੈ, ਜਿਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਉਨ੍ਹਾਂ ਨਾਲ ਗੱਲਬਾਤ ਕਰਕੇ ਅੰਦੋਲਨ ਨੂੰ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲਾਠੀਚਾਰਜ ਲਈ ਭੜਕਾਉਣ ਵਾਲੇ ਐੱਸਡੀਐੱਮ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਮੌਤ ਲਈ ਜ਼ਿੰਮੇਵਾਰੀ ਦਾ ਮਾਮਲਾ ਦਰਜ ਕਰਾਉਣ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੀ ਤਰਜ਼ 'ਤੇ ਹਰਿਆਣਾ ਸਰਕਾਰ ਪਾਸੋਂ ਸ਼ਹੀਦ ਦੇ ਪਰਿਵਾਰ ਲਈ ਦਸ ਲੱਖ ਰੁਪਏ ਮੁਆਵਜ਼ੇ, ਕਰਜ਼ਾ ਮੁਆਫੀ ਅਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੀ ਮੰਗ ਕੀਤੀ ਜਾਵੇਗੀ।








ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਜੋਅ ਬਾਈਡੇਨ ਨੇ ਮਾਰੇ ਗਏ ਅਮਰੀਕੀ ਸੈਨਿਕਾਂ ਨੂੰ ਦਿੱਤੀ ਸ਼ਰਧਾਂਜਲੀ


**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਐਤਵਾਰ ਨੂੰ ਕਾਬੁਲ ਹਵਾਈ ਅੱਡੇ ਹਮਲੇ ਵਿੱਚ ਮਾਰੇ ਗਏ 13 ਅਮਰੀਕੀ ਸੈਨਿਕਾਂ ਦੇ ਮ੍ਰਿਤਕ ਸਰੀਰ ਡੋਵਰ ਏਅਰ ਫੋਰਸ ਬੇਸ ਵਿਖੇ ਪਹੁੰਚਣ 'ਤੇ ਸਨਮਾਨ ਸਹਿਤ ਸ਼ਰਧਾਂਜਲੀ ਦਿੱਤੀ। ਇਸ ਮੌਕੇ ਆਪਣੀ ਪਤਨੀ ਜਿਲ ਬਾਈਡੇਨ ਅਤੇ ਹੋਰ ਅਧਿਕਾਰੀਆਂ ਸਮੇਤ ਜੋਅ ਬਾਈਡੇਨ ਨੇ ਮ੍ਰਿਤਕ ਸੈਨਿਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਵੀ ਕੀਤੀ। ਜਿਕਰਯੋਗ ਹੈ ਕਿ ਇਸ ਹਮਲੇ ਦੇ ਮ੍ਰਿਤਕਾਂ ਦੀ ਉਮਰ 20 ਤੋਂ 31 ਸਾਲ ਤੱਕ ਸੀ ਅਤੇ ਇਹ



ਕੈਲੀਫੋਰਨੀਆ, ਮੈਸੇਚਿਉਸੇਟਸ ਅਤੇ ਕੁੱਝ ਹੋਰ ਰਾਜਾਂ ਤੋਂ ਆਏ ਸਨ। ਇਹਨਾਂ ਵਿੱਚ ਵਯੋਮਿੰਗ ਦਾ ਇੱਕ 20 ਸਾਲਾਂ ਮਰੀਨ ਵੀ ਸ਼ਾਮਲ ਹੈ ਜੋ ਕਿ ਤਿੰਨ ਹਫਤਿਆਂ ਵਿੱਚ ਆਪਣੇ ਪਹਿਲੇ ਬੱਚੇ ਦਾ ਪਿਤਾ ਬਣਨ ਦੀ ਉਮੀਦ ਕਰ ਰਿਹਾ ਸੀ। ਇਸਦੇ ਇਲਾਵਾ ਇੱਕ 22 ਸਾਲਾਂ ਨੇਵੀ ਕਾਰਪਸਮੈਨ ਵੀ ਸ਼ਾਮਲ ਸੀ। ਜੋਅ ਬਾਈਡੇਨ ਨੇ ਇਹਨਾਂ 13 ਸਰਵਿਸ ਮੈਂਬਰਾਂ ਨੂੰ ਹੀਰੋ ਦੱਸਿਆ ਅਤੇ ਉਹਨਾਂ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ।

ਇਸ ਏਅਰ ਬੇਸ 'ਤੇ ਜੋਅ ਬਾਈਡੇਨ ਰਾਸ਼ਟਰਪਤੀ ਵਜੋਂ ਸੈਨਿਕਾਂ ਦੇ ਮ੍ਰਿਤਕ ਸਰੀਰ ਦੀ ਸਨਮਾਨ ਸਹਿਤ ਵਾਪਸੀ ਰਸਮਾਂ ਲਈ ਸ਼ਾਮਲ ਹੋਏ ਜਦਕਿ ਉਹ ਇਸ ਤੋਂ ਪਹਿਲਾਂ ਹੋਰ ਰਾਸ਼ਟਰਪਤੀਆਂ ਨਾਲ ਅਜਿਹੇ ਸਨਮਾਨਜਨਕ ਸ਼ਰਧਾਂਜਲੀ ਮੌਕਿਆਂ ਵਿੱਚ ਸ਼ਾਮਲ ਹੋਏ ਹਨ।

# ਅਮਰੀਕਾ ਵਿੱਚ ਰਮਨ ਕੌਰ ਸਿੱਧੂ ਨੇ ਚਮਕਾਇਆ ਪੰਜਾਬੀਆਂ ਦਾ ਨਾਮ



**ਫਰਿਜ਼ਨੋ (ਕੈਲੀਫੋਰਨੀਆ)**– ਵਿਦੇਸ਼ਾਂ ਵਿੱਚ ਪੰਜਾਬੀ ਨਵੀਂਆਂ ਮੱਲਾਂ ਮਾਰਕੇ ਦੁਨੀਆਂ ਭਰ ਵਿੱਚ ਪੰਜਾਬੀਆਂ ਦਾ ਨਾਮ ਚਮਕਾ ਰਹੇ ਹਨ। ਇਸੇ ਕੜੀ ਤਹਿਤ ਲੇਖਕ ਜਗਤਾਰ ਸਿੰਘ ਗਿੱਲ (ਪੁਰਾਣੇਵਾਲ) ਦੀ ਭਾਣਜੀ ਰਮਨ ਕੌਰ ਸਿੱਧੂ ਨੇ ਛੇ ਸਾਲ ਦੀ ਪੜਾਈ ਖਤਮ ਮਗਰੋਂ ਸਖ਼ਤ ਮਿਹਨਤ ਕਰਕੇ ਯੂ. ਐਸ. ਨੇਵੀ ਵਿੱਚ ਕਮਿਸ਼ਨ ਹਾਸਲ ਕਰ ਲਿਆ ਹੈ। ਇਸ ਮੌਕੇ ਖੁਸ਼ੀ ਵਿੱਚ ਖੀਵੇ ਮਾਪਿਆ ਪਿਤਾ ਕਰਨੈਲ ਸਿੰਘ ਸਿੱਧੂ ਅਤੇ ਮਾਤਾ ਮਨਜੀਤ ਕੌਰ ਸਿੱਧੂ ਨੂੰ ਹਰ ਪਾਸਿਓਂ ਵਧਾਈਆ ਮਿਲ ਰਹੀਆਂ ਹਨ। ਰਮਨ ਕੌਰ ਸਿੱਧੂ ਦੀ ਇਸ ਪ੍ਰਾਪਤੀ ਲਈ ਅਮਰੀਕਾ ਦਾ ਪੰਜਾਬੀ ਭਾਈਚਾਰਾ ਮਾਣ ਮਹਿਸੂਸ ਕਰ ਰਿਹਾ ਹੈ।ਰਮਨ ਕੌਰ ਸਿੱਧੂ ਨੇ ਸਾਡੀ ਨਵੀਂ ਪੀੜੀ ਲਈ ਪੂਰਨਾ ਵੀ ਪਾਇਆ ਕਿ ਕੁੜੀਆਂ ਮੁੰਡਿਆ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈਗੀਆ, ਸਗੋਂ ਦੇਸ਼ ਕੌਮ ਦੀ ਸੇਵਾ ਲਈ ਬਰਾਬਰ ਯੋਗਦਾਨ ਪਾਉਂਦੀਆਂ ਹਨ।

# ਲੂਈਸਿਆਨਾ 'ਚ ਤੂਫਾਨ ਇਡਾ ਕਾਰਨ ਹੋਈ ਮੌਤ ਤੇ ਸੈਂਕੜੇ ਘਰਾਂ ਦੀ ਬਿਜਲੀ ਬੰਦ



**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕੀ ਸੂਬੇ ਲੂਈਸਿਆਨਾ ਵਿੱਚ ਐਤਵਾਰ ਨੂੰ ਜਬਰਦਸਤ ਤੂਫਾਨ ਇਡਾ ਨੇ ਦਸਤਕ ਦਿੱਤੀ ਹੈ। ਇਸ ਤੂਫਾਨ ਨੇ ਭਾਰੀ ਤਬਾਹੀ ਮਚਾਉਂਦਿਆਂ 1 ਵਿਅਕਤੀ ਦੀ ਜਾਨ ਲੈ ਲਈ ਹੈ ਅਤੇ ਸੈਂਕੜੇ, ਹਜ਼ਾਰਾਂ ਘਰਾਂ ਦੀ ਬਿਜਲੀ ਨੂੰ ਵੀ ਬੰਦ ਕੀਤਾ ਹੈ। ਸੂਬਾ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੂਫਾਨ ਇਡਾ ਕਾਰਨ ਇੱਕ 60 ਸਾਲਾਂ ਵਿਅਕਤੀ ਦੀ ਦਰਖ਼ਤ ਨਾਲ ਡਿੱਗਣ ਕਾਰਨ ਮੌਤ ਹੋ ਗਈ ਹੈ। ਇਹ ਮੌਤ ਦੀ ਘਟਨਾ ਅਸੈਂਸ਼ਨ ਪੈਰਿਸ, ਨਿਊ ਓਰਲੀਨਜ਼ ਦੇ ਉੱਤਰ -ਪੱਛਮ ਵਿੱਚ ਦਰਜ ਕੀਤੀ ਗਈ ਹੈ। ਐਤਵਾਰ ਨੂੰ ਇਡਾ ਨੇ ਰਾਜ ਦੇ ਸਮੁੰਦਰੀ ਕੰਢੇ 'ਤੇ ਖਤਰਨਾਕ ਸ਼ਰੇਣੀ 4 ਦੇ ਤੂਫਾਨ ਵਜੋਂ 150 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦਸਤਕ ਦਿੱਤੀ। ਇਹ ਤੂਫਾਨ ਸੂਬੇ ਦੇ ਅੰਦਰੂਨੀ ਖੇਤਰਾਂ ਵਿੱਚ ਘੁੰਮਦਾ ਰਿਹਾ ਅਤੇ ਇਸਨੇ ਫਿਰ ਸ਼ਰੇਣੀ 2 ਵਜੋਂ ਨਿਊ ਓਰਲੀਨਜ਼ ਨੂੰ 30 ਮੀਲ ਦੀ ਰਫ਼ਤਾਰ ਨਾਲ ਪਾਰ ਕੀਤਾ। ਇਸ ਤੂਫਾਨ ਕਾਰਨ ਨਿਊ ਓਰਲੀਨਜ਼ ਦੇ ਨਿਵਾਸੀਆਂ ਨੂੰ ਬਿਜਲੀ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪਿਆ।

ਅਧਿਕਾਰੀਆਂ ਅਨੁਸਾਰ ਜੇਫਰਸਨ ਪੈਰਿਸ ਖੇਤਰ ਦਾ ਲਗਭਗ 97 ਪ੍ਰਤੀਸ਼ਤ ਹਿੱਸਾ ਬਿਜਲੀ ਤੋਂ ਰਹਿਤ ਸੀ ਕਿਉਂਕਿ ਬਿਜਲੀ ਟਾਵਰ ਮਿਸੀਸਿਪੀ ਨਦੀ ਵਿੱਚ ਡਿੱਗ ਗਿਆ ਸੀ। ਅਮਰੀਕਾ ਵਿੱਚ ਬਿਜਲੀ ਸਪਲਾਈ ਨੂੰ ਟਰੈਕ ਕਰਨ ਵਾਲੀ ਇੱਕ ਵੈੱਬਸਾਈਟ ਅਨੁਸਾਰ ਇਡਾ ਕਾਰਨ ਦੋ ਸਟੇਟਾਂ ਲੂਈਸਿਆਨਾ ਅਤੇ ਮਿਸੀਸਿਪੀ ਵਿੱਚ 1 ਮਿਲੀਅਨ ਤੋਂ ਵੱਧ ਲੋਕ ਬਿਜਲੀ ਬੰਦ ਤੋਂ ਪ੍ਰਭਾਵਿਤ ਹੋਏ।

# ਅਮਰੀਕਾ ਦੇ 12 ਰਾਜਾਂ ਦੀ ਮਨੁੱਖੀ ਤਸਕਰੀ ਖਿਲਾਫ ਮੁਹਿੰਮ ਵਿੱਚ 100 ਤੋ ਵੱਧ ਗ੍ਰਿਫ਼ਤਾਰ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ 12 ਸੂਬਿਆਂ ਵੱਲੋਂ ਤਾਲਮੇਲ ਪੈਦਾ ਕਰਕੇ ਮਨੁੱਖੀ ਤਸਕਰੀ ਵਿਰੁੱਧ ਚਲਾਈ ਮੁਹਿੰਮ ਵਿੱਚ 100 ਤੋਂ ਜਿਆਦਾ ਦੋਸ਼ੀ ਗ੍ਰਿਫ਼ਤਾਰ ਕੀਤੇ ਗਏ ਹਨ। ਇਸਦੇ ਇਲਾਵਾ ਇਸ ਕਾਰਵਾਈ ਦੀ ਮਦਦ ਨਾਲ ਮਨੁੱਖੀ ਤਸਕਰੀ ਦੇ ਤਕਰੀਬਨ 47 ਪੀੜਤਾਂ ਨੂੰ ਬਚਾਇਆ ਵੀ ਗਿਆ। ਇਸ ਕਾਰਵਾਈ ਸਬੰਧੀ ਮਿਜ਼ੂਰੀ ਦੇ ਪੁਲਿਸ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਮਨੁੱਖੀ ਤਸਕਰੀ ਨਾਲ ਨਜਿੱਠਣ ਲਈ 12 ਰਾਜਾਂ ਦੀ ਸਾਂਝੀ ਕੋਸ਼ਿਸ਼ ਦੇ ਹਿੱਸੇ ਵਜੋਂ ਅਧਿਕਾਰੀਆਂ ਨੇ 102 ਗ੍ਰਿਫ਼ਤਾਰੀਆਂ ਕੀਤੀਆਂ ਅਤੇ 47 ਪੀੜਤਾਂ ਨੂੰ ਬਚਾਇਆ ਅਤੇ ਜਿਆਦਾਤਰ ਗ੍ਰਿਫ਼ਤਾਰੀਆਂ ਵੀਰਵਾਰ ਰਾਤ ਤੋਂ ਸ਼ੁੱਕਰਵਾਰ ਸਵੇਰ ਤੱਕ ਹੋਈਆਂ ਹਨ। ਅਧਿਕਾਰੀਆਂ ਵੱਲੋਂ ਇਹ ਗ੍ਰਿਫ਼ਤਾਰੀਆਂ ਮਹੀਨਿਆਂ ਦੀ ਜਾਂਚ ਤੋਂ ਬਾਅਦ ਕੀਤੀਆਂ ਗਈਆਂ ਹਨ। "ਆਪਰੇਸ਼ਨ ਯੂਨਾਈਟਿਡ ਫਰੰਟ" ਨਾਮ ਦੀ ਇਸ ਮੁਹਿੰਮ ਨੂੰ ਅਮਰੀਕੀ ਸੂਬਿਆਂ ਮਿਜ਼ੂਰੀ, ਇਲੀਨੋਏ, ਆਇਓਵਾ, ਕੇਂਟਕੀ, ਮਿਨੇਸੋਟਾ, ਨੇਬਰਾਸਕਾ, ਨੌਰਥ ਡਕੋਟਾ, ਓਕਲਾਹੋਮਾ, ਟੈਨੇਸੀ, ਟੈਕਸਾਸ, ਵਿਸਕਾਨਸਿਨ ਅਤੇ ਸਾਊਥ ਡਕੋਟਾ ਵਿੱਚ ਚਲਾਇਆ ਗਿਆ ਸੀ। ਇਸ ਅਪਰੇਸ਼ਨ ਵਿੱਚ ਫੈਡਰਲ, ਰਾਜ ਅਤੇ ਸਥਾਨਕ ਏਜੰਸੀਆਂ ਦੇ ਅੰਡਰਕਵਰ ਅਧਿਕਾਰੀਆਂ ਨੇ ਤਸਕਰਾਂ ਦੀ ਪਛਾਣ ਕਰਨ ਲਈ ਸੰਭਾਵਿਤ ਪੀੜਤਾਂ ਨਾਲ ਮੀਟਿੰਗਾਂ ਕੀਤੀਆਂ ਅਤੇ ਕਈ ਮੌਕਿਆਂ 'ਤੇ ਤਾਂ ਅਧਿਕਾਰੀ ਖੁਦ ਪੀੜਤਾਂ ਵਜੋਂ ਪੇਸ਼ ਹੋਏ। ਬਚਾਏ ਗਏ 47 ਲੋਕਾਂ ਵਿੱਚੋਂ ਦੋ ਨਾਬਾਲਗ ਸਨ ਅਤੇ ਉਹਨਾਂ ਨੂੰ ਕੇਂਟਕੀ ਵਿੱਚ ਬਚਾਇਆ ਗਿਆ।




# ਅਮਰੀਕੀ ਹਿਰਨ 'ਚ ਆਇਆ ਦੁਨੀਆਂ ਦਾ ਪਹਿਲਾ ਕੋਵਿਡ ਮਾਮਲਾ

**ਫਰਿਜ਼ਨੋ (ਕੈਲੀਫੋਰਨੀਆ)**– ਕੋਰੋਨਾ ਵਾਇਰਸ ਨੇ ਮਨੁੱਖਾਂ ਦੇ ਨਾਲ ਕੁੱਝ ਜਾਨਵਰਾਂ ਨੂੰ ਵੀ ਪੀੜਤ ਕੀਤਾ ਹੈ। ਇਹਨਾਂ ਜਾਨਵਰਾਂ ਵਿੱਚ ਬਾਂਦਰ, ਚਿਪੈਂਜੀ , ਗੁਰਿੱਲੇ, ਬਾਘ ਆਦਿ ਸ਼ਾਮਲ ਹਨ। ਪਰ ਹੁਣ ਅਮਰੀਕਾ ਦੇ ਇਰਨਾਂ ਦੇ ਕੋਵਿਡ ਪੀੜਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਸਬੰਧੀ ਅਮਰੀਕਾ ਦੀ ਸਰਕਾਰ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਨੇ ਇਰਨਾਂ ਵਿੱਚ ਕੋਵਿਡ -19 ਦੇ ਵਿਸ਼ਵ ਦੇ ਪਹਿਲੇ ਕੇਸ ਦੀ ਪੁਸ਼ਟੀ ਕੀਤੀ ਹੈ, ਜਿਸ ਨਾਲ ਇਸ ਬਿਮਾਰੀ ਲਈ ਪਾਜੇਟਿਵ ਟੈਸਟ ਕੀਤੇ ਜਾਣ ਵਾਲੇ ਜਾਨਵਰਾਂ ਦੀ ਸੂਚੀ 'ਚ ਵਾਧਾ ਹੋਇਆ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ (ਯੂ ਐਸ ਡੀ ਏ) ਨੇ ਓਹੀਓ ਸਟੇਟ ਵਿੱਚ ਜੰਗਲੀ ਚਿੱਟੀ-ਪੂਛ ਵਾਲੇ ਹਿਰਨ ਵਿੱਚ ਸਾਰਸ-ਕੋਵ -2, ਵਾਇਰਸ ਜੋ ਕੋਵਿਡ -19 ਦਾ ਕਾਰਨ ਬਣਦਾ ਹੈ, ਦੇ ਸੰਕਰਮਣ ਦੀ ਰਿਪੋਰਟ ਦਿੱਤੀ ਹੈ। ਯੂ ਐਸ ਡੀ ਏ ਨੇ ਕਿਹਾ ਕਿ ਕੋਰੋਨਾ ਨਾਲ ਪ੍ਰਭਾਵਿਤ ਹਿਰਨ 'ਚ ਲਾਗ ਦੇ ਲੱਛਣ ਦਿਖਾਉਣ ਦੀ ਕੋਈ ਰਿਪੋਰਟ ਨਹੀਂ ਸੀ। ਯੂ ਐਸ ਡੀ ਏ ਨੇ ਇਸ ਤੋਂ ਪਹਿਲਾਂ ਕੁੱਤਿਆਂ, ਬਿੱਲੀਆਂ, ਬਾਘਾਂ, ਸ਼ੇਰਾਂ, ਚੀਤਿਆਂ, ਗੋਰਿੱਲੇ ਅਤੇ ਮਿੰਕਸ ਆਦਿ ਜਾਨਵਰਾਂ ਵਿੱਚ ਵੀ ਕੋਵਿਡ -19 ਦੀ ਰਿਪੋਰਟ ਦਿੱਤੀ ਹੈ। ਵਿਭਾਗ ਦੀ ਪਿਛਲੇ ਮਹੀਨੇ ਦੀ ਰਿਪੋਰਟ ਅਨੁਸਾਰ ਇਲੀਨੋਏ, ਮਿਸ਼ੀਗਨ, ਨਿਊਯਾਰਕ ਅਤੇ ਪੈਨਸਿਲਵੇਨੀਆ ਵਿੱਚ ਚਿੱਟੀ-ਪੂਛ ਵਾਲੀ ਇਰਨਾਂ ਦੀ ਆਬਾਦੀ ਸਾਰਸ-ਸੀਓਵੀ -2 ਦੇ ਸੰਪਰਕ ਵਿੱਚ ਆਈ ਸੀ ਅਤੇ ਓਹੀਓ ਸਟੇਟ ਯੂਨੀ-ਵਰਸਿਟੀ ਕਾਲਜ ਆਫ ਵੈਟਰਨਰੀ ਮੈਡੀਸਨ ਨੇ ਚੱਲ ਰਹੇ ਅਧਿਐਨਾਂ ਦੇ ਹਿੱਸੇ ਵਜੋਂ ਜਨਵਰੀ ਤੋਂ ਮਾਰਚ ਤੱਕ ਓਹੀਓ ਵਿੱਚ ਸੰਕਰਮਿਤ ਹਿਰਨ ਦੇ ਨਮੂਨੇ ਇਕੱਠੇ ਕੀਤੇ ਸਨ। ਇਹ ਨਮੂਨੇ ਯੂਨੀਵਰਸਿਟੀ ਦੇ ਟੈਸਟਾਂ ਵਿੱਚ ਕੋਵਿਡ -19 ਲਈ ਪਾਜੇਟਿਵ ਮੰਨੇ ਗਏ ਸਨ ਅਤੇ ਯੂ ਐਸ ਡੀ ਏ ਦੀ ਰਾਸ਼ਟਰੀ ਵੈਟਰਨਰੀ ਸੇਵਾਵਾਂ ਪ੍ਰਯੋਗਸ਼ਾਲਾਵਾਂ ਵਿੱਚ ਕੇਸ ਦੀ ਪੁਸ਼ਟੀ ਕੀਤੀ ਗਈ ਸੀ।






NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

## Bahujan Samaj to follow the principles of the

# "Ad Dharm Movement"

**Prem K. Chumber**
**Editor-in-Chief: Ambedkar Times / Desh Doaba**

ahib Shri Kanshi Ram was born on March 15, 1934, in Khawas Pur village of Ropar District of Punjab (India). He was the eldest of eight siblings. He belonged to the Ramdassia (Ad Dharmi/Mulnivasi) community of the Scheduled Caste group, which is the largest group in Punjab. He was named Kanshi because after his birth the midwife placed him in a tray made of Kansa metal. His father owned some land and his uncles were in the armed forces. In Sahib Shri Kanshi Ram's own words, "I was born and brought up amongst those who sacrificed themselves but never betrayed the country..." Despite his low caste background, he earned a bachelor's degree in science from the Government College at Ropar (Punjab).

His upbringing was modest. During his education years there was nothing special about him to suggest that he would mature into great social revolutionary. It was only after he took up a government job in the western Indian state of Maharashtra that he began to be influenced by the writings and life of Baba Sahib Dr. Bhimrao Ramji Ambedkar who voiced the concerns of India's low caste community and worked hard throughout his life for their empowerment. Soon after his graduation, Sahib Shri Kanshi Ram Ji joined the research staff of Kirki's Explosive Research and Development Laboratory (ERDL) in Pune 1957. While working in Pune, he quit his job after becoming involved in the famous Deena Bhana case. Shri Deena Bhana, a Rajasthani Scheduled Caste employee and senior colleague of Sahib Shri Kanshi Ram Ji was suspended. His fault was that he protested against the decision of ERDL management for the cancellation of holidays for Baba Sahib Dr. B. R. Ambedkar and Lord Buddha Jayantis and their replacement by the Tilak Jayanti and one additional holiday for Diwali. Sahib Shri Kanshi Ram Ji decided to fight against such a caste ridden and dictatorial behavior of the management. The fighter in Sahib Shri Kanshi Ram got the suspension orders of Shri Deena Bhana revoked and Dr. Ambedkar and Lord Buddha Jayantis holidays were restored.

This was the beginning of the long battle for the emancipation of the Dalits in the country that Sahib Shri Kanshi Ram had to lead till his last breath. He resigned from his job and totally dedicated his entire life for the cause of the community. He never married nor visited his home since then. His struggle was not for the home and family. He devised a new strategy to regain the lost glory of the original (Adi) inhabitants of Bharat (India). He gave utmost importance to the culture of work and democratic method of struggle. He also expanded the circle of the Dalits by incorporating other Backward Classes and Minorities into it.

He criticized the post-Ambedkar leadership of Dalits in India. For that he declared "Poona Pact" as the main reason. He said that "Poona Pact" made Dalits helpless. By rejecting separate electorate, Dalits were deprived of their genuine representation in legislatures. Several and various kind of Chamchas were born in the last fifty years. As and when India's so called high caste Hindu rulers felt the need of Chamchas and when the authority of the upper castes got endangered by real and genuine Dalit leaders, Chamchas were brought to the fore in all other fields".

In his "The Chamcha Age", a well-argued and polemical tirade against the pseudo Dalit leaders, Sahib Shri Kanshi Ram Ji sharpen the contradiction for the legitimate acquisition of political power by the downtrodden in electoral democracy in India. In, the Chamcha Age, "he focused very much on the Poona Pact which was a point of a rather decisive Gandhian victory over Dr. Ambedkar after a long duel between the two at the Round Table Conference". In the mid-1960s, Sahib Kanshi Ram Ji began to organize Dalit government employees to fight against what he saw as the deeply entrenched prejudice of higher caste peoples. It was around this time that he decided that he would not marry and dedicate his life to the cause of Dalit improvement. Finally he decided play a crucial role in the politics of the country.

The result was, Sahib Shri Kanshi Ram Ji launched his first organization on December 6th, 1978: All India Backward (SC, ST, OBC) and Minority Communities' Employees' Federation, popularly known as BAMCEF. Three years later, on December 6th 1981, Sahib Shri Kanshi Ram Ji founded another organization: DS-4 (Dalit Shoshit Samaj Sangarsh Samiti) and on April 14th, 1984, Sahib Shri Kanshi Ram Ji announced the formation of the Bahujan Samaj Party (the Common Man's Party). As a politician, he became very popular among his people, who found a new hope and vision in his style of functioning and sincerity. Suddenly he became a national figure. He was a master strategist and a meticulous organizer. He used his strengths to carve out a niche for Dalits. This was done by deploying an often combative and aggressive strategy, with virulent attacks on other political parties which he claimed only represented the interests of higher caste Hindus. He was sharply different from other politicians of the mainstream. He used to communicate before he spoke.

In 1996 Sahib Shri Kanshi Ram Ji elected to the Lok Sabha from the Hoshiarpur constituency, from where 50 years ago Great Ghadri Baba Babu Mangu Ram Mugowalia Ji founder of the "Ad Dharm Movement" had been returned to the Punjab assembly in 1946.

Interestingly, it was at Hoshiarpur, the strong hold of "Ad Dharm" that the BSP celebrated the 75th year of the "Ad Dharm Movement" on February 18th, 2001. On this occasion Sahib Shri Kanshi Ram Ji exhorted the Bahujan Samaj to follow the principles of the "Ad Dharm Movement" of which the BSP has now become the torch-bearer.

He was one of the few great leaders of Independent India who actually expanded the limits of Dalit politics. His political vision was never confined to Scheduled Castes only, as is often thought about him.

All of the political organizations he founded were meant for the downtrodden of all sorts – SC, ST, OBC and Minorities. It would not be an exaggeration to say that he was the one who took a lead in making Indian democracy more competitive and practically open to the Dalit-Bahujan Samaj.

# ਬਸਪਾ ਦੀ ਫਗਵਾੜਾ ਰੈਲੀ ਦੇ ਸੰਦਰਭ ਵਿੱਚ (ਅੱਖੀਂ ਡਿੱਠਾ ਹਾਲ ਤੇ ਅਨੁਭਵ)

## ਸਮਝੌਤਿਆਂ ਦੀ 'ਰਾਜਨੀਤੀ' ਤੇ ਰਾਜਸੱਤਾ

**ਜੀਵਨ ਝਾਤ ਜਸਵੀਰ ਸਿੰਘ ਗੜ੍ਹੀ**

ਜਵਾਨੀ ਦੀ ਦਹਿਲੀਜ ਤੇ ਵਿਦਿਆਰਥੀ ਹੁੰਦੇ ਹੋਏ, ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨ ਨਾਲ ਜੁੜੇ ਹੋਏ, ਬੁੱਧੀਮਾਨ ਸ਼ਖਸ਼ੀਅਤ ਸ: ਜਸਵੀਰ ਸਿੰਘ ਗੜ੍ਹੀ ਨੂੰ ਬਸਪਾ ਸੁਰਪਰੀਮੋ ਵਲੋਂ 3 ਜੂਨ 2019 ਨੂੰ 39 ਸਾਲ ਦੀ ਉਮਰ 'ਚ ਪਾਰਟੀ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ। ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ 'ਚ ਪੈਂਦੇ ਪਿੰਡ ਗੜ੍ਹੀ ਕਾਨੂੰਗੋ ਦੇ ਵਸਨੀਕ ਸ: ਜਸਵੀਰ ਸਿੰਘ ਗੜ੍ਹੀ ਨੇ ਐਮ.ਏ. ਪਬਲਿਕ ਐਡਮਨਿਸਟ੍ਰੇਸ਼ਨ ਅਤੇ ਡਿਪਲੋਮਾ ਇਨ ਵੈਟਰਨਰੀ ਸਾਇੰਸ ਨੇ 31 ਮਈ 2019 ਨੂੰ ਪਸੂ ਪਾਲਣ ਵਿਭਾਗ ਵਿੱਚ ਬਤੌਰ ਇਨਸਪੈਕਟਰ ਪਦ ਤੋਂ ਅਸਤੀਫਾ ਦੇ ਕੇ ਪਾਰਟੀ ਦੇ ਸਮਰਪਿਤ ਜੁਝਾਰੂ ਆਗੂ ਬਣ ਗਏ। ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨਰੀ ਆਗੂ ਇੱਕ 'ਚੰਗੇ ਰਾਜਨੀਤਿਕ ਕਿਰਦਾਰ' ਦੀ ਨਿਸ਼ਾਨੀ ਵਜੋਂ ਪ੍ਰਵਾਨ ਹੋ ਰਹੇ ਇਸ ਆਗੂ ਦੀ ਮਿਸ਼ਨ, ਪੰਜਾਬ ਦੇ ਭਵਿੱਖ, ਇਤਿਹਾਸ ਬਾਰੇ ਇਨੀ ਸਮਝ ਹੈ ਕਿ ਉਹ ਪਿਛਲੇ 5 ਹਜਾਰ ਸਾਲਾਂ ਦਾ ਇਤਿਹਾਸ ਲਗਾਤਾਰ 5 ਘੰਟੇ ਦੇ ਕੇਡਰ ਕੈਂਪ ਲਗਾਉਣ ਕਾਰਨ ਹੀ ਉਹ ਬਸਪਾ ਪ੍ਰਧਾਨ ਦੀ ਸਿਖਰਲੀ ਪੌੜੀ ਤੇ ਚੜ੍ਹ ਸਕਿਆ। ਹੁਣ ਦੁਆਬੇ ਦੀ ਧਰਤੀ ਦਾ ਦਿਲ ਸਮਝੇ ਜਾਂਦੇ ਕਪੂਰਥਲਾ ਜਿਲ੍ਹੇ ਦੇ ਅਧੁਨਿਕ ਫਗਵਾੜਾ ਵਿਖੇ ਕੇਂਦਰੀ ਲੀਡਰਸ਼ਿਪ ਦੀ ਹਾਜਰੀ 'ਚ ਪਾਰਟੀ ਦੇ ਨੌਜਵਾਨ ਆਗੂ ਤੇ ਭਵਿੱਖ ਦੇ ਮਾਇਆਵਤੀ ਦੇ ਵਾਰਸ ਵਜੋਂ ਚਰਚਿਤ ਅਕਾਸ਼ ਅਨੰਦ ਵਲੋਂ ਫਗਵਾੜਾ ਤੋਂ ਲੱਗਾ ਬਸਪਾ ਤੇ ਅਕਾਲੀ ਵਰਕਰਾਂ ਦੀ ਹਾਜਰੀ ਚੋਂ ਐਲਾਨ ਕਰਨਾ ਸਾਲ 2022 'ਚ ਹੋਣ ਵਾਲੀਆਂ ਵਿਧਾਨ ਸਭਾ ਲਈ ਪਾਰਟੀ ਵਲੋਂ ਪੰਜਾਬ ਪ੍ਰਤੀ ਪਹਿਲੀ ਵਾਰ ਦਿਖਾਈ ਜਾ ਰਹੀ ਗੰਭੀਰਤਾ ਨੂੰ ਵੀ ਦਰਸਾਉਂਦੀ ਹੈ। ਗਠਜੋੜ ਦੇ ਮੁੱਖ ਮੰਤਰੀ ਦੇ ਚੇਹਰੇ ਵਜੋਂ ਪ੍ਰਚਾਰੇ ਗਏ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਵੀ ਸ: ਗੜ੍ਹੀ ਦੀ ਮਿਹਨਤ ਨੂੰ ਸਲਾਮ ਕਰਦੇ ਥਾਪੜਾ ਦਿੱਤਾ ਤੇ ਸਮਝਿਆ ਜਾਂਦਾ ਹੈ ਕਿ ਜੇਕਰ ਗਠਜੋੜ ਦੀ ਸਰਕਾਰ ਬਣਦੀ ਹੈ ਤਾਂ ਚਰਚਾ ਹੈ ਕਿ ਸ: ਗੜ੍ਹੀ ਹੀ ਉੱਪ ਮੁੱਖ ਮੰਤਰੀ ਹੋਣਗੇ, ਨਤੀਜਾ ਭਾਵੇਂ ਕੁਝ ਵੀ ਹੋਵੇ ਪਰ ਰਾਜਨੀਤੀ ਦੀ ਪਰਿਭਾਸ਼ਾ ਹੀ ਹੈ ਕਿ ਇਹ ਸੰਭਾਵਨਾਵਾਂ ਦੀ ਖੇਡ ਹੈ। ਹਾਲ ਦੀ ਘੜੀ ਸਭ ਪਾਸੇ ਜਸਵੀਰ ਸਿੰਘ ਗੜ੍ਹੀ ਹੀ ਗੜ੍ਹੀ ਹੈ।








**ਸੰਤੋਖ ਸਿੰਘ ਜੱਸੀ**
**91-70876–19800**

**ਕਿਸਾਨ ਅੰਦੋਲਨ ਦਰਮਿਆਨ ਬੀ.ਐਸ.ਪੀ.**

ਪੰਜਾਰ, ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ ਤੇ ਦੇਸ਼ ਦੇ ਵੱਖ-ਵੱਖ ਕੋਨਿਆਂ ਚ ਤਿੰਨ ਕਾਨੂੰਨਾਂ ਨੂੰ ਰੱਦ ਕਰਨ ਲਈ ਚੱਲ ਰਹੇ ਅੰਦੋਲਨ ਲਈ ਜਿੱਥੇ ਬੀ.ਐਸ.ਪੀ ਪਹਿਲੇ ਦਿਨ ਤੋਂ ਕਿਸਾਨਾਂ ਦਾ ਸਮਰਥਨ ਕਰ ਰਹੀ ਹੈ, ਉੱਥੇ ਮਾਇਆਵਤੀ ਵਲੋਂ ਸਮੇਂ ਸਮੇਂ ਤੇ ਪ੍ਰੈੱਸ ਕਾਨਫਰੰਸਾਂ ਤੇ ਟਵੀਟਰਾਂ ਆਦਿ ਦੇ ਜਰੀਏ ਤੇ ਪਾਰਟੀ ਦੇ 14 ਸੰਸਦਾਂ ਵਲੋਂ ਕਿਸਾਨਾਂ ਦੇ ਨਾਲ ਖੜੀ ਨਜਰ ਆਉਂਦੀ ਹੈ। ਪੰਜਾਬ ਵਿੱਚ 'ਨਵਾਂ ਸਾਲ ਕਿਸਾਨਾਂ ਨਾਲ' ਸ: ਜਸਵੀਰ ਸਿੰਘ ਗੜ੍ਹੀ ਦੀ ਅਗਵਾਈ 'ਚ ਮਨਾਇਆ ਗਿਆ। 29 ਅਗਸਤ ਦੀ ਰੈਲੀ ਦੌਰਾਨ ਵੀ ਕਿਸਾਨਾਂ ਵਲੋਂ ਹਰਿਆਣਾ ਵਿੱਚ ਹੋਏ ਪੁਲਿਸ ਤਸ਼ੱਦਦ ਖਿਲਾਫ 12 ਵਜੇ ਤੋਂ 2 ਵਜੇ ਤੱਕ ਪੰਜਾਬ ਬੰਦ ਕੀਤਾ ਹੋਇਆ ਸੀ, ਕਾਰਨ ਕਰਕੇ 2:30 ਵਜੇ ਰੈਲੀ ਦੀ ਬਕਾਇਦਾ ਸ਼ੁਰੂਆਤ ਕੀਤੀ ਗਈ।

**ਪੰਜਾਬ 'ਚ ਪਹਿਲਾ ਗਠਜੋੜ ਬਣਿਆ**

(ਬਾਕੀ ਸਫਾ 26 'ਤੇ)

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਗਵਾੜਾ ਤੋਂ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਹੋਣਗੇ ਉਮੀਦਵਾਰ

## ਬਸਪਾ ਤੇ ਅਕਾਲੀ ਦਲ ਦਾ ਗਠਜੋੜ ਲੰਬਾ ਚਲੇਗਾ, ਦੋਨੋਂ ਪੰਜਾਬ ਦੀਆਂ ਪੰਜਾਬੀ ਪਾਰਟੀਆਂ - ਸੁਖਬੀਰ ਬਾਦਲ













**ਫਗਵਾੜਾ –** ਬਹੁਜਨ ਸਮਾਜ ਪਰਟੀ ਦੀ ਫਗਵਾੜਾ ਵਿਖੇ ਵਿਸ਼ਾਲ ਅਲਖ ਜਗਾਓ ਰੈਲੀ ਹੋਈ ਜਿਸ ਵਿੱਚ ਬਸਪਾ ਦੇ ਰਾਸ਼ਟਰੀ ਉੱਪ ਪ੍ਰਧਾਨ ਸ਼੍ਰੀ ਅਨੰਦ ਕੁਮਾਰ ਜੀ, ਸ਼੍ਰੋਮਣੀ ਅਕਾਲੀ ਦੱਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਜੀ, ਰਾਸ਼ਟਰੀ ਕੋਆਰਡੀਨੇਟਰ ਸ਼੍ਰੀ ਅਕਾਸ਼ ਅਨੰਦ ਜੀ, ਰਾਜ ਸਭਾ ਮੈਂਬਰ ਸ਼੍ਰੀ ਰਾਮਜੀ ਗੋਤਮ, ਪੰਜਾਬ ਬਸਪਾ ਦੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ, ਸ਼੍ਰੀ ਵਿਪੁਲ ਕੁਮਾਰ ਤੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਵਿਸ਼ਾਲ ਰੈਲੀ ਵਿਚ ਮੁੱਖ ਬੁਲਾਰਿਆ ਵਜੋਂ ਸ਼ਿਰਕਤ ਕੀਤੀ। ਹਾਲਾਂਕਿ&; ਕਿਸਾਨਾ ਦਾ ਦੋ ਘੰਟੇ ਦਾ ਪੂਰਾ ਪੰਜਾਬ ਬੰਦ ਸੀ। ਬਸਪਾ ਵਲੋਂ ਵੀ ਦੋ ਘੰਟੇ ਲਈ ਰੈਲੀ ਕਿਸ਼ਾਨਾ ਲਈ ਦੇਰੀ ਨਾਲ ਸੂਰੁ ਕੀਤੀ । ਪੰਜਾਬ ਬੰਦ ਦੇ ਬਾਵਜੂਦ ਲੱਖਾ ਦੀ ਸਮੂਲੀਅਤ ਰੈਲੀ ਵਿੱਚ ਪਹੁੰਚੀ। ਸਾਰਾ ਫਗਵਾੜਾ ਨੀਲੇ ਝੰਡਿਆਂ ਤੇ ਫਲੈਕਸਾ ਨਾਲ ਨੀਲਾ ਨੀਲਾ ਹੋਇਆ ਪਿਆ ਸੀ। ਅਜਿਹੀਆਂ ਖਬਰਾਂ ਹਨ ਕਿ ਬਸਪਾ ਤੇ ਸ੍ਰਿੋਮਣੀ ਅਕਾਲੀ ਦਲ ਦੀ ਪੰਜਾਬ ਦੀ ਲੀਡਰਸ੍ਪਿ ਪੂਰੇ ਪੰਜਾਬ ਵਿਚ ਇਸ ਰੈਲੀ ਦੇ ਬਹਾਨੇ ਨਾਲ ਬੂਥ ਪੱਧਰ ਤੇ ਤਾਲਮੇਲ ਬਨਾਉਣ ਦਾ ਕੰਮ ਪੂਰਾ ਕਰ ਚੁੱਕੀ ਹੈ। ਰੈਲੀ ਵਿੱਚ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਨੇ ਸਾਰਿਆ ਨੂੰ ਜੀ ਆਇਆ ਆਖਿਆ।

ਮੰਚ ਤੋਂ ਬੋਲਦਿਆ ਰਾਸ਼ਟਰੀ ਕੋਆਰਡੀਨੇਟਰ ਸ਼੍ਰੀ ਅਕਾਸ਼ ਅਨੰਦ ਜੀ ਨੇ ਕਿਹਾ ਕਿ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦਾ ਸੁਪਨਾ ਪੰਜਾਬ ਦੇ ਲੋਕ ਪੂਰਾ ਕਰਨਗੇ। ਇਸ ਮੌਕੇ ਸਾਹਿਬ ਕਾਂਸ਼ੀ ਰਾਮ ਜੀ ਬਾਰੇ ਗੱਲ ਕਰਦਿਆਂ ਆਕਾਸ਼ ਆਨੰਦ ਜੀ ਭਾਵੁਕ ਹੋ ਗਏ, ਗਲਾ ਭਰ ਆਇਆ। ਪੰਡਾਲ ਤੋਂ ਲੋਕ ਆਪ ਮੁਹਾਰੇ ਆਕਾਸ਼ ਭਈਆ ਆਗੇ ਬਢੋ, ਹਮ ਤੁਹਾਰੇ ਸਾਥ ਹੈ ਦੇ ਨਾਹਰੇ ਗੂੰਜਣ ਲੱਗੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਬਸਪਾ ਮੁਖੀ ਕੁਮਾਰੀ ਮਾਇਆਵਤੀ ਜੀ ਦੀ ਪ੍ਰਸੰਸ਼ਾ ਨਾਲ਼ ਆਪਣਾ ਭਾਸ਼ਣ ਸੂਰੂ ਕਰਦਿਆ ਕਿਹਾ ਕਿ ਸਾਡਾ ਗੱਠਜੋੜ ਅੱਧੇ ਬੋਲਾ ਨਾਲ ਹੋਇਆ ਹੈ। ਭਾਜਪਾ ਨੇ ਕਿਸਾਨੀ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਬਸਪਾ ਨਾਲ ਸਾਡਾ ਸਮਝੋਤਾ ਲੰਮਾ ਚੱਲੇਗਾ। ਇਹ ਕਿਸਾਨਾ ਮਜਦੂਰਾ ਦਾ ਸਮਝੋਤਾ ਹੈ । ਕਾਗਰਸ ਨੇ ਸ਼ਰਾਬ ਮਾਫੀਆ, ਰੇਤ ਮਾਫੀਆ ਨਾਲ ਪੰਜਾਬ ਲੁਟਿਆ ਹੈ ।

ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ ਦੋਨੋ ਪੰਜਾਬ ਦੀਆ ਪਾਰਟੀਆ ਹਨ। ਮੈਂ ਅਤੇ ਸਾਹਿਬ ਕਾਂਸ਼ੀ ਰਾਮ 1996 ਵਿੱਚ ਇਕੱਠੇ ਮੈਂਬਰ ਪਾਰਲੀਮੈਂਟ ਬਣੇ ਸਨ। ਗੱਠਜੋੜ ਦਾ 13 ਸੂਤਰੀ ਪ੍ਰੋਗਰਾਮ ਕਾਂਗਰਸ ਭਾਜਪਾ ਦੀ ਅਲਖ ਮਕਾਉਣ ਦਾ ਕੰਮ ਕਰੇਗਾ।

ਸ਼੍ਰੀ ਰਣਧੀਰ ਸਿੰਘ ਬੈਨੀਪਾਲ ਪੰਜਾਬ ਇੰਚਾਰਜ ਜੀ ਨੇ ਕਿਹਾ ਕੇ ਕਾਂਗਰਸ ਨੇ ਬਸਪਾ ਦੀ ਅਲਖ ਜਗਾਓ ਰੈਲੀ ਨੂੰ ਅਸਫਲ ਕਰਨ ਲਈ ਅੱਜ ਦੀ ਪੰਜਾਬ ਬੰਦ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਕਾਂਗਰਸ ਤੇ ਆਪ ਦਾ ਸੂਪੜਾ ਬਸਪਾ ਅਕਾਲੀ ਗੱਠਜੋੜ ਸਾਫ ਕਰੇਗੀ।

ਰਾਜ ਸਭਾ ਮੈਂਬਰ ਸ਼੍ਰੀ ਰਾਮਜੀ ਗੌਤਮ ਨੇ ਕਿਹਾ ਕਿ ਦੇਸ਼ ਨੂੰ ਡੁਬਾਉਣ ਲਈ ਕਾਂਗਰਸ ਜਿੰਮੇਵਾਰ ਹੈ ਜਿਸਦੇ ਰਾਜ ਵਿਚ ਜੀਪ ਘੋਟਾਲੇ ਤੋਂ ਲੈਕੇ ਕੋਲਾ ਘੋਟਾਲਾ ਹੋਇਆ ਹੈ।


ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕੇ ਕਾਂਗਰਸ ਦੀ ਚੋਰੀ ਮੋਹਾਲੀ, ਨਾਭਾ, ਹੋਸ਼ਿਆਰਪੁਰ, ਲੁਧਿਆਣਾ ਦੇ ਕੈਬਨਿਟ ਰੈਂਕ ਦੇ ਮੰਤਰੀਆਂ ਨੇ ਸੈਂਕੜੇ ਕਰੋੜ ਦੇ ਘਪਲੇ ਬੇਨਕਾਬ ਹੋ ਚੁਕੇ ਹਨ ਜਦੋਂਕਿ ਚੋਰੀ ਕਰਨ ਵਾਲੀ ਕਾਂਗਰਸ ਦਲਿਤਾ ਪੱਛੜੇ ਵਰਗਾਂ ਨਾਲ ਸੀਨਾਜੋਰੀ ਕਰ ਰਹੀ ਹੈ।

ਮੰਚ ਸੰਚਾਲਨ ਸੂਬਾ ਜਨਰਲ ਸਕੱਤਰ ਸ਼੍ਰੀ ਨਛੱਤਰ ਪਾਲ ਜੀ ਨੇ ਕੀਤਾ।

ਸੂਬਾ ਉੱਪ ਪ੍ਰਧਾਨ ਸ ਹਰਜੀਤ ਸਿੰਘ ਲੌਂਗੀਆਂ, ਸੂਬਾਜਨਰਲ ਸਕੱਤਰ ਡਾ ਨਛੱਤਰ ਪਾਲ, ਸ਼੍ਰੀ ਬਲਵਿੰਦਰ ਕੁਮਾਰ, ਡਾ ਦਲਜੀਤ ਸਿੰਘ ਚੀਮਾ, ਸ਼੍ਰੀ ਜਰਨੈਲ ਸਿੰਘ ਵਾਹਿਦ, ਸ਼੍ਰੀ ਹੀਰਾ ਸਿੰਘ ਗਾਬੜੀਆ, ਸ਼੍ਰੀ ਸਰਵਣ ਸਿੰਘ ਕੁਲਾਰ, ਸ਼੍ਰੀ ਰਜਿੰਦਰ ਚੰਦੀ, ਰਣਜੀਤ ਸਿੰਘ ਖੁਰਾਣਾ, ਬਲਦੇਵ ਸਿੰਘ ਖਹਿਰਾ, ਡਾ ਸੁਖਵਿੰਦਰ ਸੁੱਖੀ, ਗੁਰਪ੍ਰਤਾਪ ਵਡਾਲਾ, ਦਵਿੰਦਰ ਸਿੰਘ ਡਾਪਾਈ, ਹਰਜੀਤ ਸਿੰਘ ਵਾਲੀਆ, ਐਡਵੋਕੇਟ ਰਣਜੀਤ ਕੁਮਾਰ, ਸ਼੍ਰੀ ਗੁਰਲਾਲ ਸੈਲਾ, ਸ਼੍ਰੀ ਰਾਜਾ ਰਜਿੰਦਰ ਸਿੰਘ ਨਨਹੇੜਿਆ, ਸ਼੍ਰੀ ਗੁਰਮੇਲ ਚੁੰਬਰ, ਸ਼੍ਰੀ ਰਮੇਸ਼ ਕੌਲ, ਸ਼੍ਰੀ ਅਜੀਤ ਸਿੰਘ ਭੈਣੀ, ਸ਼੍ਰੀ ਮਨਜੀਤ ਸਿੰਘ ਅਟਵਾਲ, ਡਾ ਸੁਖਬੀਰ ਸਿੰਘ ਸਲਾਰਪੁਰ, ਹਿਮਤ ਕੁਮਾਰ ਬਾਬੀ, ਸ਼੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਸ਼੍ਰੀ ਚਮਕੌਰ ਸਿੰਘ ਵੀਰ, ਸ਼੍ਰੀ ਰਜਿੰਦਰ ਸਿੰਘ ਰੀਹਲ, ਸ਼੍ਰੀ ਜੋਗਾ ਸਿੰਘ ਪਨੋਦੀਆਂ,ਸ਼੍ਰੀ ਲਾਲ ਸਿੰਘ ਸੁਲਹਾਣੀ, ਸ਼੍ਰੀ ਨਿਰਮਲ ਸਿੰਘ ਸੁੱਮਣ, ਸ਼੍ਰੀ ਗੁਰਬਕਸ਼ ਸਿੰਘ ਸ਼ੇਰਗਿੱਲ, ਸ਼੍ਰੀ ਰੋਹਿਤ ਖੋਖਰ, ਸੂਬੇ ਦੇ ਸਕੱਤਰ ਸ਼੍ਰੀ ਸੁਮਿੱਤਰ ਸਿੰਘ ਸਿਕਰੀ, ਡਾ ਜਸਪ੍ਰੀਤ ਸਿੰਘ, ਸ਼੍ਰੀ ਜਗਜੀਤ ਸਿੰਘ ਛੜਬੜ੍ਹ, ਸ਼੍ਰੀ ਹਰਭਜਨ ਸਿੰਘ ਬਲਾਲੋ, ਸ਼੍ਰੀ ਅਸ਼ੋਕ ਸੰਧੂ, ਸ ਬਲਜੀਤ ਸਿੰਘ ਭਾਰਾਪੁਰ, ਸ਼੍ਰੀ ਸੁਖਦੇਵ ਸਿੰਘ ਸ਼ੀਰਾ, ਸ਼੍ਰੀ ਦਰਸ਼ਨ ਸਿੰਘ ਝਲੂਰ, ਸ਼੍ਰੀ ਦਲਜੀਤ ਰਾਏ, ਸ਼੍ਰੀ ਗੁਰਮੇਲ ਸਿੰਘ ਜੀ ਕੇ, ਸ਼੍ਰੀ ਸੰਤ ਰਾਮ ਮੱਲੀਆਂ, ਸ਼੍ਰੀ ਪਰਵੀਨ ਬੰਗਾ, ਸ਼੍ਰੀ ਰਾਮ ਸਿੰਘ ਗੋਗੀ, ਸ਼੍ਰੀ ਵਿਜੈ ਬੱਧਣ, ਸ਼੍ਰੀਮਤੀ ਰਚਨਾ ਦੇਵੀ, ਸ਼੍ਰੀ ਹਰਬੰਸ ਲਾਲ ਚਨਕੋਆ, ਸ਼੍ਰੀ ਪਰਮਜੀਤ ਮੱਲ, ਸ਼੍ਰੀ ਪੀ ਡੀ ਸ਼ਾਂਤ ਆਦਿ ਸ਼ਾਮਿਲ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਫਰਿਜ਼ਨੋ ਵਿਖੇ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ 78 ਵੀ ਬਰਸੀ 'ਤੇ ਵਿਸ਼ੇਸ਼ ਸਮਾਗਮ






**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਦੀ ਸੈਂਟਰਲ ਵੈਲੀ ਫਰਿਜ਼ਨੋ ਵਿਖੇ ਸਥਿਤ ਗੁਰਦੁਆਰਾ ਨਾਨਕਸਰ ਚੈਰੀ ਐਵਨਿਉ ਵਿਖੇ ਨਾਨਕਸਰ ਮਰਿਯਾਦਾ ਦੇ ਬਾਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 78 ਵੀ ਬਰਸੀਂ ਇਲਾਕਾ ਭਰ ਦੀਆਂ ਸੰਗਤਾਂ ਵੱਲੋਂ ਬੜੀ ਸਰਧਾ ਅਤੇ ਜੋਸ਼ ਨਾਲ ਮਨਾਈ ਗਈ। ਜਿਸ ਵਿੱਚ ਸੰਗਤਾਂ ਭਾਰੀ ਗਿਣਤੀ ਵਿੱਚ ਸਰਕਾਰ ਦੁਆਰਾ ਕੋਵਿੰਡ-19 ਦੀਆਂ ਹਦਾਇਤਾਂ ਪਾਲਣਾ ਕਰਦੇ ਹੋਏ ਹਾਜ਼ਰ ਹੋਈਆ। ਇਸ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਵਿੱਚ ਹਾਜ਼ਰੀ ਭਰਨ ਵਾਲ਼ਿਆਂ ਵਿੱਚ ਗੁਰੂਘਰ ਦਾ ਹਜ਼ੂਰੀ ਜੱਥਾ, ਭਾਈ ਹਰਭਜਨ ਸਿੰਘ ਅਤੇ ਸਾਥੀਆਂ ਦਾ ਜੱਥਾ ਅਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਬਾਣੀ ਕੀਰਤਨ ਦੇ ਰਸੀਏ ਭਾਈ ਅਮਰਜੀਤ ਸਿੰਘ ਤਾਨ ਦੇ ਕੀਰਤਨੀ ਜਥੇ ਨੇ ਹਾਜ਼ਰੀ ਭਰੀ।

ਉਹਨਾਂ ਕੀਰਤਨ ਕਰਦਿਆਂ ਬਾਬਾ ਨੰਦ ਸਿੰਘ ਦਾ ਗੁਰੂ ਅਤੇ ਗੁਰਬਾਣੀ ਪ੍ਰਤੀ ਸਰਧਾ-ਸਮਰਪਣ ਦਾ ਜਿਕਰ ਕਰਦੇ ਹੋਏ ਸੰਖੇਪ ਵਿੱਚ ਜੀਵਨ ਸਾਂਝਾ ਕੀਤਾ। ਇਸ ਤੋਂ ਇਲਾਵਾ ਕਈ ਹੋਰ ਬੁਲਾਇਆ ਦੁਆਰਾਂ ਗੁਰਮਤਿ ਵਿਚਾਰਾ ਦੀ ਸਾਂਝ ਪਾਈ ਗਈ।

ਇਸ ਸਮੇਂ ਹਾਜ਼ਰ ਬੁਲਾਰਿਆਂ ਅਤੇ ਸੰਗਤਾਂ ਦੁਆਰਾ ਇਸ ਗੁਰੂਘਰ ਵਿੱਚ ਲੰਮਾ ਅਰਸਾ ਸੇਵਾ ਕਰਵਾਉਣ ਵਾਲੇ ਸਵਰਗਵਾਸੀ ਬਾਬਾ ਕਰਤਾਰ ਸਿੰਘ ਜੀ ਨਾਨਕਸਰ ਫਰਿਜ਼ਨੋ ਵਾਲ਼ਿਆਂ ਨੂੰ ਵੀ ਯਾਦ ਕੀਤਾ ਗਿਆ। ਜੋ ਇਸੇ ਸਾਲ, ਕੁਝ ਮਹੀਨੇ ਪਹਿਲਾ ਅਕਾਲ ਚਲਾਣਾ ਕਰ ਗਏ ਸਨ। ਜਿੰਨਾ ਦਾ ਸੰਗਤਾਂ ਨੂੰ ਇਸ ਗੁਰੂਘਰ ਅਤੇ ਗੁਰਬਾਣੀ ਨਾਲ ਜੋੜਨ ਲਈ ਵਡਮੁੱਲਾ ਯੋਗਦਾਨ ਰਿਹਾ ਹੈ।

ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ ਅਤੇ ਬਹੁ-ਗਿਣਤੀ ਵਿੱਚ ਸੰਗਤਾਂ ਗੁਰੂ ਦੇ ਨਤਮਸਤਕ ਹੋਈਆ।

# ਸੈਕਰਾਮੈਂਟੋ 'ਚ ਸੜਕ ਹਾਦਸੇ ਦੌਰਾਨ ਪੁਲਿਸ ਅਫਸਰ ਸਮੇਤ 2 ਪੰਜਾਬੀਆਂ ਦੀ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)**-ਸੈਕਰਾਮੈਂਟੋ ਕਾਉਟੀ ਦੇ ਸ਼ਹਿਰ ਗਾਲਟ 'ਚ ਤੈਨਾਤ ਪੁਲਿਸ ਅਫਸਰ ਹਰਮਿੰਦਰ ਸਿੰਘ ਗਰੇਵਾਲ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। 27 ਸਾਲਾ ਹਰਮਿੰਦਰ ਗਰੇਵਾਲ ਗ੍ਰਾਂਟ ਲਾਈਨ ਰੋਡ 'ਤੇ ਲੱਗੀ ਅੱਗ ਦਾ ਜਾਇਜ਼ਾ ਲੈਣ ਲਈ ਜਾ ਰਿਹਾ ਸੀ ਕਿ ਅਚਾਨਕ ਸਾਹਮਣੇ ਤੋਂ ਆ ਰਿਹਾ ਪਿਕਅੱਪ ਟਰੱਕ ਉਸਦੀ ਗੱਡੀ ਨਾਲ ਟਕਰਾ ਗਿਆ, ਜਿਸ ਕਰਕੇ ਹਰਮਿੰਦਰ ਸਿੰਘ ਗਰੇਵਾਲ ਸਖਤ ਜ਼ਖਮੀ ਹੋ ਗਿਆ। ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਉਸਦੀ ਉਥੇ ਮੌਤ ਹੋ ਗਈ। ਪਿਕਅੱਪ ਟਰੱਕ ਦਾ ਡਰਾਇਵਰ ਵੀ ਪੰਜਾਬੀ ਮਨਜੋਤ ਸਿੰਘ ਥਿੰਦ ਸੀ। ਉਸਦੀ ਵੀ ਇਸ ਹਾਦਸੇ ਦੌਰਾਨ ਮੌਤ ਹੋ ਗਈ। ਹਰਮਿੰਦਰ ਸਿੰਘ ਗਰੇਵਾਲ ਗਾਲਟ ਵਿਖੇ ਆਪਣੇ ਮਾਂ-ਬਾਪ ਅਤੇ ਭਰਾ ਨਾਲ ਰਹਿ ਰਿਹਾ ਸੀ। ਉਸਦਾ ਪਿਛਲਾ ਪਿੰਡ ਗਾਲਬ, ਜ਼ਿਲ੍ਹਾ ਲੁਧਿਆਣਾ ਸੀ। ਦੂਜੇ ਮਰਨ ਵਾਲੇ ਪੰਜਾਬੀ ਨੌਜਵਾਨ ਮਨਜੋਤ ਸਿੰਘ ਥਿੰਦ ਦਾ ਪਿਛਲਾ ਪਿੰਡ




ਰਾਏਕੋਟ, ਜ਼ਿਲ੍ਹਾ ਲੁਧਿਆਣਾ ਸੀ ਅਤੇ ਉਹ ਇਥੇ ਮਨਟੀਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ।

ਹਰਮਿੰਦਰ ਸਿੰਘ ਗਰੇਵਾਲ ਪਿਛਲੇ ਲਗਭਗ ਢਾਈ ਸਾਲਾਂ ਤੋਂ ਗਾਲਟ ਪੁਲਿਸ ਵਿਭਾਗ 'ਚ ਸ਼ਾਮਲ ਹੋਇਆ ਸੀ। ਪੁਲਿਸ ਅਧਿਕਾਰੀਆਂ ਅਨੁਸਾਰ ਉਹ ਇਕ ਬਹਾਦਰ, ਨਿਡਰ ਅਤੇ ਦਯਾਲੂ ਵਿਅਕਤੀ ਸੀ। ਉਸ ਨੇ ਆਪਣੀ ਨੌਕਰੀ ਦੌਰਾਨ ਕਈ ਬਹਾਦਰੀ ਵਾਲੇ ਇਨਾਮ ਵੀ ਜਿੱਤੇ ਸਨ। ਉਹ ਸਾਲ 2020 ਦਾ ਬੈਸਟ ਅਧਿਕਾਰੀ ਵੀ ਚੁਣਿਆ ਗਿਆ ਸੀ। ਇਸ ਹਾਦਸੇ ਦੌਰਾਨ ਹੋਈਆਂ ਮੌਤਾਂ ਕਾਰਨ ਪੰਜਾਬੀ ਭਾਈਚਾਰੇ 'ਚ ਸੋਗ ਦੀ ਲਹਿਰ ਹੈ। ਗਾਲਟ ਦੇ ਮੇਅਰ ਪਰਗਟ ਸਿੰਘ ਸੰਧੂ, ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ, ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ, ਕਮਿਸ਼ਨਰ ਕਸ਼ਮੀਰ ਸਿੰਘ ਸ਼ਾਹੀ, ਕਮਿਸ਼ਨਰ ਪਰਮਿੰਦਰ ਸਿੰਘ ਸ਼ਾਹੀ, ਕਾਉਟੀ ਸੁਪਰਵਾਈਜ਼ਰ ਮੈਨੀ ਗਰੇਵਾਲ ਨੇ ਇਸ ਘਟਨਾ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਇਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics




Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

## ਯੂ ਐਸ ਏ ਖਬਰਨਾਮਾ (ਹੁਸਨ ਲੜੋਆ ਬੰਗਾ)

# ਕਾਬੁਲ ਵਿਚ ਅਮਰੀਕੀ ਹਵਾਈ ਹਮਲੇ ਵਿਚ ਆਤਮਘਾਤੀ ਬੰਬਰ ਸਮੇਤ ਗੱਡੀ ਤਬਾਹ!

## ਅਮਰੀਕਾ ਵਿਸ਼ਵ ਵਿਚ ਕਿਤੇ ਵੀ ਹਮਲਾ ਕਰਨ ਦੇ ਸਮਰੱਥ-ਬਲਿੰਕਨ

**ਸੈਕਰਾਮੈਂਟੋ 30 ਅਗਸਤ –** ਰਾਸ਼ਟਰਪਤੀ ਜੋ ਬਾਈਡਨ ਵੱਲੋਂ ਕਾਬੁਲ ਹਵਾਈ ਅੱਡੇ ਉਪਰ ਛੇਤੀ ਹੋਰ ਹਮਲਾ ਹੋਣ ਦੀ ਚਿਤਾਵਨੀ ਦੇ ਕੁਝ ਘੰਟਿਆਂ ਬਾਅਦ ਅਮਰੀਕੀ ਫੌਜ ਵੱਲੋਂ ਕੀਤੇ ਹਵਾਈ ਹਮਲੇ ਵਿਚ ਇਕ ਗੱਡੀ ਜਿਸ ਵਿਚ ਆਤਮਘਾਤੀ ਬੰਬਰ ਸਵਾਰ ਸੀ, ਨਸ਼ਟ ਹੋ ਗਈ। ਅਮਰੀਕੀ ਕਮਾਂਡਰਾਂ ਵੱਲੋਂ ਆਈ ਐਸ ਆਈ ਐਸ (ਕੇ) ਦੇ ਆਤਮਘਾਤੀ ਅੱਤਵਾਦੀ ਨੂੰ ਉਸ ਵੇਲੇ ਨਿਸ਼ਾਨਾ ਬਣਾਇਆ ਗਿਆ ਜਦੋਂ ਉਹ ਕਾਬੁਲ ਹਵਾਈ ਅੱਡੇ ਨੇੜੇ ਇਕ ਗੱਡੀ ਵਿਚ ਸਵਾਰ ਸੀ। ਅਮਰੀਕੀ ਕੇਂਦਰੀ ਕਮਾਂਡ ਦੇ ਬੁਲਾਰੇ ਨੇਵੀ ਕੈਪਟਨ ਬਿਲ ਅਰਬਨ ਨੇ ਕਿਹਾ ਹੈ ਕਿ ਹੋ ਸਕਦਾ ਹੈ ਕਿ ਆਈ ਐਸ ਆਈ ਐਸ (ਕੇ) ਦੇ ਆਤਮਘਾਤੀ ਬੰਬਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਵਿਚ ਕੁਝ ਆਮ ਨਾਗਰਿਕ ਵੀ ਮਾਰੇ ਗਏ ਹੋਣ। ਕੈਪਟਨ ਅਰਬਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਹਵਾਈ ਹਮਲੇ ਵਿਚ ਆਮ ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਤੋਂ ਜਾਣੂ ਹਾਂ। ਤਬਾਹ ਹੋਈ ਗੱਡੀ ਬਾਰੂਦ ਨਾਲ ਭਰੀ ਹੋਈ ਸੀ ਜਿਸ ਦੇ ਧਮਾਕੇ ਕਾਰਨ ਆਮ ਲੋਕਾਂ ਦੇ ਮਾਰੇ ਜਾਣ ਦੀ ਸੰਭਾਵਨਾ ਹੋ ਸਕਦੀ ਹੈ ਪਰ ਅਸਲ ਵਿਚ ਕੀ ਹੋਇਆ ਹੈ, ਇਹ ਅਜੇ ਸਪਸ਼ਟ ਨਹੀਂ ਹੈ੍ਹ ਕਾਬੁਲ ਹਵਾਈ ਅੱਡੇ ਉਪਰ ਲੰਘੇ ਵੀਰਵਾਰ ਹੋਏ ਆਤਮਘਾਤੀ ਹਮਲੇ ਉਪਰੰਤ ਅਮਰੀਕਾ ਵੱਲੋਂ ਅਫ਼ਗਾਨਿਸਤਾਨ ਵਿਚ ਕੀਤਾ ਗਿਆ ਇਹ ਦੂਸਰਾ ਹਵਾਈ ਹਮਲਾ ਹੈ।



### ਅਮਰੀਕਾ ਵਿਸ਼ਵ ਵਿਚ ਕਿਤੇ ਵੀ ਹਮਲਾ ਕਰਨ ਦੇ ਸਮਰੱਥ–ਬਲਿੰਕਨ

ਅਮਰੀਕੀ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਨੇ ਕਿਹਾ ਹੈ ਕਿ ਜੋ ਵੀ ਕੋਈ ਸਾਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ, ਉਸ ਦੇ ਖਿਲਾਫ ਅਮਰੀਕਾ ਕਾਰਵਾਈ ਕਰਨ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿੋ ਸਾਡੇ ਕੋਲ ਅਫ਼ਗਾਨਿਸਤਾਨ ਸਮੇਤ ਵਿਸ਼ਵ ਭਰ ਵਿਚ ਸਾਨੂੰ ਨੁਕਸਾਨ ਪਹੁੰਚਾਉਣ ਵਾਲੇ ਅਤਿਵਾਦੀਆਂ ਨੂੰ ਲੱਭਣ ਤੇ ਉਨ੍ਹਾਂ ਵਿਰੁੱਧ ਹਵਾਈ ਹਮਲਾ ਕਰਨ ਦੀ ਸਮਰੱਥ ਹੈ੍ਹ ਬਲਿੰਕਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਬਲਿੰਕਨ ਨੇ ਇਸ ਸਬੰਧੀ ਉਦਾਹਰਣ ਦਿੰਦਿਆਂ ਕਿਹਾ ਕਿ ਯਮਨ, ਸੋਮਾਲੀਆ ਤੇ ਲੀਬੀਆ ਅਜਿਹੇ ਦੇਸ਼ ਹਨ, ਜਿਥੇ ਜਮੀਨ ਉਪਰ ਅਮਰੀਕੀ ਫੌਜਾਂ ਦੀ ਮੌਜੂਦਗੀ ਨਹੀਂ ਹੈ ਪਰੰਤੂ ਅਮਰੀਕਾ ਉਥੇ ਵੀ ਅੱਤਵਾਦੀਆਂ ਨਾਲ ਹਵਾਈ ਹਮਲੇ ਰਾਹੀਂ ਨਜਿੱਠ ਸਕਦਾ ਹੈ। ਇਥੇ ਜਿਕਰਯੋਗ ਹੈ ਕਿ ਇਨ੍ਹਾਂ ਦੇਸ਼ਾਂ ਦੇ ਨੇੜੇ ਅਮਰੀਕਾ ਦੇ ਅੱਡੇ ਹਨ ਪਰੰਤੂ ਅਫ਼ਗਾਨਿਸਤਾਨ ਜਿਸ ਦਾ ਬਲਿੰਕਨ ਨੇ ਜਿਕਰ ਨਹੀਂ ਕੀਤਾ, ਦੇ ਨੇੜੇ ਅਮਰੀਕਾ ਦਾ ਕੋਈ ਅੱਡਾ ਨਹੀਂ ਹੈ। ਦੋਹਾ , ਕਤਰ ਵਿਚ ਅਲ ਉਦੀਦ ਹਵਾਈ ਟਿਕਾਣੇ ਤੋਂ ਅਫ਼ਗਾਨਿ-ਸਤਾਨ ਵਿਚ ਮਾਰ ਕਰਨ ਲਈ ਡਰੋਨ ਨੂੰ ਕਈ ਘੰਟੇ ਲੱਗਣਗੇ।

### ਅਮਰੀਕੀ ਸੈਨਿਕਾਂ ਦੀਆਂ ਮ੍ਰਿਤਕ ਦੇਹਾਂ ਵਾਸ਼ਿੰਗਟਨ ਲਿਆਂਦੀਆਂ

ਕਾਬੁਲ ਦੇ ਹਵਾਈ ਅੱਡੇ ਉਪਰ ਹੋਏ ਆਤਮਘਾਤੀ ਹਮਲੇ ਵਿਚ ਸ਼ਹੀਦ ਹੋਏ 13 ਅਮਰੀਕੀ ਸੈਨਿਕਾਂ ਦੀਆਂ ਮ੍ਰਿਤਕ ਦੇਹਾਂ ਸੀ-17 ਜਹਾਜ਼ ਰਾਹੀਂ ਵਾਸ਼ਿੰਗਟਨ ਦੇ ਡਾਵਰ ਏਅਰ ਫੋਰਸ ਹਵਾਈ ਅੱਡੇ ਉਪਰ ਲਿਆਂਦੀਆਂ ਗਈਆਂ। ਇਸ ਮੌਕੇ ਮਾਹੌਲ ਪੂਰੀ ਤਰਾਂ ਗਮਗੀਨ ਸੀ ਤੇ ਸੰਨਾਟਾ ਪਸਰਿਆ ਹੋਇਆ ਸੀ। ਤਾਬੂਤਾਂ ਨੂੰ ਜਹਾਜ਼ ਵਿਚੋਂ ਲਾਹ ਕੇ ਵੈਨ ਵਿਚ ਰਖਿਆ ਗਿਆ।


ਰਾਸ਼ਟਰਪਤੀ ਜੋ ਬਾਈਡਨ ਜਿਨ੍ਹਾਂ ਨੇ ਕਾਲਾ ਮਾਸਕ ਪਾਇਆ ਹੋਇਆ ਸੀ, ਨੇ ਆਪਣਾ ਹੱਥ ਦਿਲ ਉਪਰ ਰਖਿਆ ਹੋਇਆ ਸੀ। ਫਸਟ ਲੇਡੀ ਜਿਲ ਬਾਈਡਨ ਸਮੇਤ ਰਾਸ਼ਟਰਪਤੀ ਨੇ ਕਈ ਵਾਰ ਸੈਨਿਕਾਂ ਦੇ ਸਨਮਾਨ ਵਿਚ ਸਿਰ ਨਿਵਾਇਆ।

# ਗਾਲਟ, ਕੈਲੀਫੋਰਨੀਆ ਦੇ ਪੰਜਾਬੀ ਸਿੱਖ ਪੁਲੀਸ ਅਫਸਰ ਹਰਮਿੰਦਰ ਗਰੇਵਾਲ ਦਾ ਸੜਕ ਦੁਰਘਟਨਾ ਤੋਂ ਬਾਅਦ ਹਸਪਤਾਲ 'ਚ ਹੋਈ ਮੌਤ ਤੇ ਦੂਜਾ ਜ਼ਖਮੀ

**ਸੈਕਰਾਮੈਂਟੋ 28 ਅਗਸਤ–** ਸੈਕਰਾਮੈਂਟੋ ਲਾਗੇ ਪੈਂਦੇ ਸ਼ਹਿਰ ਗਾਲਟ ਦੇ ਪੰਜਾਬੀ ਸਿੱਖ ਅਫਸਰ ਹਰਮਿੰਦਰ ਗਰੇਵਾਲ ਜੋ ਸੈਕਰਾਮੈਂਟੋ ਲਾਗੇ ਲੱਗੀ ਅੱਗ ਦਾ ਜਾਇਜਾ ਲੈਣ ਲਈ ਗਰਾਂਟ ਲਾਈਨ ਪਾਸ ਜਾ ਰਿਹਾ ਸੀ ਪਰ ਦੂਜੇ ਪਾਸੇ ਤੋਂ ਆਉਂਦੇ ਟਰੱਕ ਨੇ ਸੜਕ ਨੂੰ ਪਾਰ ਕਰਕੇ ਉਕਤ ਅਫਸਰ ਦੀ ਗੱਡੀ ਵਿੱਚ ਜਾ ਵੱਜੀ ਜਿਸ ਕਰਕੇ ਪੁਲੀਸ ਅਫ਼ਸਰ ਹਰਮਿੰਦਰ ਗਰੇਵਾਲ ਜਿਸਦੀ ਉਮਰ ਮਹਿਜ 27 ਸਾਲ ਸੀ, ਗੰਭੀਰ ਜ਼ਖਮੀ ਹੋ ਗਏ ਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਦੂਸਰੇ ਦਿਨ ਉਨ੍ਹਾਂ ਦੀ ਹਸਪਤਾਲ ਵਿੱਚ ਹੀ ਮੌਤ ਹੋ ਗਈ। ਇਸ ਦੌਰਾਨ ਇੱਕ ਹੋਰ ਲੇਡੀ ਅਫ਼ਸਰ ਕੇਪੀ ਹਰੇਰਾ ਜੋ ਅਫਸਰ ਹਰਮਿੰਦਰ ਗਰੇਵਾਲ ਨਾਲ ਜਾ ਰਹੀ ਸੀ ਵੀ ਗੰਭੀਰ ਜ਼ਖਮੀ ਹੋ ਗਈ ਜੋ ਯੂ ਸੀ ਡੇਵਿਸ ਵਿੱਚ ਜੇਰੇ ਇਲਾਜ ਹੈ । ਇਹ ਕੁਦਰਤ ਦਾ ਕਰਿਸਮਾ ਹੀ ਸਮਝੋ ਕਿ ਪੁਲੀਸ ਦੀ ਗੱਡੀ ਚ ਵੱਜਣ ਵਾਲਾ ਪਿੱਕਅਪ ਦਾ ਡਰਾਇਵਰ ਵੀ ਪੰਜਾਬੀ ਮਨਜੋਤ ਸਿੰਘ ਥਿੰਦ ਸੀ



ਜੋ ਮਨਟੀਕਾ ਸ਼ਹਿਰ ਦਾ ਦੱਸਿਆ ਗਿਆ ਹੈ ਉਸ ਨਾਲ ਵੀ ਦੋ ਹੋਰ ਵਿਅਕਤੀ ਸਨ ਜੋ ਡਬਲਨ ਤੇ ਟਰਲੱਕ ਸ਼ਹਿਰ ਦੇ ਦੱਸੇ ਜਾਂਦੇ ਹਨ ਜੋ ਵੀ ਜ਼ਖਮੀ ਹੋ ਗਏ। ਪੰਜਾਬੀ ਮਨਜੋਤ ਸਿੰਘ ਥਿੰਦ ਦਾ ਪਿਛਲਾ ਪਿੰਡ ਰਾਇਕੋਟ ਲੁਧਿਆਣਾ ਦੱਸਿਆ ਜਾਂਦਾ ਹੈ।



ਪੰਜਾਬੀ ਸਿੱਖ ਅਫਸਰ ਹਰਮਿੰਦਰ ਗਰੇਵਾਲ ਦਾ ਪਿੰਡ ਗਾਲਬ, ਲੁਧਿਆਣਾ ਦਾ ਦੱਸਿਆ ਜਾਂਦਾ ਹੈ ਤੇ ਇਥੇ ਗਾਲਟ ਵਿੱਚ ਉਹ ਆਪਣੇ ਮਾਂ ਬਾਪ ਤੇ ਭਰਾ ਨਾਲ ਰਹਿ ਰਿਹਾ ਸੀ। ਗਾਲਟ ਸ਼ਹਿਰ ਦੇ ਮੇਅਰ ਸ. ਪ੍ਰਗਟ ਸਿੰਘ ਸੰਧੂ ਨੇ ਦੱਖ ਪ੍ਰਗਟ ਕਰਦਿਆਂ ਕਿਹਾ ਕਿ ਅਸੀਂ ਇੱਥੇ ਗਾਲਟ ਵਿੱਚ ਇੱਕ ਨੇੜਿਓਂ ਜੁੜੇ ਹੋਏ ਭਾਈਚਾਰਾਂ ਹਾਂ।

ਪੰਜਾਬੀ ਸਿੱਖ ਭਾਈਚਾਰੇ ਲਈ ਇਹ ਅਸਿਹ ਸਦਮਾ ਹੈ, ਦੂਸਰੇ ਪਾਸੇ ਸਾਡੇ ਪੁਲਿਸ ਅਧਿਕਾਰੀ ਅਤੇ ਸਟਾਫ ਇੱਕ ਪਰਿਵਾਰ ਸਮੂਹ ਵਾਂਗ ਹਨ। ਜੋ ਵੀ ਅਫਸਰ ਹਰਮਿੰਦਰ ਗਰੇਵਾਲ ਨੂੰ ਜਾਣਦਾ ਸੀ, ਉਸਨੂੰ ਇੱਕ ਬਹਾਦਰ, ਦਿਆਲੂ, ਸਤਿਕਾਰਯੋਗ ਵਿਅਕਤੀ ਤੌਰ ਤੇ ਜਾਣਦਾ ਸੀ। ਉਹ 2019 ਦੇ ਅਰੰਭ ਵਿੱਚ ਗਾਲਟ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਇਆ ਸੀ।ਅਫਸਰ ਹਰਮਿੰਦਰ ਗਰੇਵਾਲ ਨੇ ਛੋਟੀ ਉਮਰ ਵਿੱਚ ਅਤੇ ਆਪਣੇ ਕੈਰੀਅਰ ਦੇ ਸ਼ੁਰੂ ਵਿੱਚ ਬਹੁਤ ਕੁਝ ਹਾਸਲ ਕੀਤਾ। ਉਸਨੂੰ ਪੁਲੀਸ ਵਿਭਾਗ ਵਲੋਂ ਹਾਲ ਹੀ ਦੇ ਕੁਝ ਮਿਲੇ ਪੁਰਸਕਾਰਾਂ ਵਿੱਚ ਜਿਆਦਾਤਰ ਡੀਯੂਆਈ ਗ੍ਰਿਫਤਾਰੀ, ਜੀਵਨ ਬਚਾਉਣ ਵਾਲੇ ਪੁਰਸਕਾਰ ਵੀ ਸ਼ਾਮਲ ਸੀ ਅਤੇ ਉਸਨੂੰ ਸਾਲ 2020 ਦਾ ਬੈਸਟ ਅਧਿਕਾਰੀ ਵੀ ਚੁਣਿਆ ਗਿਆ ਸੀ।

# ਮਿਸੀਸਿਪੀ ਦੇ ਹਸਪਤਾਲ ਟੀਕਾਕਰਣ ਨਾ ਕਰਵਾਉਣ ਵਾਲੇ ਕੋਵਿਡ-19 ਮਰੀਜ਼ਾਂ ਨਾਲ ਭਰ

**ਸੈਕਰਾਮੈਂਟੋ 28 ਅਗਸਤ –** ਕੋਵਿਡ ਕਾਰਨ ਅਮਰੀਕਾ ਦੇ ਮਿਸੀਸਿੱਪੀ ਰਾਜ ਵਿਚ ਹਾਲਾਤ ਗੰਭੀਰ ਬਣੇ ਹੋਏ ਹਨ। ਰਾਜ ਦੇ ਹਸਪਤਾਲ ਕੋਵਿਡ-19 ਮਰੀਜ਼ਾਂ ਨਾਲ ਭਰੇ ਪਏ ਹਨ। ਇਨ੍ਹਾਂ ਵਿਚ ਜ਼ਿਆਦਾਤਰ ਮਰੀਜ਼ ਉਹ ਹਨ ਜਿਨ੍ਹਾਂ ਨੇ ਕੋਵਿਡ-19 ਟੀਕਾਕਰਣ ਨਹੀਂ ਕਰਵਾਇਆ ਹੈ। ਕਈ ਮਰੀਜ਼ ਆਈ ਸੀ ਯੂ ਵਿਚ ਦਾਖਲ ਹਨ ਤੇ ਉਨ੍ਹਾਂ ਨੂੰ ਸਾਹ ਲੈਣ ਵਿਚ ਤਕਲੀਫ਼ ਆ ਰਹੀ ਤੇ ਨੀਂਦ ਵੀ ਨਹੀਂ ਆ ਰਹੀ। ਹਾਲਤ ਇਹ ਬਣ ਗਏ ਹਨ ਕਿ ਹਸਪਤਾਲਾਂ ਦੀਆਂ ਨਰਸਾਂ ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉਣ ਲਈ ਅਸਤੀਫ਼ੇ ਦੇ ਰਹੀਆਂ ਹਨ। ਅਮਰੀਕੀ ਸਿਹਤ ਤੇ ਮਾਨਵੀ ਸੇਵਾਵਾਂ ਬਾਰੇ ਵਿਭਾਗ ਅਨੁਸਾਰ ਮਿਸੀਸਿੱਪੀ ਵਿਚ ਕੁਲ 895 ਆਈ ਸੀ ਯੂ ਬੈੱਡ ਹਨ ਜਿਨ੍ਹਾਂ ਵਿਚੋਂ 92% ਭਰ ਚੁੱਕੇ ਹਨ ਤੇ ਇਨ੍ਹਾਂ ਵਿਚੋਂ 59% ਬੈੱਡ ਕੋਵਿਡ-19 ਮਰੀਜ਼ਾਂ ਨੇ ਮੱਲੇ ਹੋਏ ਹਨ। 29 ਜੁਲਾਈ ਤੋਂ 25 ਅਗਸਤ ਦਰਮਿਆਨ ਹਸਪਤਾਲਾਂ ਵਿਚ 90× ਮਰੀਜ਼ ਕੋਵਿਡ-19 ਦੇ ਆਏ ਹਨ ਤੇ 87% ਮੌਤਾਂ ਕੋਵਿਡ-19 ਕਾਰਨ ਹੋਈਆਂ ਹਨ। ਇਹ ਮੌਤਾਂ ਉਨ੍ਹਾਂ ਲੋਕਾਂ ਦੀਆਂ ਹੋਈਆਂ ਹਨ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਸੀ ਜਾਂ ਇਕ ਟੀਕਾ ਲਵਾਇਆ ਸੀ। ਕੇਵਲ 2× ਕੋਵਿਡ ਮਾਮਲੇ ਟੀਕਾਕਰਣ ਕਰਵਾ ਚੁੱਕੇ ਲੋਕਾਂ ਨਾਲ ਸਬੰਧਤ ਹਨ।

ਹਸਪਤਾਲ ਵਿਚ ਦਾਖਲ ਜੈਕਸਨ ਕਾਊਂਟੀ, ਮਿਸੀਸਿੱਪੀ ਵਾਸੀ 82 ਸਾਲਾ ਬਜ਼ੁਰਗ ਡੌਲੀ ਮੋਨਸਔਕਸ ਜਿਸ ਦੇ ਆਕਸੀਜਨ ਲੱਗੀ ਹੋਈ ਸੀ, ਨੇ ਦੱਸਿਆ ਕਿ ਜਦੋਂ ਉਹ ਕੋਵਿਡ-19 ਦੀ ਗ੍ਰਿਫਤ ਵਿਚ ਆਈ ਸੀ ਤਾਂ ਉਸ ਨੇ ਟੀਕਾਕਰਣ ਨਹੀਂ ਕਰਵਾਇਆ ਸੀ। ਉਸ ਨੇ ਕਿਹਾ ਕਿ ਹਾਲਾਂ ਕਿ ਮੇਰੇ ਮਰਨ ਜਾਂ ਜੀਣ ਬਾਰੇ ਪਤਾ ਨਹੀਂ ਹੈ ਪਰੰਤੂ ਜੇਕਰ ਮੈਨੂੰ ਆਪਣੇ ਪਰਿਵਾਰ ਨਾਲ ਮਿਲਣ ਦਾ ਮੌਕਾ ਮਿਲਿਆ ਤਾਂ ਮੈ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਟੀਕਾਕਰਣ ਕਰਵਾਉਣ ਲਈ ਕਹਾਂਗੀ।

# ਨਵ ਵਿਆਹੁਤਾ ਨੇ ਆਪਣੇ ਪਤੀ ਉਪਰ ਗੁਲਾਮ ਬਣਾ ਕੇ ਰੱਖਣ ਤੇ ਜਬਰ ਜਨਾਹ ਕਰਨ ਦੇ ਲਾਏ ਦੋਸ਼

**ਸੈਕਰਾਮੈਂਟੋ 27 ਅਗਸਤ (ਹੁਸਨ ਲੜੋਆ ਬੰਗਾ)–** ਫੇਅਰਫੈਕਸ ਕਾਊਂਟੀ, ਵਿਰਜੀਨੀਆ ਨਿਵਾਸੀ ਭਾਰਤੀ ਮੂਲ ਦੀ ਇਕ ਨਵ ਵਿਆਹੁਤਾ ਨੇ ਪੁਲਿਸ ਕੋਲ ਕੀਤੀ ਇਕ ਸ਼ਿਕਾਇਤ ਵਿਚ ਦੋਸ਼ ਲਾਏ ਹਨ ਕਿ ਉਸ ਦੇ ਪਤੀ ਨੇ ਵਿਆਹ ਉਪਰੰਤ ਪਿਛਲੇ 5 ਮਹੀਨਿਆਂ ਦੌਰਾਨ ਤਕਰੀਬਨ ਹਰ ਰੋਜ਼ ਉਸ ਉਪਰ ਤਸ਼ੱਦਦ ਕੀਤਾ ਤੇ ਉਸ ਨਾਲ ਜਬਰ ਜਨਾਹ ਕੀਤਾ। ਉਸ ਨੂੰ ਗੁਲਾਮ ਬਣਾ ਕੇ ਰਖਿਆ ਗਿਆ। ਹਾਲਾਂ ਕਿ ਪੀੜਤਾਂ ਤੇ ਉਸ ਦੇ ਪਤੀ ਦਾ ਨਾਂ ਪੁਲਿਸ ਨੇ ਨਹੀਂ ਦੱਸਿਆ ਹੈ ਪਰ ਨਵ ਵਿਆਹੁਤਾ ਭਾਰਤ ਦੇ ਬਿਹਾਰ ਰਾਜ ਦੀ ਰਹਿਣ ਵਾਲੀ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਪੀੜਤ ਔਰਤ ਦੀ ਸ਼ਿਕਾਇਤ 'ਤੇ ਵਿਚਾਰ ਕਰ ਰਹੀ ਹੈ ਤੇ ਪਤੀ ਵਿਰੁੱਧ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਸਾਊਥ ਏਸ਼ੀਆ ਮਿਨਾਰਟੀਜ਼ ਅਲਾਇੰਸ ਫਾਊਂਡੇਸ਼ਨ ਦੇ ਕਾਰਜਕਾਰੀ ਮੁਖੀ ਪੁਨੀਤ ਆਹਲੂਵਾਲੀਆ ਨੇ ਇਸ ਮਾਮਲੇ ਬਾਰੇ ਬੋਲਦਿਆਂ ਕਿਹਾ ਹੈ ਕਿ ਮੈ ਵਿਦੇਸ਼ ਵਿਭਾਗ ਨਾਲ ਸੰਪਰਕ ਕਰਕੇ ਅਜਿਹੇ ਵਿਅਕਤੀ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਉਪਰ ਜੋਰ ਪਾਵਾਂਗਾ। ਉਨ੍ਹਾਂ ਕਿਹਾ ਕਿ ਆਪਣੇ ਘਰ ਤੋਂ ਦੂਰ ਇਕ ਔਰਤ ਨੂੰ ਗੁਲਾਮ ਬਣਾ ਕੇ ਰੱਖਣ ਦਾ ਇਹ ਇਕ ਗੰਭੀਰ ਮਾਮਲਾ ਹੈ। ਪੀੜਤਾਂ ਦਾ ਵਿਆਹ ਇਸ ਸਾਲ ਫਰਵਰੀ ਵਿਚ ਪਟਨਾ ਵਿੱਚ ਹੋਇਆ ਸੀ ਤੇ ਉਹ ਮਾਰਚ ਵਿਚ ਅਮਰੀਕਾ ਆਈ ਸੀ। ਉਸ ਨੇ ਦੋਸ਼ ਲਾਇਆ ਹੈ ਕਿ ਉਸ ਦੇ ਅਮਰੀਕਾ ਆਉਣ ਉਪਰੰਤ ਹੀ ਉਸ ਉਪਰ ਤਸ਼ੱਦਦ ਸ਼ੁਰੂ ਹੋ ਗਿਆ ਸੀ ਤੇ ਉਸ ਦੇ ਮਾਪਿਆਂ ਕੋਲੋਂ 50 ਲੱਖ ਰੁਪਏ ਦੀ ਮੰਗ ਕੀਤੀ ਜਾ ਰਹੀ ਸੀ।

# ਗਵਰਨਰ ਨੂੰ ਅਗਵਾ ਕਰਨ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ੀ ਨੂੰ 6 ਸਾਲ ਦੀ ਕੈਦ

**ਸੈਕਰਾਮੈਂਟੋ 27 ਅਗਸਤ (ਹੁਸਨ ਲੜੋਆ ਬੰਗਾ)–**ਇਕ ਸੰਘੀ ਅਦਾਲਤ ਨੇ ਟਾਈ ਗਾਰਬਿਨ ਨਾਮੀ ਵਿਅਕਤੀ ਨੂੰ ਮਿਸ਼ੀਗਨ ਦੇ ਗਵਰਨਰ ਗਰੈਚਨ ਵਿਟਮਰ ਨੂੰ ਅਗਵਾ ਕਰਨ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੇ ਮਾਮਲੇ ਵਿਚ 6 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਟਾਈ ਗਾਰਬਿਨ ਉਨ੍ਹਾਂ 6 ਦੋਸ਼ੀਆਂ ਵਿਚ ਸ਼ਾਮਿਲ ਹੈ ਜਿਨ੍ਹਾਂ ਨੇ ਵਿਟਮਰ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਸੀ। ਇਸ ਸਾਲ ਜਨਵਰੀ ਵਿਚ ਗਾਰਬਿਨ ਨੇ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਇਸਤਗਾਸਾ ਧਿਰ ਦੇ ਵਕੀਲ ਨੇ ਅਦਾਲਤ ਵਿਚ ਕਿਹਾ ਕਿ ਉਸ ਨੂੰ 9 ਸਾਲ ਦੇ ਆਸ ਪਾਸ ਸਜ਼ਾ ਦਿੱਤੀ ਜਾਵੇ ਹਾਲਾਂ ਕਿ ਵਕੀਲ ਨੇ ਸਹਿਯੋਗ ਕਰਨ ਲਈ ਗਾਰਬਿਨ ਦੀ ਪ੍ਰਸੰਸਾ ਵੀ ਕੀਤੀ। ਬਚਾਅ ਪੱਖ ਦੇ ਵਕੀਲ ਨੇ ਜੱਜ ਨੂੰ ਬੇਨਤੀ ਕੀਤੀ ਕਿ ਗਾਰਬਿਨ ਨੇ ਸਹਿਯੋਗ ਕੀਤਾ ਹੈ ਤੇ ਅਜਿਹਾ ਕਰਕੇ ਉਸ ਨੇ ਆਪਣੀ ਜਿੰਦਗੀ ਵੀ ਖ਼ਤਰੇ ਵਿਚ ਪਾ ਲਈ ਹੈ। ਉਸ ਨੂੰ 6 ਸਾਲ ਤੋਂ ਵਧ ਸਜ਼ਾ ਨਹੀਂ ਮਿਲਣੀ ਚਾਹੀਦੀ। ਗਾਰਬਿਨ ਨੇ ਅਦਾਲਤ ਵਿਚ ਦਿੱਤੇ ਆਪਣੇ ਸੰਖੇਪ ਬਿਆਨ ਵਿਚ ਕਿਹਾ ਕਿ ਸਭ ਤੋਂ ਪਹਿਲਾਂ ਮੈ ਵਿਟਮਰ ਤੇ ਉਸ ਦੇ ਪਰਿਵਾਰ ਕੋਲੋਂ ਮੁਆਫੀ ਮੰਗਦਾ ਹਾਂ। ਉਸ ਨੇ ਕਿਹਾ ਮੈ ਕੱਟੜਪੰਥੀ ਸੋਚ ਛੱਡਣ ਲਈ ਇਕ ਸਲਾਹਕਾਰ ਸਮੂਹ ਨਾਲ ਮਿਲ ਕੇ ਕੰਮ ਕਰਾਂਗਾ ਤੇ ਹੋਰਨਾਂ ਦੀ ਵੀ ਕੱਟੜਪੰਥੀ ਬਣਨ ਤੋਂ ਰੋਕਣ ਲਈ ਮਦਦ ਕਰਾਂਗਾ।

# ਅਮਰੀਕਾ ਵਿਚ ਨਫ਼ਰਤੀ ਅਪਰਾਧਾਂ ਵਿੱਚ ਹੋਇਆ ਭਾਰੀ ਵਾਧਾ-ਐਫ ਬੀ ਆਈ

**ਸੈਕਰਾਮੈਂਟੋ 31 ਅਗਸਤ (ਹੁਸਨ ਲੜੋਆ ਬੰਗਾ)–** 2020 ਵਿਚ ਅਮਰੀਕਾ ਵਿੱਚ ਨਫ਼ਰਤੀ ਅਪਰਾਧ ਪਿਛਲੇ 12 ਸਾਲਾਂ ਦੇ ਸਭ ਤੋਂ ਉਪਰਲੇ ਪੱਧਰ ਉਪਰ ਪੁੱਜ ਗਏ ਹਨ। ਇਹ ਖੁਲਾਸਾ ਐਫ ਬੀ ਆਈ ਨੇ ਕੀਤਾ ਹੈ। ਪਿਛਲੇ ਸਾਲ 10000 ਤੋਂ ਵਧ ਲੋਕਾਂ ਨੇ ਲਾਅ ਇਨਫੋਰਸਮੈਂਟ ਏਜੰਸੀਆਂ ਤੱਕ ਪਹੁੰਚ ਕਰਕੇ ਜਾਤ, ਧਰਮ, ਲਿੰਗ ਜਾਂ ਅੰਗਹੀਣਤਾ ਕਾਰਨ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਣ ਦੀ ਸ਼ਿਕਾਇਤ ਕੀਤੀ ਸੀ। ਐਫ ਬੀ ਆਈ ਅਨੁਸਾਰ ਇਹ ਗਿਣਤੀ ਪਿਛਲੇ ਸਾਲਾਂ ਦੀ ਤੁਲਨਾ ਵਿਚ ਜਿਆਦਾ ਹੈ। ਐਫ ਬੀ ਆਈ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2020 ਵਿਚ ਉਸ ਕੋਲ 7700 ਤੋਂ ਵਧ ਲੋਕਾਂ ਵੱਲੋਂ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਣ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਜੋ ਕਿ 2019 ਦੀ ਤੁਲਨਾ ਵਿਚ 450 ਸ਼ਿਕਾਇਤਾਂ ਵਧ ਹਨ। ਇਹ ਵਾਧਾ ਇਸ ਹਕੀਕਤ ਦੇ ਬਾਵਜੂਦ ਹੋਇਆ ਹੈ ਕਿ ਕਈ ਏਜੰਸੀਆਂ ਨੇ ਆਪਣੇ ਖੇਤਰ ਵਿਚ ਵਾ-ਪਰੀਆਂ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਹੀ ਨਹੀਂ ਦਿੱਤੀ। ਰਿਪੋਰਟ ਅਨੁਸਾਰ ਪਿਛਲੇ ਸਾਲ ਨਫ਼ਰਤੀ ਅਪਰਾਧ ਦੀਆਂ 7783 ਘਟਨਾਵਾਂ ਦਰਜ ਹੋਈਆਂ। 2008 ਤੋਂ ਬਾਅਦ ਪਹਿਲੀ ਵਾਰ ਏਨੀ ਵੱਡੀ ਗਿਣਤੀ ਵਿਚ ਨਫ਼ਰਤੀ ਅਪਰਾਧ ਹੋਏ ਹਨ। ਇਨ੍ਹਾਂ ਵਿਚ 2755 ਸਿਆਹਫਾਮ ਲੋਕ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਏ ਹਨ ਜਦ ਕਿ 2019 ਵਿਚ ਇਹ ਗਿਣਤੀ 1930 ਸੀ। 274 ਏਸ਼ੀਅਨਾਂ ਨੂੰ ਸਿਰਫਿਰੇ ਲੋਕਾਂ ਦੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਜਦ ਕਿ 2019 ਵਿਚ ਇਹ ਗਿਣਤੀ 161 ਸੀ। 62× ਲੋਕਾਂ ਨੂੰ ਆਪਣੀ ਨਸਲ ਜਾਂ ਜਾਤ ਕਾਰਨ ਨਫ਼ਰਤੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। 2019 ਵਿਚ ਇਹ ਗਿਣਤੀ 58× ਸੀ। 2020 ਵਿਚ 13× ਲੋਕਾਂ ਨੂੰ ਧਰਮ ਕਾਰਨ ਨਫ਼ਰਤੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਜਦ ਕਿ 20× ਮਾਮਲੇ ਲਿੰਗ ਅਧਾਰਿਤ ਨਫ਼ਰਤੀ ਹਿੰਸਾ ਨਾਲ ਸਬੰਧਤ ਹਨ। ਇਸੇ ਦੌਰਾਨ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਨਫ਼ਰਤੀ ਅਪਰਾਧ ਨੂੰ ਰੋਕਣਾ ਤੇ ਨਫ਼ਰਤੀ ਘਟਨਾ ਦੇ ਮਾਮਲੇ ਵਿਚ ਫੌਰਨ ਕਾਰਵਾਈ ਕਰਨੀ ਨਿਆਂ ਵਿਭਾਗ ਦੀ ਉੱਚ ਤਰਜੀਹ ਹੈ। ਉਨ੍ਹਾਂ ਕਿਹਾ ਕਿ ਐਫ ਬੀ ਆਈ ਦੇ ਅੰਕੜਿਆਂ ਅਨੁਸਾਰ ਸਿਆਹਫਾਮ ਤੇ ਅਫਰੀਕਨ ਮੂਲ ਦੇ ਅਮਰੀਕੀਆਂ ਵਿਰੁੱਧ ਨਫ਼ਰਤੀ ਅਪਰਾਧ ਵਧੇ ਹਨ। ਇਹ ਲੋਕ ਪਹਿਲਾਂ ਹੀ ਨਫ਼ਰਤੀ ਅਪਰਾਧਾਂ ਤੋਂ ਪੀੜਤ ਹਨ। ਅਟਾਰਨੀ ਅਨੁਸਾਰ ਏਸ਼ੀਅਨ ਮੂਲ ਦੇ ਅਮਰੀਕੀਆਂ ਵਿਰੁੱਧ ਅਪਰਾਧਾਂ ਵਿਚ ਵੀ ਵਰਣਨਯੋਗ ਵਾਧਾ ਹੋਇਆ ਹੈ।

# ਓਰੇਗਨ ਨੇ ਕੋਰੋਨਾ ਨਾਲ ਸਬੰਧਿਤ ਲਾਸ਼ਾਂ ਨੂੰ ਰੱਖਣ ਲਈ ਕੀਤੀ ਟਰੱਕਾਂ ਦੀ ਬੇਨਤੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਟੇਟ ਓਰੇਗਨ ਵਿੱਚ ਕੋਵਿਡ -19 ਨਾਲ ਮਰਨ ਵਾਲਿਆਂ ਦੀ ਗਿਣਤੀ ਕੁੱਝ ਕਾਉਂਟੀਆਂ ਵਿੱਚ ਤੇਜ਼ੀ ਨਾਲ ਵੱਧ ਰਹੀ ਹੈ । ਕੋਰੋਨਾ ਨਾਲ ਹੋਈਆਂ ਮੌਤਾਂ ਕਾਰਨ ਲਾਸ਼ਾਂ ਨੂੰ ਸੰਭਾਲਣ ਵਿੱਚ ਮੁਸ਼ਕਲ ਦਾ ਸਾਹਮਣਾ ਪੈਦਾ ਹੋ ਰਿਹਾ ਹੈ। ਇਸ ਲਈ ਸਟੇਟ ਵਿੱਚ ਲਾਸ਼ਾਂ ਰੱਖਣ ਲਈ ਕੁੱਝ ਕਾਉਂਟੀਆਂ ਵੱਲੋਂ ਲਾਸ਼ਾਂ ਰੱਖਣ ਵਾਲੇ ਟਰੱਕ ਦੀ ਮੰਗ ਕੀਤੀ ਜਾ ਰਹੀ ਹੈ, ਜਿਸਦੇ ਚਲਦਿਆਂ ਇੱਕ ਫਰਿੱਜ ਵਾਲਾ ਟਰੱਕ ਭੇਜਿਆ ਵੀ ਗਿਆ ਹੈ ਅਤੇ ਦੂਜਾ ਭੇਜਿਆ ਜਾ ਰਿਹਾ ਹੈ। ਸੂਬੇ ਦੀਆਂ ਦੋ ਕਾਉਂਟੀਆਂ ਵੱਲੋਂ ਇਹਨਾਂ ਟਰੱਕਾਂ ਲਈ ਬੇਨਤੀ ਕੀਤੀ ਗਈ ਸੀ। ਓਰੇਗਨ ਦੇ ਐਮਰਜੈਂਸੀ ਮੈਨੇਜਮੈਂਟ ਦੇ ਬੁਲਾਰੇ ਬੌਬੀ ਦੋਆਨ ਅਨੁਸਾਰ ਓਰੇਗਨ ਦੀਆਂ ਟਿਲਮੁਕ ਅਤੇ ਜੋਸੇਫਾਈਨ ਕਾਉਂਟੀਆਂ ਨੇ ਲਾਸ਼ਾਂ ਸੰਭਾਲਣ ਵਾਲੇ ਟਰੱਕਾਂ ਦੀ ਬੇਨਤੀ ਕੀਤੀ ਸੀ। ਟਿਲ-ਮੁਕ ਕਾਉਂਟੀ ਦੇ ਐਮਰਜੈਂਸੀ ਡਾਇਰੈਕਟਰ ਅਨੁਸਾਰ ਕਾਉਂਟੀ ਦਾ ਇੱਕੋ ਇੱਕ ਅੰਤਿਮ ਸੰਸਕਾਰ ਘਰ 9 ਲਾਸ਼ਾਂ ਦੀ ਸਮਰੱਥਾ ਤੋਂ ਬਾਹਰ ਹੋ ਗਿਆ ਹੈ ਅਤੇ ਸਟਾਫ 'ਚ ਕੋਵਿਡ ਮਾਮਲਿਆਂ ਦੇ ਕਾਰਨ ਨੇੜਲੀਆਂ ਕਾਉਂਟੀਆਂ ਵਿੱਚ ਲਾਸ਼ਾਂ ਨੂੰ ਲੇ ਕੇ ਜਾਣਾ ਵੀ ਔਖਾ ਹੈ। ਇਸ ਲਈ ਇੱਕ ਰੈਫਰੀਜੇਰੇਟਿਡ ਟਰੱਕ ਸ਼ੁੱਕਰਵਾਰ ਨੂੰ ਕਾਉਂਟੀ ਵਿੱਚ ਪਹੁੰਚਿਆ ਹੈ ਜੋ ਕਿ ਕਲਾਮਥ ਕਾਉਂਟੀ ਦੁਆਰਾ ਉਧਾਰ ਦਿੱਤਾ ਗਿਆ ਹੈ। ਇਸਦੇ ਇਲਾਵਾ ਜੋਸੇਫਾਈਨ ਕਾਉਂਟੀ ਦੀ ਐਮਰਜੈਂਸੀ ਮੈਨੇਜਰ ਐਮਿਲੀ ਰਿੰਗ ਨੇ ਵੀ ਮੰਗਲਵਾਰ ਨੂੰ ਸਟੇਟ ਤੋਂ ਇੱਕ ਰੈਫਰੀਜੇਰੇਟਿਡ ਟ੍ਰੇਲਰ ਦੀ ਮੰਗ ਕੀਤੀ। ਓਰੇਗਨ ਹੈਲਥ ਅਥਾਰਟੀ ਨੇ ਸ਼ੁੱਕਰਵਾਰ ਨੂੰ 20 ਨਵੀਆਂ ਮੌਤਾਂ ਦੀ ਖਬਰ ਦਿੱਤੀ, ਜਿਸ ਨਾਲ ਰਾਜ ਦੀ ਮੌਤ ਦੀ ਗਿਣਤੀ 3,115 ਹੋ ਗਈ ਅਤੇ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਸਟੇਟ ਵਿੱਚ ਕੋਰੋਨਾ ਵਾਇਰਸ ਦੇ 268,401 ਮਾਮਲੇ ਸਾਹਮਣੇ ਆਏ ਹਨ।



# ਟੈਨੇਸੀ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਦੇਸ਼ ਭਰ ਤੋਂ ਪਹੁੰਚੇ ਵਲੰਟੀਅਰ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਟੇਟ ਟੈਨੇਸੀ ਵਿੱਚ ਪਿਛਲੇ ਦਿਨੀਂ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਵਿੱਚ ਪੀੜਤਾਂ ਦੀ ਮਦਦ ਲਈ ਦੇਸ਼ ਭਰ ਵਿੱਚੋਂ ਵਲੰਟੀਅਰਾਂ ਦੁਆਰਾ ਮਦਦ ਲਈ ਸ਼ਮੂਲੀਅਤ ਕੀਤੀ ਗਈ । ਅਮਰੀਕਾ ਦੇ ਕਈ ਸੂਬਿਆਂ ਵਿੱਚੋਂ ਸੈਂਕੜੇ ਵਲੰਟੀਅਰ ਸ਼ਨੀਵਾਰ ਨੂੰ ਟੈਨੇਸੀ ਦੇ ਵੇਵਰਲੀ ਕਸਬੇ ਦੀ ਸਫਾਈ ਅਤੇ ਹੰਫਰੀਜ਼ ਕਾਉਂਟੀ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇਕੱਠੇ ਹੋਏ। ਵੇਵਰਲੀ ਵਿੱਚ ਹੜ੍ਹ ਨਾਲ ਨੁਕਸਾਨੇ ਗਏ 520 ਤੋਂ ਵੱਧ ਘਰਾਂ ਦੀ ਮੁਰੰਮਤ ਵਿੱਚ ਸਹਾਇਤਾ ਲਈ ਆਏ ਕਾਰਪੇਂਟਰਾਂ ਤੋਂ ਲੈ ਕੇ ਖਾਣਾ ਬਣਾਉਣ ਵਾਲਿਆਂ ਦਾ ਇਸ ਸ਼ਹਿਰ ਨੇ ਸਵਾਗਤ ਕੀਤਾ। ਇਹਨਾਂ ਘਰਾਂ ਵਿੱਚੋਂ ਤਕਰੀਬਨ 272 ਪੂਰੀ ਤਰਾਂ ਤਬਾਹ ਹੋ ਗਏ ਸਨ। ਇਸ ਮੌਕੇ ਓਹੀਓ, ਮਿਸ਼ੀਗਨ ਅਤੇ ਟੈਕਸਾਸ ਤੋਂ ਆਉਣ ਵਾਲੇ ਰਾਸ਼ਟਰੀ ਸਮੂਹਾਂ ਦੇ ਨਾਲ ਤਕਰੀਬਨ 20 ਵੱਖ -ਵੱਖ ਸੰਸਥਾਵਾਂ ਸਹਾਇਤਾ ਲਈ ਸ਼ਾਮਲ ਹੋਈਆਂ ਅਤੇ ਵਲੰਟੀਅਰਾਂ ਨੇ 87 ਰਿਕਵਰੀ ਟੀਮਾਂ ਦੇ ਹਿੱਸੇ ਵਜੋਂ ਕੰਮ ਕੀਤਾ। ਇਹਨਾਂ ਵਲੰਟੀਅਰਾਂ ਅਨੁਸਾਰ ਇਹ ਸਹਾਇਤਾ ਆਉਣ ਵਾਲੇ ਹਫਤਿਆਂ ਜਾਂ ਮਹੀਨਿਆਂ ਤੱਕ ਵੇਵਰਲੀ ਵਿੱਚ ਜਾਰੀ ਰਹੇਗੀ।




# ਕਰਨਦੀਪ ਚੌਹਾਨ ਦਾ ਕੌਮੀ ਕੁਸ਼ਤੀ ਚੈਂਪੀਅਨਸ਼ਿਪ ਜਿੱਤਣ ਲਈ ਸਨਮਾਨ ਕਰਨ ਦਾ ਫੈਸਲਾ







ਸਿਆਟਲ (ਗੁਰਚਰਨ ਸਿੰਘ ਢਿੱਲੋਂ)- ਸਿਆਟਲ ਦੇ ਉਭਰਦੇ ਪਹਿਲਵਾਨ ਕਰਨਦੀਪ ਚੌਹਾਨ ਨੇ ਸੁਪਰੀਮ ਸਮਰ ਨੈਸ਼ਨਲ ਕੁਸ਼ਤੀ ਚੈਂਪੀਅਨਸ਼ਿਪ 27 ਤੋਂ 29 ਅਗਸਤ ਨੂੰ ਲਾਸ ਵੇਗਾਸ ਵਿਖੇ ਜੂਨੀਅਰ ਵਰਗ ’ਚੋਂ 138 ਪੌਂਡ ਭਾਰ ’ਚ ਕਾਂਸ਼ੀ ਦਾ ਤਮਗਾ ਜਿੱਤ ਕੇ ਸਿਆਟਲ ਪਹੁੰਚਣ ਤੇ ਕਰਨਦੀਪ ਸਿੰਘ ਚੌਹਾਨ ਤੇ ਉਸਦੇ ਪਿਤਾ ਹਰਦੀਪ ਸਿੰਘ ਚੌਹਾਨ ਨੂੰ ਪੰਜਾਬੀ ਭਾਈਚਾਰੇ ਦੇ ਖੇਡ ਪ੍ਰੇਮੀਆਂ ਨੇ ਵਧਾਈਆਂ ਦਿੱਤੀਆਂ ਅਤੇ ਸਮਾਗਮ ਆਯੋਜਿਤ ਕਰਕੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਅਤੇ ਸਿਆਟਲ ਖੇਡ ਕੈਂਪ ਦੀ ਵੱਡੀ ਪ੍ਰਾਪਤੀ ਦੱਸਿਆ। ਹਰਦੇਵ ਸਿੰਘ ਜਜ, ਸੇਮ ਵਿਰਕ, ਗੁਰਦੀਪ ਸਿੰਘ ਸਿੱਧੂ ਤੇ ਖੇਡ ਕੈਂਪ ਦੇ ਪ੍ਰਬੰਧਕਾਂ ਨੇ ਸੁਝਾਅ ਦਿੱਤਾ ਕਿ ਪੰਜਾਬੀ ਭਾਈਚਾਰੇ ਦਾ ਕੋਈ ਵੀ ਨੈਸ਼ਨਲ ਜਾਂ ਅੰਤਰ ਰਾਸ਼ਟਰੀ ਪੱਧਰ ਤੇ ਭਾਗ ਲਵੇ ਤਾਂ ਉਸ ਦਾ ਸਾਰਾ ਖਰਚਾ ਪੰਜਾਬੀ ਭਾਈਚਾਰੇ ਵੱਲੋਂ ਸਾਂਝੇ ਤੌਰ ’ਤੇ ਕਰਨਾ ਚਾਹੀਦਾ ਹੈ। ਕਰਨਦੀਪ ਚੌਹਾਨ ਦ ਵੱਡੇ ਭਰਾ ਰਜਤ ਚੌਹਾਨ, ਵਿਸ਼ਵ ਪਾਵਰਲਿਫਟਿੰਗ ’ਚ ਸੋਨ ਤਮਗਾ ਜਿੱਤ ਚੁੱਕੇ ਹਨ ਅਤੇ ਪਿਛਲੇ 11 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ’ਚ ਭਾਗ ਲੈ ਰਹੇ ਹਨ, ਜਿਹਨਾਂ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੌਸਲਾ ਅਫਜ਼ਾਈ ਕੀਤੀ ਜਾਂਦੀ ਹੈ।

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago’s Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

## ਲੰਡਨ/ ਗਲਾਸਗੋ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਅਫ਼ਗਾਨਿਸਤਾਨ ਤੋਂ 170 ਬਿੱਲੀਆਂ ਅਤੇ ਕੁੱਤਿਆਂ ਦੇ ਨਾਲ ਲੰਡਨ ਪਹੁੰਚਿਆ ਬ੍ਰਿਟਿਸ਼ ਵਿਅਕਤੀ

**ਗਲਾਸਗੋ / ਲੰਡਨ–** ਅਫ਼ਗਾਨਿਸਤਾਨ ਵਿੱਚ ਇੱਕ ਪ੍ਰੂਸ਼ ਸ਼ੈਲਟਰ ਚਲਾਉਂਦਾ ਪੇਨ ਫਾਰਥਿੰਗ ਐਤਵਾਰ ਨੂੰ ਸਵੇਰੇ 7 ਵਜੇ ਅਫ਼ਗਾਨਿਸਤਾਨ ਤੋਂ ਪ੍ਰਾਈਵੇਟ ਚਾਰਟਰ ਫਲਾਈਟ 'ਤੇ 170 ਅਫਗਾਨ ਕੁੱਤਿਆਂ ਅਤੇ ਬਿੱਲੀਆਂ ਸਮੇਤ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਸੁਰੱਖਿਅਤ ਉਤਰਿਆ। ਫਾਰਥਿੰਗ ਦੀ ਪਤਨੀ, ਕੈਸਾ ਮਾਰਖੁਸ, ਜੋ ਕਿ ਕਾਬੁਲ ਵਿੱਚ ਇੱਕ ਨਾਰਵੇਜੀਅਨ ਐਨ ਜੀ ਓ ਲਈ ਕੰਮ ਕਰਦੀ ਸੀ, ਹਵਾਈ ਅੱਡੇ ਤੇ ਉਸਦੀ ਉਡੀਕ ਕਰ ਰਹੀ ਸੀ ਅਤੇ 20 ਅਗਸਤ ਨੂੰ ਕਾਬੁਲ ਤੋਂ ਆ ਗਈ ਸੀ। ਇਹਨਾਂ ਜਾਨਵਰਾਂ ਨੂੰ ਹੀਥਰੋ ਐਨੀਮਲ



ਰਿਸੈਪਸ਼ਨ ਸੈਂਟਰ ਵਿਖੇ ਚੈਕਅੱਪ ਕੀਤਾ ਗਿਆ ਵੱਖਰੇ ਵੱਖਰੇ ਕੁਆਰੰਟੀਨ ਸੈਂਟਰਾਂ ਵਿੱਚ ਭੇਜ ਦਿੱਤਾ ਗਿਆ ਹੈ। ਜਿੱਥੇ ਇਹਨਾਂ ਨੂੰ ਛੇ ਮਹੀਨਿਆਂ ਤੱਕ ਰਹਿਣਾ ਪਵੇਗਾ। ਫਾਰਥਿੰਗ ਨੇ ਇੱਕ ਬੋਇੰਗ 727 ਜਹਾਜ਼ ਜੋ ਕਿ ਸ਼ਨੀਵਾਰ ਸ਼ਾਮ ਨੂੰ ਕਰਾਚੀ ਤੋਂ ਕਾਬੁਲ ਹਵਾਈ ਅੱਡੇ ਪਹੁੰਚਿਆ ਸੀ, ਵਿੱਚ 170 ਪਸ਼ੂਆਂ ਪਰ ਬਿਨਾਂ ਆਪਣੇ ਅਫਗਾਨੀ ਸਟਾਫ ਦੇ ਨਿਕਲਿਆ। ਇਹਨਾਂ ਬਚਾਏ ਗਏ ਜਾਨਵਰਾਂ ਵਿੱਚ ਬ੍ਰਿਟਿਸ਼ ਦੂਤਘਰ ਸਟਾਫ ਦੀਆਂ ਦੀਆਂ ਬਿੱਲੀਆਂ ਵੀ ਸਨ, ਜਿਹਨਾਂ ਨੂੰ ਵਿਅਕਤੀਆਂ ਨਾਲ ਉਡਾਣਾਂ ਵਿੱਚ ਵਾਪਸੀ ਦੀ ਆਗਿਆ ਨਹੀਂ ਸੀ। ਫਾਰਥਿੰਗ ਨੇ 2007 ਵਿੱਚ ਨੋਜ਼ਾਦ ਸ਼ੈਲਟਰ ਨੂੰ ਕੁੱਤਿਆਂ ਦੀ ਪਨਾਹ ਵਜੋਂ ਸ਼ੁਰੂ ਕੀਤਾ ਸੀ। ਉਸ ਵੇਲੇ ਫਾਰਥਿੰਗ ਅਫ਼ਗਾਨਿਸਤਾਨ ਵਿੱਚ ਮਰੀਨ ਕਮਾਂਡੋ ਵਜੋਂ ਤਾਇਨਾਤ ਸੀ। ਇਹ ਸ਼ੈਲਟਰ ਫਿਰ ਕਾਬੁਲ ਵਿੱਚ ਇੱਕ ਪਸ਼ੂ ਪਨਾਹ, ਪ੍ਰਯੋਗਸ਼ਾਲਾ ਅਤੇ ਸਰਜਰੀ ਕਲੀਨਿਕ ਦੇ ਰੂਪ ਵਿੱਚ ਵਿਕਸਤ ਹੋਇਆ, ਜਿਸ ਵਿੱਚ ਕਈ ਅਫਗਾਨੀ ਲੋਕ ਵੀ ਕੰਮ ਕਰਦੇ ਸਨ।

# ਬਰਤਾਨੀਆ ਨੇ ਟੋਕੀਓ ਪੈਰਾਲੰਪਿਕ ਖੇਡਾਂ ਵਿੱਚ ਵੀਲਚੇਅਰ ਰਗਬੀ 'ਚ ਜਿੱਤਿਆ ਸੋਨ ਤਮਗਾ

**ਗਲਾਸਗੋ / ਲੰਡਨ–** ਜਪਾਨ ਦੇ ਸ਼ਹਿਰ ਟੋਕੀਓ ਵਿੱਚ ਉਲੰਪਿਕ ਖੇਡਾਂ ਤੋਂ ਬਾਅਦ ਹੁਣ ਪੈਰਾਲੰਪਿਕ ਖੇਡਾਂ ਹੋ ਰਹੀਆਂ ਹਨ। ਇਹਨਾਂ ਖੇਡਾਂ ਵਿੱਚ ਬਰਤਾਨਵੀ ਵੀਲ ਚੇਅਰ ਰਗਬੀ ਟੀਮ ਨੇ ਅਮਰੀਕਾ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਹੈ। ਟੀਮ ਗਰੇਟ ਬ੍ਰਿਟੇਨ (ਜੀ ਬੀ) ਨੇ ਅਮਰੀਕਾ ਉੱਤੇ 54-49 ਦੀ ਜਿੱਤ ਦੇ ਨਾਲ ਪੈਰਾਲੰਪਿਕ ਖੇਡਾਂ ਵਿੱਚ ਆਪਣਾ ਪਹਿਲਾ ਵੀਲਚੇਅਰ ਰਗਬੀ ਸੋਨ ਤਮਗਾ ਜਿੱਤਿਆ। ਇਸ ਖੇਡ ਨੂੰ ਪਹਿਲੀ ਵਾਰ 2000 ਵਿੱਚ ਪੈਰਾਲੰਪਿਕਸ ਵਿੱਚ ਪੇਸ਼ ਕੀਤਾ ਗਿਆ ਸੀ। ਪਰ 2004 ਅਤੇ 2008 ਵਿੱਚ ਕਾਂਸੀ ਤਮਗਾ ਪਲੇਆਫ ਵਿੱਚ ਹਾਰਨ ਤੋਂ ਬਾਅਦ ਟੋਕੀਓ ਖੇਡਾਂ ਤੱਕ ਗਰੇਟ ਬ੍ਰਿਟੇਨ ਨੂੰ ਇੱਕ ਮੈਡਲ ਨਹੀਂ ਮਿਲਿਆ ਸੀ। ਐਤਵਾਰ ਨੂੰ ਅਮਰੀਕਾ ਵਿਰੁੱਧ ਫਾਈਨਲ ਵਿੱਚ, ਟੀਮ ਜੀ ਬੀ ਨੇ ਅੰਤਮ ਕੁਆਰਟਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੋਨ ਤਮਗਾ ਜਿੱਤਣ ਵਿੱਚ ਸਫਲਤਾ ਪ੍ਰਾਪਤ ਕੀਤੀ। ਇਸ ਮੁਕਾਬਲੇ ਵਿੱਚ ਕਪਤਾਨ ਜਿਮ ਰੌਬਰਟਸ ਨੇ 24 ਅਤੇ ਬ੍ਰਿਟਿਸ਼ ਰਾਇਲ ਏਅਰ ਫੋਰਸ ਦੇ ਸਟੂਅਰਟ ਰੌਬਿਨਸਨ ਨੇ 14 ਸਕੋਰਿੰਗ ਕੋਸ਼ਿਸ਼ਾਂ ਕੀਤੀਆਂ। ਟੀਮ ਜੀ ਬੀ ਦੀ ਇਤਿਹਾਸਕ ਜਿੱਤ ਤੋਂ ਬਾਅਦ ਰੌਬਰਟਸ ਨੇ ਇਸਨੂੰ ਹੈਰਾਨੀਜਨਕ ਦੱਸਿਆ।



# ਹਰੀਸ਼ ਰਾਵਤ ਵੱਲੋਂ ਨਵਜੋਤ ਸਿੱਧੂ ਨਾਲ ਮੁਲਾਕਾਤ

**ਚੰਡੀਗੜ੍ਹ–** ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਨਵਜੋਤ ਸਿੱਧੂ ਦੇ ਖੇਮੇ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਖ਼ਿਲਾਫ਼ ਖੁੱਲ੍ਹੀ ਬਗਾਵਤ ਕੀਤੇ ਜਾਣ ਪਿੱਛੋਂ ਬਣੀ ਤਣਾਅ ਦੇ ਸੁਖਾਵੇਂ ਹੱਲ ਲਈ ਵਾਰਤਾ ਸ਼ੁਰੂ ਕਰ ਦਿੱਤੀ ਹੈ। ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਅੱਜ ਸ਼ਾਮ ਚੰਡੀਗੜ੍ਹ ਪੁੱਜ ਗਏ ਸਨ ਅਤੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਅਤੇ ਸਾਥੀਆਂ ਨਾਲ ਮੁਲਾਕਾਤ ਕਰਕੇ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਠੱਲ੍ਹਣ ਲਈ ਮੁਲਾਕਾਤ ਕੀਤੀ। ਹਰੀਸ਼ ਰਾਵਤ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਹਮਾਇਤ ਵਾਲੇ ਬਿਆਨ ਕਰਕੇ ਨਵਜੋਤ ਸਿੱਧੂ ਧੜਾ ਕਾਫੀ ਪ੍ਰੇਸ਼ਾਨ ਸੀ ਅਤੇ ਖਾਸ ਕਰਕੇ ਵਿਧਾਇਕ ਪਰਗਟ ਸਿੰਘ ਨੇ ਸਿੱਧੇ ਤੌਰ 'ਤੇ ਹਰੀਸ਼ ਰਾਵਤ ਦੀ ਘੇਰਾਬੰਦੀ ਕੀਤੀ ਸੀ। ਦੂਸਰੇ ਪਾਸੇ ਮੁੱਖ ਮੰਤਰੀ ਅਮਰਿੰਦਰ ਸਿੰਘ ਖੇਮੇ ਨੇ ਵੀ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਘਰ ਰਾਤਰੀ ਦਾਅਵਤ ਮੌਕੇ ਸਿਆਸੀ ਤਾਕਤ ਦਾ ਪ੍ਰਦਰਸ਼ਨ ਕੀਤਾ ਸੀ। ਹਾਈ ਕਮਾਨ ਕੋਲੋਂ ਸਮਾਂ ਨਾ ਮਿਲਣ ਕਰਕੇ ਸਿੱਧੂ ਧੜੇ ਦੇ ਵਜ਼ੀਰ ਕਾਫ਼ੀ ਨਾਰਾਜ਼ ਹੋ ਗਏ ਸਨ। ਕਾਂਗਰਸ ਹਾਈਕਮਾਨ ਤਰਫੋਂ ਹਰੀਸ਼ ਰਾਵਤ ਨੂੰ ਅੱਜ ਮੁੜ ਚੰਡੀਗੜ੍ਹ ਫੇਰੀ 'ਤੇ ਭੇਜਿਆ ਗਿਆ ਹੈ ਤਾਂ ਜੋ ਪੰਜਾਬ ਕਾਂਗਰਸ ਦਾ ਅੰਦਰੂਨੀ ਕਾਟੋ-ਕਲੇਸ਼ ਮੁੜ ਛਿੜਨ ਦੀ ਜ਼ਮੀਨੀ ਹਕੀਕਤ ਜਾਣੀ ਜਾ ਸਕੇ। ਮੁਢਲੇ ਪੜਾਅ 'ਤੇ ਹਰੀਸ਼ ਰਾਵਤ ਨੇ ਹੀ ਅਮਰਿੰਦਰ ਤੇ ਨਵਜੋਤ ਸਿੱਧੂ ਨੂੰ ਇੱਕ ਦੂਜੇ ਦੇ ਨੇੜੇ ਲਾਇਆ ਸੀ।

ਅੱਜ ਹਰੀਸ਼ ਰਾਵਤ ਕਰੀਬ ਛੇ ਵਜੇ ਪੰਜਾਬ ਭਵਨ ਵਿਚ ਪੁੱਜੇ ਜਿਥੋਂ ਉਹ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ ਅਤੇ ਵਿਧਾਇਕ ਪਰਗਟ ਸਿੰਘ ਨਾਲ ਗੱਡੀ ਵਿਚ ਸਵਾਰ ਹੋ ਕੇ ਸਿੱਧੇ ਕਾਂਗਰਸ ਭਵਨ ਪੁੱਜੇ ਜਿਥੇ ਉਨ੍ਹਾਂ ਨੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ, ਕਾਰਜਕਾਰੀ ਪ੍ਰਧਾਨ ਪਵਨ ਗੋਇਲ, ਕੁਲਜੀਤ ਨਾਗਰਾ ਅਤੇ ਵਿਧਾਇਕ ਪਰਗਟ ਸਿੰਘ ਨਾਲ ਲੰਮੀ ਮੀਟਿੰਗ ਕੀਤੀ।

**ਸਿੱਧੂ ਦਾ18 ਨੁਕਾਤੀ ਏਜੰਡਾ**

ਹਰੀਸ਼ ਰਾਵਤ ਦੀ ਮੀਟਿੰਗ ਦੇਰ ਸ਼ਾਮ 8.30 ਵਜੇ ਤੱਕ ਚੱਲੀ। ਸੂਤਰਾਂ ਅਨੁਸਾਰ ਨਵਜੋਤ ਸਿੱਧੂ ਨੇ 18 ਨੁਕਾਤੀ ਏਜੰਡੇ ਨੂੰ ਲੈ ਕੇ ਉਸ ਦੇ ਅਮਲ ਤੋਂ ਜਾਣੂ ਕਰਾਇਆ ਹੈ। ਕਾਂਗਰਸ ਪ੍ਰਧਾਨ ਨੇ ਆਪਣੇ ਧੜੇ ਦੀ ਅਵਾਜ਼ ਨੂੰ ਹਰੀਸ਼ ਰਾਵਤ ਅੱਗੇ ਰੱਖਿਆ ਜਿਸ ਧੜੇ ਤਰਫੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਤਬਦੀਲ ਕੀਤੇ ਜਾਣ ਦੀ ਗੱਲ ਕਹੀ ਗਈ ਸੀ। ਪਤਾ ਲੱਗਾ ਹੈ ਕਿ ਹਰੀਸ਼ ਰਾਵਤ ਨੇ ਭਖੇ ਹੋਏ ਇਸ ਧੜੇ ਨੂੰ ਠਰ੍ਹੰਮੇ ਨਾਲ ਸੁਣ ਕੇ ਠੰਢਾ ਛਿੜਕਣ ਦੀ ਕੋਸ਼ਿਸ਼ ਕੀਤੀ। ਅਗਲੀਆਂ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਰਕੇ ਹਾਈਕਮਾਨ ਇਸ ਗੱਲੋਂ ਚਿੰਤਤ ਹੈ ਕਿ ਅੰਦਰੂਨੀ ਕਲੇਸ਼ ਕਿਤੇ ਸਿਆਸੀ ਨੁਕਸਾਨ ਦੀ ਵਜ੍ਹਾ ਨਾ ਬਣ ਜਾਵੇ।

# ਔਕਲੈਂਡ ਖੇਤਰ 'ਚ 13 ਸਤੰਬਰ ਤੱਕ ਤਾਲਾਬੰਦੀ ਪੱਧਰ-4 ਰਹੇਗਾ-ਪ੍ਰਧਾਨ ਮੰਤਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਅਤੇ ਕੈਬਨਿਟ ਨੂੰ ਤਸੱਲੀ ਹੈ ਕਿ ਕਰੋਨਾ ਤਾਲਬੰਦੀ ਕਰਕੇ ਬਿਮਾਰੀ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਇਸੀ ਦੇ ਚਲਦਿਆਂ ਅੱਜ ਕੈਬਨਿਟ ਨੇ ਸਾਰੇ ਨਵੇਂ ਕੇਸਾਂ ਦੀ ਗਿਣਤੀ ਮਿਣਤੀ ਕਰਦਿਆਂ ਹਿਸਾਬ ਲਾਇਆ ਕਿ ਔਕਲੈਂਡ ਖੇਤਰ ਨੂੰ 13 ਸਤੰਬਰ ਤੱਕ ਕਰੋਨਾ ਤਾਲਾਬੰਦੀ ਪੱਧਰ-4 ਉੱਤੇ ਰੱਖਿਆ ਜਾਵੇਗਾ। ਨੌਰਥਲੈਂਡ ਵਾਲੇ ਪਾਸੇ ਗੰਦੇ ਪਾਣੀ ਦੇ ਰਾਹੀਂ ਕਰੋਨਾ ਫੈਲਣ ਦੇ ਡਰੋਂ ਇਸਨੂੰ 2 ਸਤੰਬਰ ਤੱਕ ਅਜੇ ਪੱਧਰ-4 ਉੱਤੇ ਰੱਖਿਆ ਗਿਆ ਅਤੇ ਬਾਅਦ ਵਿਚ ਵਿਚਾਰ ਕਰਕੇ ਪੱਧਰ 3 ਕੀਤਾ ਜਾਵੇਗਾ। ਦੇਸ਼ ਦਾ ਬਾਕੀ ਹਿੱਸਾ ਕੱਲ ਰਾਤ 12 ਵਜੇ ਕਰੋਨਾ ਤਾਲਾਬੰਦੀ ਪੱਧਰ 3 ਉੱਤੇ ਚੱਲਿਆ ਜਾਵੇਗਾ। ਇਸ ਦੌਰਾਨ ਵਿਆਹ ਅਤੇ ਅੰਤਿਮ ਸੰਸਕਾਰ ਵਾਸਤੇ 10 ਤੱਕ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਸਕਣਗੇ।

ਅੱਜ ਕਰੋਨਾ ਦੇ ਹੋਰ 53 ਨਵੇਂ ਕੇਸ ਆਏ ਜਿਸ



ਤੋਂ ਬਾਅਦ ਕਾਰਜਸ਼ੀਲ ਕਰੋਨਾ ਕੇਸਾਂ ਦੀ ਗਿਣਤੀ 562 ਹੋ ਗਈ ਹੈ। 547 ਸਿਰਫ ਔਕਲੈਂਡ ਖੇਤਰ ਦੇ ਵਿਚ ਹਨ ਜਦ ਕਿ 15 ਕੇਸ ਵਲਿੰਗਟਨ ਦੇ ਹਨ। 37 ਲੋਕ ਹਸਪਤਾਲ ਦੇ ਵਿਚ ਦਾਖਲ ਹਨ। 32 ਜਨਰਲ ਵਾਰਡ ਦੇ ਵਿਚ ਅਤੇ 5 ਆਈ. ਸੀ. ਯੂ. ਦੇ ਵਿਚ ਸਥਿਰ ਹਾਲਤ ਦੇ ਵਿਚ ਹਨ।

**ਹੈਲੋ ਫਰੈਸ਼ ਦਾ ਸਟਾਫ ਪਾਜ਼ੇਟਿਵ:** ਸਿਹਤਮੰਦ ਭੋਜਨ ਵਾਸਤੇ ਜ਼ਿਮ ਜਾਣ ਵਾਲੇ ਲੋਕਾਂ ਦੀ ਪਹਿਲੀ ਪਸੰਦ ਬਣਿਆ ਹੈਲੋ ਫਰੈਸ਼ ਕੰਪਨੀ ਦੇ ਵਿਤਰਣ ਕੇਂਦਰ ਦੇ ਦੋ ਮੁਲਾਜ਼ਮ ਕਰੋਨਾ ਪਾਜ਼ੇਟਿਵ ਪਾਏ ਗਏ ਹਨ।

**ਬੱਸ ਡ੍ਰਾਈਵਰ ਜ਼ਖਮੀ ਕੀਤਾ:** ਤਿੰਨ ਸ਼ਰਾਰਤੀ ਨੌਜਵਾਨ ਜਿਸ ਦੇ ਵਿਚ ਦੋ ਲੜਕੀਆਂ ਵੀ ਸ਼ਾਮਿਲ ਸਨ, ਨੇ ਇਕ 69 ਸਾਲਾ ਬੱਸ ਡ੍ਰਾਈਵਰ ਨੂੰ ਜ਼ਖਮੀ ਕਰ ਦਿੱਤਾ। ਉਸਦੀ ਇਕ ਅੱਖ ਉੱਤੇ ਗਹਿਰੀ ਸੱਟ ਲੱਗੀ। ਕਿਸੇ ਗੱਲ ਨੂੰ ਲੈ ਕੇ ਉਹ ਆਪਸ ਵਿਚ ਖਹਿਬੜ ਪਏ ਅਤੇ 14-15 ਸਾਲਾਂ ਦੇ ਇਹਨਾਂ ਨੌਜਵਾਨਾਂ ਨੇ ਬੱਸ ਡ੍ਰਾਈਵਰ ਨਾਲ ਕੁੱਟਮਾਰ ਕੀਤੀ। ਐਨ. ਜ਼ੈਡ. ਬੱਸ ਦਾ ਇਹ ਡ੍ਰਾਈਵਰ ਸਾਬਕਾ ਪੁਲਿਸ ਅਤੇ ਆਰਮੀ ਵਿਅਕਤੀ ਸੀ। ਲਾਕਡਾਊਨ ਦੌਰਾਨ ਹੁਣ ਤੱਕ 16 ਅਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ ਜੋ ਕਿ ਬੱਸਾਂ, ਰੇਲਾਂ ਅਤੇ ਫੈਰੀ ਦੇ ਵਿਚ ਹੋਈਆਂ ਹਨ।

**ਕੋਵਿਡ ਟੈਸਟ ਵਾਲਾ ਟੈਂਟ ਹੀ ਪੁੱਟ ਕੇ ਲੈ ਗਏ:** ਟੌਰੰਗਾ ਵਿਖੇ ਕੋਵਿਡ ਟੈਸਟ ਵਾਸਤੇ ਲਗਾਇਆ ਗਿਆ ਇਕ ਟੈਂਟ ਜਿਸ ਦੀ ਕੀਮਤ 4000 ਡਾਲਰ ਦੇ ਕਰੀਬ ਸੀ, ਚੋਰ ਰਾਤ ਨੂੰ ਪੁੱਟ ਕੇ ਲੈ ਗਏ। ਕੋਵਿਡ ਟੈਸਟ ਭਾਵੇਂ ਜਾਰੀ ਰੱਖੇ ਗਏ ਹਨ ਪਰ ਟੈਂਟ ਲੱਗੇ ਹੋਣ ਦੀ ਕਾਫੀ ਸਹੂਲਤ ਸੀ।


## Change of Name

I, Sukhwinder Singh Heer
s/o Jaspal Singh
Currently Resident of:
8555 Raffinato Ct, Elk Grove,
CA-95624, U.S.A.

Now I have changed my name

From: **Sukhwinder Singh Heer**
To : **Sukhwinder Singh**

**All concerned Kindly note it.**

## Change of Name

I, Gurprit Singh
s/o Gurmukh Singh
Currently Resident of:
876 Harvestmill Dr,
Manteca, CA-95336, U.S.A.

Now I have changed my name

From: **Gurprit Singh**
To: **Gurpreet Singh**

*All concerned Kindly note it*

# ਭਾਵਿਨਾ ਪਟੇਲ ਵੱਲੋਂ ਟੋਕੀਓ ਪੈਰਾਲੰਪਿਕ ਵਿੱਚ ਟੇਬਲ ਟੈਨਿਸ ਵਿੱਚੋਂ ਸਿਲਵਰ ਮੈਡਲ ਜਿੱਤਣ ਤੇ ਬੋਸ਼ੀਆ ਇੰਡੀਆ ਅਤੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਵੱਲੋਂ ਮੁਬਾਰਕਬਾਦ ਦਿੱਤੀ

ਟੋਕੀਓ ਪੈਰਾਲੰਪਿਕ 'ਚ ਭਾਰਤ ਨੂੰ ਪਹਿਲਾ ਮੈਡਲ ਮਿਲਿਆ ਹੈ। ਮਹਿਲਾ ਟੇਬਲ ਟੈਨਿਸ ਖਿਡਾਰੀ ਭਾਵਿਨਾ ਪਟੇਲ ਨੇ ਦੇਸ਼ ਨੂੰ ਸਿਲਵਰ ਮੈਡਲ ਦਿਵਾਇਆ ਹੈ। ਮਹਿਲਾ ਸਿੰਗਲ ਵਰਗ ਦੇ ਫਾਈਨਲ 'ਚ ਉਸ ਦਾ ਮੁਕਾਬਲਾ ਚੀਨ ਦੀ ਝੋਊ ਯਿੰਗ ਨਾਲ ਹੋਇਆ, ਜਿੱਥੇ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਝੋਊ ਯਿੰਗ ਨੇ ਪਹਿਲੀ ਗੇਮ 11-7 ਨਾਲ ਜਿੱਤ ਕੇ ਮੈਚ 'ਚ 1-0 ਦੀ ਬੜਤ ਬਣਾ ਲਈ ਸੀ। ਦੁਨੀਆ ਦੀ ਨੰਬਰ 1 ਖਿਡਾਰਨ ਝੋਊ ਯਿੰਗ ਨੇ ਆਪਣੇ ਬੈਕਹੈਂਡ ਸ਼ਾਟਸ ਨਾਲ ਭਾਰਤੀ ਪੈਡਲਰ ਨੂੰ ਪਰੇਸ਼ਾਨ ਕੀਤਾ ਤੇ ਬੜਤ ਲੈਣ 'ਚ ਸਫਲ ਰਹੀ। ਯਿੰਗ ਨੇ ਅਗਲੇ ਦੌਰ 'ਚ ਵੀ ਆਪਣਾ ਦਬਦਬਾ ਕਾਇਮ ਰੱਖਿਆ ਤੇ ਇਕ ਹੋਰ ਗੇਮ 11-5 ਨਾਲ ਜਿੱਤ ਲਈ। ਤੀਸਰੀ ਗੇਮ 'ਚ ਪਹਿਲੀਆਂ ਦੇ ਮੁਕਾਬਲੇ ਫਸਵਾਂ ਮੁਕਾਬਲਾ ਹੋਇਆ, ਪਰ ਚੀਨੀ ਪੈਡਲਰ ਨੇ ਖ਼ੁਦ ਨੂੰ ਸ਼ਾਂਤ ਰੱਖਿਆ ਤੇ ਮੈਚ ਜਿੱਤਣ ਵਿਚ ਸਫਲ ਰਹੀ। ਇਸ ਤੋਂ ਪਹਿਲਾਂ ਭਾਰਤੀ ਪੈਡਲਰ ਭਾਵਿਨਾ ਪਟੇਲ ਨੇ ਵਿਸ਼ਵ ਨੰਬਰ 3 ਖਿਡਾਰਨ ਨੂੰ ਹਰਾ ਕੇ ਫਾਈਨਲ 'ਚ ਥਾਂ ਬਣਾਈ ਸੀ। ਉਸ ਨੇ ਚੀਨ ਦੀ ਮਿਆਓ ਝਾਂਗ 7-11, 11-7, 11-4, 9-11, 11-8 ਨਾਲ ਸ਼ਨਿਚਰਵਾਰ ਨੂੰ ਹਰਾਇਆ ਸੀ। ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਭਾਵਿਨਾ ਪਟੇਲ ਨੂੰ ਸਿਲਵਰ ਮੈਡਲ ਜਿੱਤਣ ਲਈ ਫ਼ੋਨ ਤੇ ਮੁਬਾਰਕਬਾਦ ਦਿੱਤੀ ਤੇ ਤਾਰੀਫ਼ ਕੀਤੀ।






ਭਾਵਿਨਾ ਪਟੇਲ ਫਿਲਹਾਲ 34 ਸਾਲ ਦੀ ਹੈ। 12 ਸਾਲ ਦੀ ਉਮਰ 'ਚ ਉਸ ਦੇ ਮਾਤਾ-ਪਿਤਾ ਨੂੰ ਪਤਾ ਚੱਲਿਆ ਸੀ ਕਿ ਬੇਟੀ ਨੂੰ ਪੋਲੀਓ ਹੋਇਆ ਹੈ। ਹਾਲਾਂਕਿ ਨੀ ਸ਼ ਨੇ ਕਦੀ ਖ਼ੁਦ ਨੂੰ ਅਪਾਹਜ ਨਹੀਂ ਸਮਝਿਆ। ਟੋਕੀਓ ਪੈਰਾਲੰਪਿਕਸ ਦੇ ਕੁਆਰਟਰ ਭਾਵਨਾ ਫਾਈਨਲ ਮੈਚ 'ਚ ਉਸ ਨੇ ਸਰਬਿਆਈ ਮੁਕਾਬਲੇਬਾਜ਼ ਨੂੰ 18 ਮਿੰਟ ਤਕ ਚੱਲੇ ਮੈਚ 'ਚ 11-5, 11-6, 11-7 ਨਾਲ ਹਰਾਇਆ ਸੀ। ਇਸ ਜਿੱਤ ਤੋਂ ਬਾਅਦ ਭਾਵਿਨ ਪਟੇਲ ਨੇ ਕਿਹਾ ਸੀ, ਮੈਂ ਖ਼ੁਦ ਨੂੰ ਵਿਕਲਾਂਗ ਨਹੀਂ ਮੰਨਦੀ, ਮੈਨੂੰ ਹਮੇਸ਼ਾ ਵਿਸ਼ਵਾਸ ਰਿਹਾ ਕਿ ਮੈਂ ਕੁਝ ਕਰ ਸਕਦੀ ਹਾਂ ਤੇ ਇਹ ਵੀ ਸਾਬਤ ਕਰ ਦਿੱਤਾ ਕਿ ਅਸੀਂ ਪਿੱਛੇ ਨਹੀਂ ਹਾਂ ਤੇ ਪੈਰਾ ਟੇਬਲ ਟੈਨਿਸ ਹੋਰਨਾਂ ਖੇਡਾਂ ਦੀ ਤਰਾਂ ਅੱਗੇ ਹੈ।

ਭਾਵਿਨਾ ਪਟੇਲ ਵੱਲੋਂ ਟੋਕੀਓ ਉਲੰਪਿਕ ਵਿੱਚ ਸਿਲਵਰ ਮੈਡਲ ਜਿੱਤਣ ਲਈ ਬੋਸ਼ੀਆ ਇੰਡੀਆ ਅਤੇ ਪੈਰਾ ਸਪੋਰਟਸ ਪੰਜਾਬ ਦੇ ਅਹੁਦੇਦਾਰਾਂ ਗੁਰਸ਼ਰਨ ਸਿੰਘ, ਚੇਅਰਮੈਨ ਮਹਿੰਦਰ ਸਿੰਘ ਕੇ ਪੀ, ਪ੍ਰਧਾਨ ਚਰਨਜੀਤ ਸਿੰਘ ਬਰਾੜ, ਜਸਪ੍ਰੀਤ ਸਿੰਘ ਧਾਲੀਵਾਲ, ਸ਼ਮਿੰਦਰ ਸਿੰਘ ਢਿੱਲੋਂ, ਡਾਕਟਰ ਰਮਨ ਦੀਪ ਸਿੰਘ, ਪ੍ਰਮੋਦ ਕੁਮਾਰ ਧੀਰ, ਦਵਿੰਦਰ ਸਿੰਘ ਬਰਾੜ, ਜਸਵਿੰਦਰ ਸਿੰਘ ਧਾਲੀਵਾਲ, ਮਨਪ੍ਰੀਤ ਸਿੰਘ ਸੇਖੋਂ, ਗੁਰਪ੍ਰੀਤ ਸਿੰਘ ਧਾਲੀਵਾਲ, ਜਸਵੰਤ ਸਿੰਘ ਢਿੱਲੋਂ, ਅਮਨਦੀਪ ਸਿੰਘ, ਜਗਰੂਪ ਸਿੰਘ ਸੂਬਾ, ਜਸਇੰਦਰ ਸਿੰਘ, ਜਸਪਾਲ ਸਿੰਘ ਬਰਾੜ, ਯਾਦਵਿੰਦਰ ਕੌਰ ਆਦਿ ਅਹੁਦੇਦਾਰਾਂ, ਬੋਸ਼ੀਆ ਖ਼ੇਡਾਰੀਆਂ ਅਤੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਖ਼ੇਡਾਰੀਆਂ ਨੇ ਮੁਬਾਰਕਬਾਦ ਦਿੱਤੀ।

**ਰਿਪੋਰਟ- ਪ੍ਰਮੋਦ ਧੀਰ, ਜੈਤੋ**

# ਪ੍ਰਸਿੱਧ ਗੀਤਕਾਰ ਜਨਾਬ ਮਦਨ ਜਲੰਧਰੀ ਸਨਮਾਨਤ



**ਜਲੰਧਰ –** ਪੰਜਾਬੀ ਦੇ ਵਿਸ਼ਵ ਪ੍ਰਸਿੱਧ ਗੀਤਕਾਰ ਜਨਾਬ ਮਦਨ ਜਲੰਧਰੀ ਵੱਲੋਂ ਦਿੱਤੀਆਂ ਜਾ ਰਹੀਆਂ ਆਪਣੀਆਂ ਸਭਿਆਚਾਰਕ ਸੇਵਾਵਾਂ ਬਦਲੇ ਪੰਜਾਬ ਦੇ ਕੈਬਨਿਟ ਮੰਤਰੀ ਸਤਿਕਾਰਯੋਗ ਸ੍ਰੀ ਓਮ ਪ੍ਰਕਾਸ਼ ਸੋਨੀ ਸਾਹਿਬ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਲੰਧਰ ਵਿਖੇ ਸੁਤੰਤਰਤਾ ਦਿਵਸ ਦੇ ਕਰਵਾਏ ਗਏ ਵਿਸ਼ਾਲ ਸਮਾਗਮ ਮੌਕੇ ਵਿਸ਼ੇਸ਼ ਤੌਰ ਤੇ ਜਨਾਬ ਮਦਨ ਜਲੰਧਰੀ ਜੀ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। **(ਫੋਟੋ ਤੇ ਵੇਰਵਾ : ਕੁਲਦੀਪ ਚੁੰਬਰ)**

# ਪਲੇਠੇ ਪਰਵਾਸੀ ਪੰਜਾਬੀ 'ਮਿੰਨੀ-ਕਹਾਣੀ' ਸੰਗ੍ਰਹਿ ਲਈ ਰਚਨਾਵਾਂ ਦੀ ਮੰਗ

ਪਿਆਰੇ ਮਿੰਨੀ ਕਹਾਣੀਕਾਰ ਦੋਸਤੋ, ਪਿਛਲੇ ਸਮੇਂ ਤੋਂ ਪਰਵਾਸੀ ਮੁਲਕਾਂ ਵਿੱਚ ਮਿੰਨੀ ਕਹਾਣੀ ਪ੍ਰਤੀ ਸਿਰਜਨਾਤਮਕ ਉਤਸ਼ਾਹ ਅਤੇ ਪਾਠਕ ਵਰਗ ਦਾ ਇਸ ਪ੍ਰਤੀ ਹਾਂ ਪੱਖੀ ਰੁਝਾਨ ਲਗਾਤਾਰ ਵਧ ਰਿਹਾ ਹੈ। ਇਸ ਨੂੰ ਦੇਖਦਿਆਂ ਇਸ ਦੇ ਸੰਪਾਦਕੀ ਮੰਡਲ, ਅਮਰੀਕਾ ਤੋਂ: ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ:(ਮੁੱਖ ਸੰਪਾਦਕ ਮਿੰਨੀ ਕਹਾਣੀ, 'ਤ੍ਰੈ-ਮਾਸਿਕ ਛਿਣ') ਅਤੇ ਕਨੈਡਾ ਤੋਂ: ਕਰਮਵੀਰ ਸਿੰਘ ਸੂਰੀ: (ਰਿਟਾ:ਜ਼ਿਲਾ ਭਾਸ਼ਾ ਅਫ਼ਸਰ; ਭਾਸ਼ਾ ਵਿਭਾਗ ਪੰਜਾਬ, ਪਟਿਆਲਾ) ਵਲੋਂ, ਦੇਸ ਵਿਦੇਸ਼ ਦੇ ਸਿਰਮੌਰ ਲੇਖਕਾਂ ਅਤੇ ਅਲੋਚਕਾਂ ਦੇ ਸਹਿਯੋਗ ਸਦਕਾ ਪਹਿਲਾ ਪਰਵਾਸੀ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਛਾਪਣ ਦਾ ਫੈਸਲਾ ਲਿਆ ਗਿਆ ਹੈ। ਇਸ ਸੰਗ੍ਰਹਿ ਨੂੰ ਅਸੀਂ ਖ਼ੂਬਸੂਰਤੀ ਅਤੇ ਵਿਲੱਖਣਤਾ ਪ੍ਰਦਾਨ ਕਰਨੀ ਚਾਹੁੰਦੇ ਹਾਂ, ਤਾਂ ਕਿ ਇਹ ਮਿੰਨੀ ਕਹਾਣੀਆਂ ਦਾ ਇਕ ਪ੍ਰਮੁੱਖ ਦਸਤਾਵੇਜ ਬਣਨ ਦਾ ਮਾਣ ਪ੍ਰਾਪਤ ਕਰ ਸਕੇ। ਇਸ ਲਈ ਕੁਝ ਨਿਯਮਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ। ਸਮੂਹ ਕਹਾਣੀਕਾਰਾਂ ਨੂੰ ਗੁਜਾਰਸ਼ ਹੈ ਕਿ ਹੇਠ ਲਿਖੇ ਨੁਕਤਿਆਂ ਤੇ ਗੌਰ ਨਾਲ ਨਜ਼ਰਸਾਨੀ ਕੀਤੀ ਜਾਵੇ।

ਸੰਪਾਦਕੀ ਮੰਡਲ ਵਲੋਂ: ਇਸ ਵਿੱਚ ਪਰਵਾਸੀ ਕਹਾਣੀਕਾਰਾਂ ਦੀਆਂ ਮੌਲਿਕ ਅਤੇ ਪਾਇਦਾਰ ਰਚਨਾਵਾਂ ਹੀ ਸ਼ਾਮਲ ਕੀਤੀਆਂ ਜਾਣਗੀਆਂ।

ਵਿਸ਼ੇ ਵਸਤੂ ਪਖੋਂ, ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ ਪੱਖੀ, ਅਗਾਂਹਵਧੂ ਪਹੁੰਚ ਅਤੇ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਵੇਗੀ।

ਇਸ ਸੰਗ੍ਰਹਿ ਦਾ ਸੰਪਾਦਕੀ ਮੰਡਲ ਪਾਠਕ ਦੇ ਮਨ ਵਿੱਚ ਸਿਹਤਮੰਦ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਿਹਤਰ ਦੁਨੀਆ ਦਾ ਸੁਪਨਾ ਸਜਾਉਣਾ ਚਾਹੁੰਦਾ ਹੈ। ਇਸ ਮਕਸਦ ਦੀ ਪੂਰਤੀ ਲਈ ਤੁਸੀਂ ਉਪਰੋਕਤ ਨੁਕਤਿਆਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੀ ਕੋਈ ਵੀ ਮਨਪਸੰਦ ਰਚਨਾ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

Harjinder Pandher: 3974 Chatsworth Cir. Stockton. CA, 95209.
(Email: pandher@gmail.com)
Phone: 209 – 610- 5055

# ਪਰਵਾਸੀ ਪ੍ਰਗਤੀਵਾਦੀ ਸ਼ਾਇਰ ਰੇਸ਼ਮ ਸਿੱਧੂ ਦਾ ਦਿਹਾਂਤ, ਵਿਪਸਾ ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ

ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੇਲੀਫੋਰਨਿਆ ਵੱਲੋਂ ਆਪਣੇ ਸਾਬਕਾ ਪ੍ਰਧਾਨ, ਪ੍ਰਗਤੀਵਾਦੀ ਅਤੇ ਸੰਵੇਦਨਸ਼ੀਲ ਸ਼ਾਇਰ ਰੇਸ਼ਮ ਸਿੱਧੂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਜ਼ੂਮ ਮੀਟਿੰਗ ਕੀਤੀ ਗਈ। ਇਸ ਮੌਕੇ ਵਿਪਸਾ ਦੇ ਆਰਗੇਨਾਈਜ਼ਰ ਅਤੇ ਰੇਸ਼ਮ ਦੇ ਜਿਗਰੀ ਦੋਸਤ ਜਗਜੀਤ ਨੌਸ਼ਹਿਰਵੀ ਨੇ ਭਾਵਪੂਰਕ ਤਰੀਕੇ ਨਾਲ ਰੇਸ਼ਮ ਦਾ ਜੀਵਨ ਬਿਓਰਾ ਦਿੰਦੇ ਹੋਏ ਦੱਸਿਆ ਕਿ ਰੇਸ਼ਮ ਦਾ ਜਨਮ ਜੂਨ 1955 ਵਿਚ ਪਿੰਡ ਪੂਹਲਾ ਜ਼ਿਲਾ ਬਠਿੰਡਾ ਵਿਚ ਹੋਇਆ। ਉਹ ਆਪਣੀ ਸਕੂਲੀ ਪੜਾਈ ਦੌਰਾਨ ਹੀ ਆਪਣੇ ਅਧਿਆਪਕ ਅਤੇ ਉੱਘੇ ਲਿਖਾਰੀ ਡਾ: ਚਮਨ ਲਾਲ ਦੀ ਅਗਵਾਈ ਹੇਠ ਖੱਬੇ -ਪੱਖੀ ਲਹਿਰ ਨਾਲ ਜੁੜ ਗਿਆ ਸੀ। ਪੁਲਿਸ ਦੇ ਤਸ਼ੱਦਦ ਕਾਰਣ ਇੰਜੀਨੀਅਰਿੰਗ ਦਾ ਦਾਖਲਾ ਧਰਿਆ ਧਰਾਇਆ ਰਹਿ ਗਿਆ।ਇਸ ਰੁਕਾਵਟ ਦੇ ਬਾਵਜੂਦ ਉਸਨੇ ਫਿਜੀਅਲ ਜੌਗਰਫ਼ੀ ਵਿਚ ਐਮ ਏ ਕੀਤੀ ਅਤੇ ਕੀਨੀਆ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਉਣ ਲੱਗਾ। ਇਥੇ ਹੀ ਉਹ ਕੁਲਦੀਪ ਕੌਰ ਨਾਲ ਵਿਆਹ ਦੇ ਬੰਧਨ ਵਿਚ ਬੱਝਾ ਅਤੇ ਉਹਨਾਂ ਦੇ ਘਰ ਬੇਟੇ ਰਣਦੀਪ ਸਿੰਘ ਨੇ ਜਨਮ ਲਿਆ। ਉਸਦੇ ਪਰਿਵਾਰਕ ਹਾਲਾਤ ਸੁਖਾਵੇਂ ਨਾ ਹੋਣ ਕਾਰਣ 1995-96 ਦੌਰਾਨ ਉਹ ਅਮਰੀਕਾ ਆ ਗਿਆ। ਰੋਜ਼ੀ ਰੋਟੀ ਲਈ ਕਈ ਕੰਮਾਂ ਤੇ ਹੱਥ ਅਜ਼ਮਾਈ ਕਰਨ ਤੋਂ ਬਾਅਦ ਉਸਨੇ ਆਪਣਾ ਡਰਾਈਵਿੰਗ ਸਕੂਲ ਖੋਲਿਆ ਅਤੇ ਇਸ ਕੰਮ ਨੂੰ ਆਪਣੇ ਕਿੱਤੇ ਵਜੋਂ ਪੂਰੀ ਤਨਦੇਹੀ ਨਾਲ ਨਿਭਾਉਂਦਾ ਰਿਹਾ। ਇਸ ਸਾਰੇ ਸਮੇਂ ਦੌਰਾਨ ਉਹ ਸਾਹਿਤਕ ਸੰਸਥਾਵਾਂ ਨਾਲ ਜੁੜਿਆ ਰਿਹਾ। ਬੇਪਰਵਾਹ ਸੁਭਾਅ ਦਾ ਮਾਲਕ ਅਤੇ ਮਾਰਕਸਵਾਦੀ ਸੋਚ ਦੇ ਗੂੜੇ ਰੰਗ ਵਿਚ ਰੰਗਿਆ ਹੋਇਆ ਰੇਸ਼ਮ ਇੰਡੀਆ ਵਿੱਚ ਕਿਰਤੀ ਕਿਸਾਨ ਸੰਘਰਸ਼ਾਂ ਦੀ ਹਾਮੀ ਭਰਦਾ ਰਿਹਾ ਅਤੇ ਸ਼ਾਇਰੀ ਲਿਖਦਾ ਰਿਹਾ।ਇਸ ਸਾਲ ਦੇ ਸ਼ੁਰੂ ਵਿੱਚ ਉਹ ਸਖ਼ਤ ਬਿਮਾਰ ਸੀ। ਉਹ ਕਈ ਹਸਪਤਾਲਾਂ ਅਤੇ ਡਾਕਟਰਾਂ ਕੋਲ ਜ਼ੇਰੇ-ਇਲਾਜ਼ ਰਿਹਾ ਪਰ ਉਸਦੀ ਬਿਮਾਰੀ ਦੀ ਪਰਪੱਕ ਰੂਪ ਵਿੱਚ ਕੋਈ ਨਿ-ਸ਼ਾਨਦੇਹੀ ਨਾ ਹੋ ਸਕੀ। ਆਪਣੀ ਸੰਖੇਪ ਬਿਮਾਰੀ ਦੌਰਾਨ, ਬੇਰੁਜ਼ਗਾਰ ਹੋਣ ਦੇ ਬਾਵਜੂਦ ਵੀ ਉਸਨੇ ਕਿਸਾਨ ਸੰਘਰਸ਼ ਲਈ ਦੋ ਵਾਰ ਰਾਸ਼ੀ ਇਕੱਤਰ ਕਰਕੇ ਭੇਜੀ। ਉਹ ਸਾਰੀ ਉਮਰ ਰਿਸ਼ਤੇ ਨਿਭਾਉਣ ਅਤੇ ਜ਼ਿੰਦਗੀ ਨੂੰ ਅਰਥ-ਭਰਪੂਰ ਬਣਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਇਕੱਲਤਾ ਦੀ ਮਾਰ ਸਹਿੰਦਾ ਆਖਿਰ 25 ਅਗਸਤ 2021 ਨੂੰ ਸਭ ਨੂੰ ਝਕਾਨੀ ਦੇ ਕੇ ਇੰਡੀਆ ਵਿਚ ਅਲਵਿਦਾ ਕਹਿ ਗਿਆ। ਉਸ ਘਰ ਵਿਚ ਉਸਦੀ ਮ੍ਰਿਤਕ ਦੇਹ ਹੀ ਪੁੱਜੀ, ਜੋ ਉਸਨੇ ਆਖਰੀ ਉਮਰੇ ਰਹਿਣ ਲਈ ਰੀਝਾਂ ਨਾਲ ਬਣਾਇਆ



ਸੀ। ਆਪਣੇ ਪਿੱਛੇ ਉਹ ਬੇਟਾ ਰਣਦੀਪ ਸਿੰਘ ਜੋ ਕੀਨੀਆ ਵਾਸੀ ਹੈ, ਭੈਣ ਸਿੰਬਲਜੀਤ, ਜੀਜਾ ਹਰਜਿੰਦਰ ਸਿੰਘ ਬਰਾੜ ਅਤੇ ਪਰਵਾਰ ਛੱਡ ਗਿਆ। ਉਹ ਪਿਛਲੇ 25 ਸਾਲ ਕੇਲੀਫੋਰਨਿਆ ਦੀਆਂ ਸਾਹਿਤਕ ਗਤੀਆਂ ਵਿਧੀਆਂ ਵਿੱਚ ਸਰਗਰਮ ਹਿੱਸਾ ਲੈਂਦਾ ਰਿਹਾ ਅਤੇ ਏਥੇ ਹੋਏ ਬਹੁਤ ਵੱਡੇ ਸਾਹਿਤਕ ਸਮਾਗਮਾਂ ਦਾ ਕਰਤਾ ਧਰਤਾ ਵੀ ਸੀ। ਡਾ. ਸੁਖਵਿੰਦਰ ਕੰਬੋਜ ਨੇ ਰੇਸ਼ਮ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਐਲਾਨ ਕੀਤਾ ਕਿ ਵਿਪਸਾ ਜਲਦੀ ਹੀ ਰੇਸ਼ਮ ਦੀਆਂ ਅਣ ਛਪੀਆਂ ਨਜ਼ਮਾਂ ਨੂੰ ਪੁਸਤਕ ਦਾ ਰੂਪ ਦੇਵੇਗੀ। ਕੁਲਵਿੰਦਰ ਵੱਲੋਂ ਰੇਸ਼ਮ ਦੀਆਂ ਯਾਦਗਾਰੀ ਤਸਵੀਰਾਂ ਦਾ ਸਲਾਈਡ ਸ਼ੋਅ ਪੇਸ਼ ਕੀਤਾ ਗਿਆ। ਇਸ ਮੌਕੇ ਰੇਸ਼ਮ ਨੂੰ ਭਰੇ ਮਨ ਨਾਲ਼ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਗ਼ਜ਼ਲਕਾਰ ਜਸਵਿੰਦਰ (ਕੈਨੇਡਾ), ਚਰਨਜੀਤ ਸਿੰਘ ਪੰਨੂੰ, ਬਰਿੰਦਰ ਧਾਲੀਵਾਲ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਹਰਪ੍ਰੀਤ ਕੌਰ ਧੂਤ, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ (ਟੋਰਾਂਟੋ), ਸੁਖਪਾਲ ਸੰਘੇੜਾ, ਸੁਰਜੀਤ ਸਖੀ, ਗੁਰਦੇਵ ਸਿੰਘ ਘਣਗਸ, ਲਾਜ ਨੀਲਮ ਸੈਣੀ, ਰੇਸ਼ਮ ਦਾ ਭਾਣਜਾ ਹਰਮਨ ਅਤੇ ਜੀਜਾ ਜੀ ਹਰਜਿੰਦਰ ਸਿੰਘ ਸ਼ਾਮਿਲ ਸਨ। ਹਾਜ਼ਰ ਬੁਲਾਰਿਆਂ ਨੇ ਰੇਸ਼ਮ ਦੀ ਸਾਫਗੋਈ ਅਤੇ ਦਰਿਆ ਦਿਲੀ ਦੀ ਹਾਮੀ ਭਰੀ।

ਉਸਦੀਆਂ ਸਾਹਿਤਕ ਦੋਸਤੀਆਂ ਦਾ ਘੇਰਾ ਬਹੁਤ ਵੱਡਾ ਸੀ। ਸੁਰਿੰਦਰ ਸੀਰਤ ਨੇ ਕਿਹਾ ਕਿ ਰੇਸ਼ਮ ਸਿੱਧੂ ਵਿਲੱਖਣ ਸਖਸ਼ੀਅਤ ਦਾ ਮਾਲਕ ਸੀ। ਉਸ ਵਰਗਾ ਸਿਰਫ ਉਹ ਹੀ ਸੀ। ਉਹ ਆਪਣੀ ਮਰਜ਼ੀ ਮੁਤਾਬਿਕ ਜੀਵਿਆ ਅਤੇ ਅਛੋਪਲੇ ਜਿਹੇ ਹੀ ਇਸ ਸੰਸਾਰ ਛੱਡ ਕੇ ਚਲਾ ਗਿਆ। ਜਸਵਿੰਦਰ ਨੇ ਕਿਹਾ ਕਿ ਬੇਸ਼ੱਕ ਰੇਸ਼ਮ ਚਲਿਆ ਗਿਆ ਪਰ ਉਸਦਾ ਜ਼ਿਕਰ ਸਾਡੀਆਂ ਮਹਿਫ਼ਲਾਂ ਵਿੱਚ ਅਕਸਰ ਹੁੰਦਾ ਰਹੇਗਾ। ਗੁਲਸ਼ਨ ਦਿਆਲ ਅਤੇ ਲਾਜ ਨੀਲਮ ਸੈਣੀ ਨੇ ਕਿਹਾ ਕਿ ਲਗਦਾ ਹੈ ਰੇਸ਼ਮ ਦੇ ਜਾਣ ਨਾਲ ਸਾਡੇ ਸਭ ਦੇ ਅੰਦਰੋਂ ਜਿਵੇਂ ਕੁਝ ਤਿੜਕ ਗਿਆ ਹੈ। ਸੁਰਜੀਤ (ਟੋਰਾਂਟੇ) ਨੇ ਸਭ ਦੇ ਮਨਾਂ ਦੀ ਤਰਜ਼ਮਾਨੀ ਕਰਦੀ ਬਹੁਤ ਵੈਰਾਗ ਭਰੀ ਕਵਿਤਾ ਵਿੱਚ ਰੇਸ਼ਮ ਦੀ ਜ਼ਿੰਦਗੀ ਅਤੇ ਸੁਭਾਅ ਦਾ ਚਿਤਰਣ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ**
**(ਸਹਾਇਕ ਸਕੱਤਰ ਵਿਪਸਾ)**
**ਫੋਨ: 510-502-0551**
**ਜਾਰੀ ਕਰਤਾ: ਸੁਖਵਿੰਦਰ ਕੰਬੋਜ, ਕੁਲਵਿੰਦਰ**

# ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਨੇ ਕਿਸਾਨਾਂ ਤੇ ਲਾਠੀਚਾਰਜ ਦੀ ਕੀਤੀ ਸਖ਼ਤ ਸ਼ਬਦਾਂ ਚ ਨਿਖੇਧੀ

**ਮੈਰੀਲੈਂਡ, 30 ਅਗਸਤ (ਰਾਜ ਗੋਗਨਾ )–** ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ( ਅਮਰੀਕਾ ) ਨੇ ਇਕ ਕਾਹਲੀ ਨਾਲ ਟੈਲੀ ਕਾਨਫਰੰਸ ਕਰਕੇ ਕਰਨਾਲ ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਕਿਸਾਨਾਂ ਉਪਰ ਜ਼ਾਲਮਾਨਾ ਢੰਗ ਨਾਲ ਕੀਤੇ ਗਏ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਚ' ਨਿੰਦਾ ਕੀਤੀ ਹੈ। ਲਾਠੀਚਾਰਜ ਦੀ ਨਿੰਦਾ ਕਰਨ ਵਾਲਿਆਂ ਚ' ਸੰਯੁਕਤ ਕਿਸਾਨ ਮੋਰਚਾ ਮੈਰੀਲੈਂਡ ਦੇ ਆਗੂ ਬਲਜਿੰਦਰ ਸਿੰਘ ਸੰਮੀ ਤੋ ਇਲਾਵਾ ਸ: ਪ੍ਰੀਤਪਾਲ ਸਿੰਘ, ਰਜਿੰਦਰ ਸਿੰਘ, ਇੰਦਰਜੀਤ ਗੁਜਰਾਲ, ਗੁਰਵਿੰਦਰ ਸੇਠੀ, ਮਹਿੰਦਰ ਸੇਠੀ, ਬਲਜੀਤ ਗਿੱਲ, ਸਰਬਜੀਤ ਢਿੱਲੋਂ, ਰਣਜੀਤ ਸਿੰਘ, ਸੁਰਿੰਦਰ ਸਿੰਘ ਬਾਬੂ, ਧਰਮਪਾਲ ਸਿੰਘ, ਗੁ-ਰਤੇਜ ਸਿੰਘ ਤੇਜੀ, ਦਲਵੀਰ ਸਿੰਘ, ਜੌਨੀ ਸਿੰਘ, ਭੁਪਿੰਦਰ ਸਿੰਘ, ਗੁ-ਰਭਿੰਦਰ ਸਿੰਘ, ਕਰਮਜੀਤ ਸਿੰਘ, ਮਲਕੀਤ ਸਿੰਘ ਬਾਘਾ, ਸ਼ਿਵਰਾਜ ਸਿੰਘ ਗੋਰਾਇਆ, ਮਨਿੰਦਰਪਾਲ ਮਣੀ ਦੇ ਨਾਮ ਵਿਸ਼ੇਸ਼ ਤੌਰ ਸ਼ਾਮਿਲ ਹਨ। ਸ: ਬਲਜਿੰਦਰ ਸਿੰਘ ਸ਼ੰਮੀ ਨੇ ਦੱਸਿਆ ਕਿ ਕਰਨਾਲ ਦੇ



ਐਸਡੀਐਮ ਅਯੂਸ਼ ਸਿਨਹਾ ਨੇ ਪੁਲਿਸ ਨੂੰ ਕਿਸਾਨਾਂ ਉੱਤੇ ਅੰਨੇਵਾਹ ਤਸ਼ੱਦਦ ਕਰਨ ਦੇ ਹੁਕਮ ਦਿੱਤੇ ਸਨ ਜਿਸ ਤੋਂ ਬਾਅਦ ਇਹ ਦੁਖਾਂਤ ਵਾਪਰਿਆ ਉਹਨਾਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਚਾਹੀਦਾ ਹੈ ਕਿ ਅਜਿਹੇ ਗ਼ੈਰ ਜਿੰਮੇਵਾਰ ਅਫ਼ਸਰਾਂ ਨੂੰ ਨੌਕਰੀ ਤੋਂ ਮੁਅੱਤਲ ਕੀਤਾ ਜਾਵੇ ਉਹਨਾਂ ਦੱਸਿਆ ਕਿ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਸਿੰਘ ਜੱਸੀ ਵੱਲੋਂ ਵੀ ਹਰਿਆਣਾ 'ਚ ਕਿਸਾਨਾਂ ਉੱਤੇ ਹੋਏ ਲਾਠੀਚਾਰਜ ਖਿਲਾਫ ਰੌਂਸ ਦਰਜ ਕਰਵਾਇਆ ਗਿਆ ਹੈ ਸੰਮੀ ਨੇ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਨਾਲ ਦੁਰਵਿਹਾਰ ਕਰਨ ਕੇ ਆਪਣੀ ਬੇੜੀਆਂ ਵਿੱਚ ਵੱਟੇ ਪਾ ਰਹੀ ਹੈ।

ਕਿਸਾਨ ਦੇਸ਼ ਦਾ ਅੰਨਦਾਤਾ ਹੈ ਉਸ ਨਾਲ ਆਹਢਾ ਲੈਣ ਦੀ ਬਜਾਏ ਉਸ ਦੀ ਗੱਲ ਸੁਣ ਕੇ ਮਸਲਾ ਹੱਲ ਕਰਨਾ ਚਾਹੀਦਾ ਹੈ ਸ: ਸ਼ੰਮੀ ਨੇ ਕਿਹਾ ਕਿ ਇਸ ਮਸਲੇ ਸਬੰਧੀ ਸੰਯੁਕਤ ਕਿਸਾਨ ਮੋਰਚਾ ਵਲੋਂ ਇਕ ਰੋਸ ਪੱਤਰ ਵਾਸ਼ਿੰਗਟਨ 'ਚ ਸਥਿੱਤ ਭਾਰਤੀ ਐਬੰਸੀ ਨੂੰ ਦਿੱਤਾ ਜਾਵੇਗਾ।

# 2022 ਦੀਆਂ ਵਿਧਾਨ ਸਭਾ ਚੋਣਾਂ ਲਈ ਬਹੁਜਨ ਸਮਾਜ ਪਾਰਟੀ ਨੂੰ ਵਕੀਲ ਭਾਈਚਾਰੇ ਵੱਲੋਂ ਮਿਲਿਆ ਭਰਵਾਂ ਹੁੰਗਾਰਾ





**ਜਲੰਧਰ (ਬਿਊਰੋ)–** ਬੀਤੀ 28 ਅਗਸਤ 2021 ਨੂੰ ਬਹੁਜਨ ਸਮਾਜ ਪਾਰਟੀ ਦੀ ਵਿਸ਼ੇਸ਼ ਮੀਟਿੰਗ ਵਿਰਾਸਤ ਪੰਜਾਬੀ ਹਵੇਲੀ ਜਲੰਧਰ ਵਿਖੇ ਹੋਈ, ਜਿਸ ਵਿਚ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਸ਼ਿਰਕਤ ਕੀਤੀ ਗਈ। ਜਿਸ ਵਿਚ ਮਾਣਯੋਗ ਜਸਵੰਤ ਰਾਏ (ਇੰਜੀ.) ਲੋਕ ਸਭਾ ਤੇ ਜੋਨ ਇੰਚਾਰਜ ਜਲੰਧਰ, ਐਡਵੋਕੇਟ ਵਿਜੈ ਬੱਧਣ ਸਕੱਤਰ ਪੰਜਾਬ ਬਸਪਾ, ਸ੍ਰੀ ਵਿਜੇ ਯਾਦਵ ਸ਼ਹਿਰੀ ਪ੍ਰਧਾਨ ਬਸਪਾ ਜਲੰਧਰ ਅਤੇ ਸ੍ਰੀ ਜਗਦੀਸ਼ ਸ਼ੇਰਪੁਰੀ ਪ੍ਰਧਾਨ ਜਲੰਧਰ ਦਿਹਾਤੀ ਬਸਪਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਜਿਸ ਦੌਰਾਨ ਆਗਾਮੀ 2022 ਵਿਧਾਨ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ( ਦੇ ਗੱਠਜੋੜ ਨੂੰ ਸਫਲ ਬਣਾਉਣ ਵਾਸਤੇ ਨੀਤੀਗਤ ਵਿਚਾਰ ਚਰਚਾ ਹੋਈ। ਮਾਣਯੋਗ ਜਸਵੰਤ ਰਾਏ ਜੀ ਤੇ ਹਾਜ਼ਰ ਬਸਪਾ ਸੀਨੀਅਰ ਲੀਡਰਸ਼ਿਪ ਵੱਲੋਂ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਗੱਠਜੋੜ ਦੀਆਂ ਗਤੀਵਿਧੀਆਂ ਤੇ ਭਵਿੱਖ ਦੀ ਰੂਪਰੇਖਾ ਤੇ ਵਿਸਥਾਰਪੂਰਵਕ ਚਰਚਾ ਕੀਤੀ।

ਐਡਵੋਕੇਟ ਪ੍ਰਿਤਪਾਲ ਵਾਈਸ ਪ੍ਰਧਾਨ ਜਲੰਧਰ ਉਤਰੀ ਬਸਪਾ ਨੇ ਭਰੋਸਾ ਦਿਵਾਇਆ ਕਿ ਇਸ ਗੱਠਜੋੜ ਨੂੰ ਕਾਮਯਾਬ ਕਰਨ ਵਾਸਤੇ ਬਸਪਾ ਹਾਈਕਮਾਨ ਤੋਂ ਦਿਸ਼ਾ ਨਿਰਦੇਸ਼ ਕਰੇਗੀ। ਉਹਨਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਯ ਮੌਕੇ ਤੇ ਐਡਵੋਕੇਟ ਨਰਿੰਦਰ ਕੁਮਾਰ, ਬਲਦੇਵ ਪ੍ਰਕਾਸ਼ ਰੱਲ੍ਹ, ਤਜਿੰਦਰ ਬੱਧਣ, ਰਾਜਿੰਦਰ ਬੋਪਾਰਾਏ ਜੀ ਨੇ ਵੀ ਗੱਠਜੋੜ ਨੂੰ ਕਾਮਯਾਬ ਕਰਨ ਲਈ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।

ਐਡਵੋਕੇਟ ਹਰਪ੍ਰੀਤ ਸਿੰਘ ਬੱਧਣ ਤੇ ਐਡਵੋਕੇਟ ਸੰਨ. ਕੁਮਾਰ ਜੀ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਅਦਾ ਕੀਤੀ ਗਈ। ਇਸ ਦੌਰਾਨ ਐਡਵੋਕੇਟ ਪ੍ਰਿਤਪਾਲ ਸਿੰਘ ਵਾਈਸ ਪ੍ਰਧਾਨ ਬਸਪਾ ਹਲਕਾ ਜਲੰਧਰ ਉਤਰੀ, ਐਡਵੋਕੇਟ ਬਲਦੇਵ ਪ੍ਰਕਾਸ਼ ਰੱਲ੍ਹ ਸਾਬਕਾ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ, ਐਡਵੋਕੇਟ ਨਰਿੰਦਰ ਸਿੰਘ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ, ਐਡਵੋਕੇਟ ਜਗਜੀਵਨ ਰਾਮ ਐਡਵੋਕੇਟ ਹਰਭਜਨ ਦਾਸ ਸਾਂਪਲਾ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਰਜਿੰਦਰ ਬੋਪਾਰਾਏ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਤਜਿੰਦਰ ਕੁਮਾਰ ਬੱਧਣ, ਐਡਵੋਕੇਟ ਮਧੂ ਰਚਨਾਂ, ਐਡਵੋਕੇਟ ਕੁਲਦੀਪ ਕੁਮਾਰ, ਐਡਵੋਕੇਟ ਰਾਜੂ ਅੰਬੇਡਕਰ, ਐਡਵੋਕੇਟ ਕਿਰਨ ਸ਼ੇਰਪੁਰੀ, ਐਡਵੋਕੇਟ ਯੁਵਰਾਜ ਸਿੰਘ, ਐਡਵੋਕੇਟ ਪਿਯੂਸ਼ ਅਨੰਦ, ਐਡਵੋਕੇਟ ਪ੍ਰੀਤਮ ਸਭਰਵਾਲ, ਐਡਵੋਕੇਟ ਕਰਨ ਸਹਿਜਲ, ਐਡਵੋਕੇਟ ਗੁਰਸ਼ਰਨ ਦਿਓਲ, ਐਡਵੋਕੇਟ ਵਰੁਣ ਸਿੱਧੂ। ਐਡਵੋਕੇਟ ਵਾਜਵਾ, ਐਡਵੋਕੇਟ ਹਰਮੇਸ਼ ਦੂਰੀ, ਐਡਵੋਕੇਟ ਨਵਜੋਤ ਵਿਰਦੀ, ਐਡਵੋਕੇਟ ਕੈਲਾਸ਼ ਬਸਰਾ, ਐਡਵੋਕੇਟ ਕਰਨ ਖੁੱਲ੍ਹਰ, ਉਘੇ ਲੇਖਕ ਮੋਹਣ ਲਾਲ ਫਿਲੌਰੀਆ, ਐਡਵੋਕੇਟ ਸਤਨਾਮ ਸੁਮਨ ਅਤੇ ਹੋਰ ਵਕੀਲ ਸਾਹਿਬਾਨ ਸਮਾਗਮ ਵਿਚ ਮੌਜੂਦ ਰਹੇ।

****

# ਅੱਚਰਵਾਲ ਪਿੰਡ ਦੇ ਵਫ਼ਦ ਨਾਲ ਦੇਸ਼ ਭਗਤ ਯਾਦਗਾਰ ਹਾਲ 'ਚ ਚਰਚਾ

**ਜਲੰਧਰ (ਬਿਊਰੋ)–** ਪਿੰਡ ਅੱਚਰਵਾਲ (ਲੁਧਿਆਣਾ) ਵਿਖੇ ਹਰ ਸਾਲ ਕੂਕਾ ਲਹਿਰ, ਗ਼ਦਰ ਲਹਿਰ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਦੇ ਸ਼ਹੀਦ ਅਮਰ ਸਿੰਘ ਅੱਚਰਵਾਲ ਦੀ ਯਾਦ 'ਚ ਲੱਗਦੇ ਦੇਸ਼ ਭਗਤਾਂ ਦੇ ਮੇਲੇ ਦੀ ਸੰਚਾਲਕ ਦੇਸ਼ ਭਗਤ ਯਾਦਗਾਰ ਕਮੇਟੀ, ਅੱਚਰਵਾਲ ਦੇ ਵਫ਼ਦ ਦਾ ਅੱਜ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਨੂੰ ਮੇਲੇ 'ਚ ਸ਼ਾਮਿਲ ਹੋਣ ਸੱਦਾ ਪੱਤਰ ਦੇਣ ਲਈ ਪੁੱਜਾ। ਅੱਚਰਵਾਲ ਤੋਂ ਆਏ ਵਫ਼ਦ ਵਿੱਚ ਚਮਕੌਰ ਸਿੰਘ, ਸੋਨੂ ਸਿੰਘ, ਦਰਸ਼ਨ ਸਿੰਘ, ਅਵਤਾਰ ਸਿੰਘ ਤਾਰਾ ਅਤੇ ਸੰਦੀਪ ਸਿੰਘ ਸ਼ਾਮਲ ਸਨ। ਲਾਇਬਰੇਰੀ, ਮਿਊਜ਼ੀਅਮ ਦੇਖਣ ਉਪਰੰਤ ਵਫ਼ਦ ਨਾਲ ਇਤਿਹਾਸ ਅਤੇ ਭਖ਼ਦੇ ਮੁੱਦਿਆਂ 'ਤੇ ਦੁਵੱਲੀ ਵਿਚਾਰ-ਚਰਚਾ ਹੋਈ। ਵਫ਼ਦ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ 12 ਸਤੰਬਰ ਨੂੰ ਅੱਚਰਵਾਲ 'ਚ



ਹੋ ਰਿਹਾ 29ਵਾਂ ਯਾਦਗਾਰੀ ਸਮਾਗਮ, ਕਿਸਾਨ ਘੋਲ ਨੂੰ ਸਮਰਪਤ ਕੀਤਾ ਜਾ ਰਿਹਾ ਹੈ। ਵਫ਼ਦ ਨੇ ਇਹ ਵੀ ਦੱਸਿਆ ਕਿ 31 ਅਕਤੂਬਰ ਅਤੇ 1 ਨਵੰਬਰ ਦੇਸ਼ ਭਗਤ ਯਾਦਗਾਰ ਹਾਲ 'ਚ ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ਨੂੰ ਯਾਦ ਕਰਦਿਆਂ ਕਿਸਾਨ ਘੋਲ ਨੂੰ ਸਮਰਪਤ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਵੀ ਦੇਸ਼ ਭਗਤ ਯਾਦਗਾਰ ਕਮੇਟੀ, ਅੱਚਰਵਾਲ, ਕਾਫ਼ਲਾ ਲੈ ਕੇ ਸ਼ਾਮਲ ਹੋਏਗੀ।

ਅੱਚਰਵਾਲ ਤੋਂ ਆਏ ਵਫ਼ਦ ਦਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੁਸਤਕਾਂ ਦੇ ਸੈੱਟ ਭੇਂਟ ਕੀਤੇ।

# ਸਾਲਾਨਾ ਇਨਾਮ ਵੰਡ ਸਮਾਰੋਹ ਪ੍ਰਿੰਸੀਪਲ ਦਲਵਾਰਾ ਰਾਮ ਅਤੇ ਸਟੇਟ ਅਵਾਰਡੀ ਟੀਚਰ ਜਗਦੀਸ਼ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ

**ਜਲੰਧਰ (ਬਿਊਰੋ)–** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੇਘੋਵਾਲ ਦੋਆਬਾ ਵਿੱਚ ਸਾਲਾਨਾ ਇਨਾਮ ਵੰਡ ਸਮ-ਾਰੋਹ ਦਾ ਆਯੋਜਨ ਪ੍ਰਿੰਸੀਪਲ ਦਲਵਾਰਾ ਰਾਮ ਅਤੇ ਪੀਟੀਆਈ ਸਟੇਟ ਅਵਾਰਡੀ ਟੀਚਰ ਜਗਦੀਸ਼ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ।ਜਿਸ ਵਿੱਚ ਇਲਾਕੇ ਦੀਆਂ ਪੰਚਾਇਤਾਂ, ਨੰਬਰਦਾਰ ਅਤੇ ਪਤਵੰਤੇ ਸੱਜਣ ਸ਼ਾਮਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਗੁਰੂ ਗ੍ਰੰਥ ਸਾਹਿਬ ਚੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਬਾਬਾ ਕੁਲਦੀਪ ਸਿੰਘ ਨਾਨਕਸਰ ਵਾਲਿਆਂ ਦੇ ਜਥੇ ਅਤੇ ਬਾਲ ਪੂਰਬੀ ਸਿੰਘ ਦੇ ਜਥੇ ਨੇ ਬੜਾ ਮਨਮੋਹਕ ਕੀਰਤਨ ਪੇਸ਼ ਕੀਤਾ। ਸਕੂਲ ਮੈਨੇਜਿੰਗ ਕਮੇਟੀ ਦੇ ਚੇਅਰਮੈਨ ਪ੍ਰੀਤਮ ਸਿੰਘ ਨੇ ਆਏ ਹੋਏ ਪਤਵੰਤਿਆਂ ਨੂੰ ਜੀ ਆਇਆਂ ਨੂੰ ਆਖਿਆ। ਉਨ੍ਹਾਂ ਇਸ ਗੱਲ ਤੇ ਮਾਣ ਕੀਤਾ ਕਿ ਇਸ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰਾਨ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਅ ਰਹੇ ਹਨ। ਜਿਸ ਕਰ ਕੇ ਸਕੂਲ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿਚ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਹਨ।ਉਨ੍ਹਾਂ ਸਕੂਲ ਸਟਾਫ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਸਾਰਾ ਇਲਾਕਾ ਉਹਨਾਂ ਤੇ ਬਹੁਤ ਮਾਣ ਕਰਦਾ ਹੈ ।

ਇਸ ਮੌਕੇ ਇਲਾਕੇ ਦੀ ਇੰਟਰਨੈਸ਼ਨਲ ਫੁਟਬਾਲ ਖਿਡਾਰਨ ਮਨੀਸ਼ਾ ਅਤੇ ਇੰਟਰਨੈਸ਼ਨਲ ਅਥਲੀਟ ਹਰਮਿਲਨ ਬੈਂਸ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।ਅਰਜੁਨ ਐਵਾਰਡੀ ਮਾਧੁਰੀ ਏ ਸਿੰਘ ਅਤੇ ਇੰਟਰਨੈਸ਼ਨਲ ਅਥਲੀਟ ਅਮਨਦੀਪ ਸਿੰਘ ਬੈਂਸ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ।ਵੱਖ ਵੱਖ ਖੇਤਰਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ



ਸਨਮਾਨਿਤ ਕੀਤਾ ਗਿਆ। ਫੁਟਬਾਲ ਕੋਚ ਬ੍ਰਹਮਜੀਤ, ਅਵਤਾਰ ਸਿੰਘ ਤਾਰੀ, ਜੱਸਾ ਸਟੂਡੀਓ, ਸੰਜੀਵ ਕੁਮਾਰ, ਮਾਸਟਰ ਵਰਿੰਦਰ ਸਿੰਘ, ਜਸਵੰਤ ਸਿੰਘ ਆਦਿ ਨੂੰ ਵੀ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਜੀਵਨ ਵਿਚ ਸਫਲ ਹੋਣ ਵਾਸਤੇ ਚੰਗੀਆਂ ਪੁਸਤਕਾਂ ਨੂੰ ਸਾਥੀ ਬਣਾਉਣ। ਨਰੋਆ ਸਾਹਿਤ ਹੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿੱਗਰ ਬਣਾ ਸਕਦਾ ਹੈ।ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਵਿੱਕੀ ਢਿੱਲੋਂ, ਗੁਰਬਖ਼ਸ਼ ਕੌਰ, ਨੈਨਸੀ, ਮਨਦੀਪ ਸਿੰਘ, ਦਇਆ ਸਿੰਘ, ਨੰਬਰਦਾਰ ਖੁਸ਼ਵੰਤ ਸਿੰਘ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਇਸ ਗੱਲ ਤੇ ਮਾਣ ਕੀਤਾ ਕਿ ਸਟੇਟ ਅਵਾਰਡੀ ਟੀਚਰ ਜਗਦੀਸ਼ ਸਿੰਘ ਦੇ ਆਉਣ ਨਾਲ ਉਨ੍ਹਾਂ ਦੀ ਗਰਾਊਂਡ ਨੂੰ ਮੁੜ ਤੋਂ ਭਾਗ ਲੱਗ ਗਏ ਹਨ। ਹੁਣ ਇੱਥੇ ਸ਼ਾਮ ਸਵੇਰੇ ਬਾਲ ਖਿਡਾਰੀਆਂ ਦੀਆਂ ਰੌਣਕਾਂ ਲੱਗਦੀਆਂ ਹਨ ਜਿਨ੍ਹਾਂ ਕੋਲੋਂ ਸਾਨੂੰ ਬਹੁਤ ਉ-ਮੀਦਾਂ ਹਨ। ਸਕੂਲ ਸਟਾਫ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੂਰੀ ਵਾਹ ਲਾਈ ਜਾ ਰਹੀ ਹੈ।

ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਅਧਿਆਪਕਾਂ ਮਾਪਿਆਂ ਅਤੇ ਪੂਰੇ ਇਲਾਕੇ ਵਿਚ ਨਵੀਂ ਤੇ ਨਰੋਈ ਫੂਕ ਦਿੱਤੀ ਹੈ।ਪ੍ਰਿੰਸੀਪਲ ਦਲਵਾਰਾ ਰਾਮ ਨੇ ਸਕੂਲ ਸਟਾਫ, ਵਿਦਿਆਰਥੀਆਂ, ਮਾਪਿਆਂ, ਸਕੂਲ ਮੈਨੇਜਿੰਗ ਕਮੇਟੀ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਜੇਕਰ ਤੁਹਾਡਾ ਸਹਿਯੋਗ ਇਸੇ ਤਰ੍ਹਾਂ ਮਿਲਦਾ ਰਿਹਾ ਤਾਂ ਸਕੂਲ ਨੂੰ ਹੋਰ ਬੁਲੰਦੀਆਂ ਤੇ ਪਹੁੰਚਾਇਆ ਜਾਵੇਗਾ।ਇਸ ਆਯੋਜਨ ਨੂੰ ਸਫਲ ਬਣਾਉਣ ਵਿਚ ਸਕੂਲ ਸਟਾਫ ਨੇ ਪੂਰਨ ਸਹਿਯੋਗ ਦਿੱਤਾ।ਇਸ ਸਮਾਰੋਹ ਵਿਚ ਸਟਾਫ ਮੈਂਬਰ ਜਸਬੀਰ ਕੌਰ ਅੰਮ੍ਰਿਤ ਕੁਮਾਰ ਜੋਸ਼ੀ ਜਾਸਵਿਨਦਰ ਸਿੰਘ, ਮਨਦੀਪ ਸਿੰਘ, ਕਮਲਜਿਤ ਕੌਰ ਤੋਂ ਇਲਾਵਾ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਭਾਗ ਲਿਆ।

# ਸਾਇੰਸ ਅਤੇ ਪੰਜਾਬੀ ਅਧਿਆਪਕਾਂ ਦਾ ਜਿਲ੍ਹਾ ਪੱਧਰੀ ਟੀਚਰ ਫੈਸਟ ਆਯੋਜਿਤ

ਸਕੂਲ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਤੇ ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਅਗਵਾਈ 'ਚ ਸਰਕਾਰੀ ਸਕੂਲ ਅਧਿਆਪਕਾਂ ਦੀਆਂ ਖੋਜੀ ਬਿਰਤੀਆਂ ਤੇ ਵਿੱਦਿਅਕ ਸਰਗਰਮੀਆਂ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ ਤਹਿਤ ਜਿਲ੍ਹਾ ਪੱਧਰੀ ਅਧਿਆਪਕ ਪਰਵ ਅੱਜ 26 ਅਗਸਤ ਤੋਂ ਸੁਰੂ ਹੋ ਗਿਆ ਹੈ। ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਜਸਵੰਤ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸਵਰ ਸਲਾਰੀਆ ਦੀ ਅਗਵਾਈ ਹੇਠ ਕੇਐਫਸੀ ਸਕੂਲ ਵਿੱਚ ਸੁਰੂ ਹੋਇਆ ਇਹ ਜਿਲ੍ਹਾ ਪੱਧਰੀ ਟੀਚਰ ਫੈਸਟ 28 ਅਗਸਤ ਤੱਕ ਚੱਲੇਗਾ। ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਜਸਵੰਤ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸਵਰ ਸਲਾਰੀਆ ਨੇ ਇਸ ਸਬੰਧੀ ਦੱਸਿਆ ਕਿ ਐਸ.ਸੀ.ਈ.ਆਰ.ਟੀ. ਪੰਜਾਬ ਦੀ ਦੇਖ-ਰੇਖ 'ਚ ਕਰਵਾਏ ਜਾ ਰਹੇ ਇਨ੍ਹਾਂ ਸਮਾਗਮਾਂ 'ਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਬਲਾਕ ਪੱਧਰ 'ਤੇ ਕਰਵਾਏ ਗਏ ਮੁਕਬਾਲਿਆਂ ਦੇ ਜੇਤੂ ਅਧਿਆਪਕਾਂ ਨੇ ਵਿਸ਼ਾਵਾਰ ਭਾਗ ਲਿਆ ਹੈ।

ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਅੱਜ ਦੇ ਪੰਜਾਬੀ ਅਤੇ ਸਾਇੰਸ ਵਿਸੇ ਦੇ ਮੁਕਾਬਲਿਆਂ ਵਿੱਚ ਸਪਨਾ ਪੰਜਾਬੀ ਮਿਸਟ੍ਰੇਸ ਸਰਕਾਰੀ ਹਾਈ ਸਕੂਲ ਡੇਹਰੀਵਾਲ ਨੇ ਜਿਲ੍ਹੇ ਵਿੱਚੋਂ ਪਹਿਲਾ ਸਥਾਨ, ਸਰਬਜੀਤ ਕੌਰ ਪੰਜਾਬੀ ਮਿਸਟ੍ਰੇਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਮਿਆਲ ਨੇ ਦੂਜਾ ਸਥਾਨ ਅਤੇ ਕੁਲਵਿੰਦਰ ਕੌਰ ਪੰਜਾਬੀ ਮਿਸਟ੍ਰੇਸ ਸਰਕਾਰੀ ਹਾਈ ਸਕੂਲ ਥਰਿਆਲ ਨੇ ਜਿਲ੍ਹੇ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਸਾਇੰਸ ਵਿਸੇ ਵਿੱਚ ਰੰਜਨਾ ਕੁਮਾਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਨੇ



ਪਹਿਲਾਂ ਸਥਾਨ, &;ਰਵਿੰਦਰ ਕੁਮਾਰ ਸਰਕਾਰੀ ਮਿਡਲ ਸਕੂਲ ਕੁੰਡੇ ਨੇ ਜਿਲ੍ਹੇ ਵਿੱਚੋਂ ਦੂਜਾ ਸਥਾਨ ਅਤੇ ਸੁਪ੍ਰਿਆ ਸਰਕਾਰੀ ਮਿਡਲ ਸਕੂਲ ਭਦਰੋਆ ਨੇ ਤੀਜਾ ਸਥਾਨ ਹਾਸਲ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਹਰੇਕ ਵਿਸ਼ੇ ਦੇ ਮੁਕਾਬਲੇ 'ਚੋਂ ਜੇਤੂ 1-1 ਅਧਿਆਪਕ ਰਾਜ ਪੱਧਰੀ ਟੀਚਰ ਫੈਸਟ 'ਚ ਭਾਗ ਲੈਣ ਦਾ ਹੱਕਦਾਰ ਬਣੇਗਾ। ਰਾਜ ਪੱਧਰੀ ਟੀਚਰਜ਼ ਫੈਸਟ 1 ਤੋਂ 3 ਅਗਸਤ ਤੱਕ ਅੰਮ੍ਰਿਤਸਰ ਵਿਖੇ ਹੋਵੇਗਾ।

ਜਿਲ੍ਹੇ ਦੇ ਕੋਆਰਡੀਨੇਟਰ ਡੀਐਮ ਅੰਗਰੇਜੀ ਸਮੀਰ ਸਰਮਾਂ ਅਤੇ ਪ੍ਰਿੰਸੀਪਲ ਸਵਤੰਤਰ ਕੁਮਾਰ ਨੇ ਦੱਸਿਆ ਕਿ ਅੱਜ ਦੇ ਮੁਕਾਬਲਿਆਂ ਵਿੱਚ ਪਹਿਲੀਆਂ ਤਿੰਨ ਪੁਜੀਸਨਾਂ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਪ੍ਰਸ਼ੰਸ਼ਾ ਪੱਤਰ ਪ੍ਰਦਾਨ ਕੀਤੇ ਗਏ ਹਨ ਜਦਕਿ ਪਹਿਲੀ ਪੁਜੀਸਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ 2100 ਰੁਪਏ ਦੀ ਰਾਸੀ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ ।

ਉਨ੍ਹਾਂ ਦੱਸਿਆ ਕਿ ਬਲਾਕ ਪੱਧਰ ਤੱਕ ਮੁਕਾਬਲੇ ਆਨ ਲਾਈਨ ਕਰਵਾਏ ਗਏ ਸਨ ਤੇ ਹੁਣ ਸਕੂਲ ਪੂਰੀ ਤਰ੍ਹਾਂ ਖੁੱਲ੍ਹ ਚੁੱਕੇ ਹਨ, ਜਿਸ ਕਾਰਨ ਜਿਲ੍ਹਾ ਤੇ ਰਾਜ ਪੱਧਰ ਦੇ ਮੁਕਾ-ਬਲੇ ਕੋਵਿਡ 19 ਦੀਆਂ ਹਦਾਇਤਾਂ ਅਨੁਸਾਰ ਆਫਲਾਈਨ ਕਰਵਾਏ ਜਾ ਰਹੇ ਹਨ।

ਰਾਜ ਪੱਧਰੀ ਟੀਚਰ ਫੈਸਟ ਲਈ ਜਿਲ੍ਹੇ ਦੇ ਜੇਤੂ ਅਧਿਆਪਕਾਂ ਦੀ ਆਨਲਾਈਨ ਰਜਿਸਟ੍ਰੇਸ਼ਨ 30 ਅਗਸਤ ਤੱਕ ਕੀਤੀ ਜਾਵੇਗੀ। ਡੀ.ਈ.ਓ. (ਸੈ.ਸਿੱ.) ਜਸਵੰਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮਕਸਦ ਅਧਿਆਪਕਾਂ ਦੀਆਂ ਖੋਜੀ ਬਿਰਤੀਆਂ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਹੋਰਨਾਂ ਅਧਿਆਪਕਾਂ ਨੂੰ ਵੀ ਵੱਧ ਤੋਂ ਵੱਧ ਪ੍ਰੇਰਿਤ ਕਰਨਾ ਹੈ। ਦੱਸਣਯੋਗ ਹੈ ਕਿ ਬਲਾਕ ਪੱਧਰ 'ਤੇ ਹੋਏ ਮੁਕਾਬਲਿਆਂ 'ਚ ਜਿਲ੍ਹੇ ਦੇ ਹਰੇਕ ਬਲਾਕ 'ਚੋਂ ਸੈਂਕੜੇ ਅਧਿਆਪਕਾਂ ਨੇ ਵੱਖ-ਵੱਖ ਵਿਸ਼ਿਆ ਦੇ ਮੁਕਾਬਲਿਆਂ 'ਚ ਸ਼ਮੂਲੀਅਤ ਕੀਤੀ ਸੀ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰਾਜ ਦੇ ਸਰਕਾਰੀ ਸਕੂਲ ਅਧਿਆਪਕ ਆਪਣੀ ਜਿੰਮੇਵਾਰੀ ਪ੍ਰਤੀ ਕਿੰਨੀ ਮਿਹਨਤ ਤੇ ਸੁਹਿਰਦਤਾ ਨਾਲ ਨਿਭਾ ਰਹੇ ਹਨ।

ਇਸ ਮੌਕੇ ਤੇ ਡੀਐਮ ਸਾਇੰਸ ਸੰਜੀਵ ਸਰਮਾ, ਡੀਐਮ ਪੰਜਾਬੀ ਵਿਨੋਦ ਅੱਤਰੀ, ਸਿੱਖਿਆ ਸੁਧਾਰ ਟੀਮ ਮੈਂਬਰ ਕਮਲ ਕਿਸੋਰ, ਮੁਨੀਸ ਬੈਂਸ, ਬੀਐਮ ਸਾਇੰਸ ਰਜਨੀਸ ਕੁਮਾਰ, ਬੀਐਮ ਸਾਇੰਸ ਰਾਜਨ, ਹਰੀਸ ਕੁਮਾਰ ਬੀਐਮ ਪੰਜਾਬੀ, ਰਾਮ ਪ੍ਰਕਾਸ ਬੀਐਮ ਅੰਗਰੇਜੀ, ਜਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਬਲਕਾਰ ਅੱਤਰੀ ਆਦਿ ਹਾਜਰ ਸਨ।


**-ਰਾਜਿੰਦਰ ਸਿੰਘ ਰਾਜਨ, ਪਠਾਨੋਟ**

# ਉਮੰਗ ਭਰੇ ਮਹੌਲ ਵਿੱਚ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਜ਼ੂਮ ਰਾਹੀਂ ਕਵੀ ਦਰਬਾਰ ਅਤੇ ਸਾਹਿਤਕ ਮੀਟਿੰਗ

ਬਹੁਤ ਕੋਸ਼ਿਸ਼ ਕੀਤੀ ਕਿ ਸਾਲ ਤੋਂ ਉਪਰ ਬੀਤ ਗਏ ਸਮੇਂ ਵਿੱਚ ਦੂਰੋਂ ਹੀ ਹਾਕਾਂ ਮਾਰ ਮਾਰ ਦੁਖ ਸੁੱਖ ਪੁੱਛਣ ਦੀ ਕਵਾਇਦ ਨੂੰ ਛੱਡਕੇ ਇਕੱਠੇ ਹੋਈਏ-ਕੁਝ ਪੁੱਛੀਏ ਕੁਝ ਦੱਸੀਏ! ਪਰ ਭੱਜੇ ਜਾਂਦੇ ਕੋਰੋਨਾ ਦੀ ਦਹਿਸ਼ਤ ਲੋਕਾਂ ਦੇ ਮਨ ਵਸੀ ਹੋਣ ਕਰਕੇ ਫਿਰ 'ਜ਼ੂਮ ਬਾਈ' ਦਾ ਸਹਾਰਾ ਹੀ ਲੈਣਾ ਪਿਆ, ਹਾਂ ਜੀ, ਪੰਜਾਬੀ ਲਿਖਾਰੀ ਸਭਾ ਨੇ ਚੋਣ ਤੋਂ ਬਾਅਦ, ਭਰਵੀਂ ਸਾਹਿਤਕ ਮੀਟਿੰਗ, ਕਾਵਿ-ਧਾਰਾ ਦਾ ਆਨੰਦ ਮਾਨਦਿਆਂ ਪਿਛਲੇ ਦਿਨੀਂ ਕੀਤੀ। ਸਭਾ ਦੇ ਸਰਪ੍ਰਸਤ ਸ਼ਿੰਗਾਰਾ ਸਿੰਘ ਸਿੱਧੂ ਅਤੇ ਸ਼੍ਰੀਮਤੀ ਸਵਰਾਜ ਕੋਰ ਜੀ ਦੀ ਸਰਪ੍ਰਸਤੀ 'ਚ ਚੱਲੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਸਕੱਤਰ ਡਾ.ਸੁਖਵੀਰ ਸਿੰਘ ਬੀਹਲਾ ਨੇ ਪ੍ਰਧਾਨ ਦੀ ਆਗਿਆ ਨਾਲ ਪਹਿਲੇ ਘੰਟੇ ਵਿੱਚ ਉਪਸਥਿਤ ਸਭਾ ਮੈਂਬਰਾਂ ਦੀ ਹਾਜ਼ਰੀ ਵਿੱਚ ਨਿਕਟ ਭਵਿੱਖ ਲਈ ਉਲੀਕੇ ਕਾਰਜਾਂ ਅਤੇ ਦੂਰਗਾਮੀ ਯੋਜਨਾਂਵਾਂ ਦਾ ਵੇਰਵਾ ਪੇਸ਼ ਕਰਦਿਆਂ ਸੱਭ ਨੂੰ ਸੱਦਾ ਦਿੱਤਾ ਕਿ ਆਉ ਸਾਹਿਤ ਨੂੰ ਹਰ ਪੱਖ ਤੋਂ ਪ੍ਰਫੁਲਤ ਕਰਨ ਲਈ ਪੰਜਾਬੀ ਲਿਖਾਰੀ ਸਭਾ ਸਿਆਟਲ ਨਾਲ ਜੁੜੀਏ। ਉਸਾਰੂ ਅਤੇ ਸਚਾਰੂ ਸਾਹਿਤ ਦੀ ਸਿਰਜਣਾ ਕਰ ਕੇ, ਨੈਟ ਕਲਚਰ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਨਵੀਂ ਜਨਰੇਸ਼ਨ ਨੂੰ ਕਿਤਾਬੀ-ਕਲਚਰ ਨਾਲ ਜੋੜੀਏ। ਇਸ ਲਈ ਸਭਾ ਦੀਆਂ ਮੀਟਿੰਗਾਂ ਅਤੇ ਪ੍ਰੋਗਰਾਮਾਂ ਵਿੱਚ ਨਿਰੰਤਰਤਤਾ ਬਣਾਈ ਰੱਖੀਏ। ਸਭਾ ਦੇ ਸਤਿਕਾਰਿਤ ਅਹੁਦੇਦਾਰ ਤੇ ਮੈਂਬਰ ਜੋ ਪਿਛਲੇ ਪਿਛਲੇ ਸਮਿਆਂ ਵਿੱਚ ਸਾਥੋਂ ਵਿਛੁੜ ਚੁੱਕੇ ਹਨ,ਨੂੰ ਯਾਦ ਕੀਤਾ ਗਿਆ ਤੇ ਸਭਾ ਦੀ ਸਾਬਕਾ ਪ੍ਰਧਾਨਾ ਮਨਜੀਤ ਕੌਰ ਗਿੱਲ ਨਾਲ ਉਹਨਾਂ ਦੇ ਪਤੀ ਸ੍ਰੀ ਰਣਜੀਤ ਸਿੰਘ ਗਿੱਲ ਦੇ ਇਸ ਫਾਨੀ ਦੁਨੀਆਂ ਤੋਂ ਚਲੇ ਜਾਣ ਤੇ ਸੰਵੇਦਨਾਵਾਂ ਸਾਂਝੀਆਂ ਕੀਤੀਆਂ।

ਸਭਾ ਦੇ ਪ੍ਰਧਾਨ ਹਰਪਾਲ ਸਿੰਘ ਸਿੱਧੂ ਨੇ ਅੱਜ ਦੇ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਅਤੇ ਸੋਸ਼ਲ ਮੀਡੀਏ ਦੇ ਵੱਖ ਵੱਖ ਸਾਧਨਾਂ ਰਾਹੀਂ ਅੱਜ ਦੇ ਇਸ ਕਵੀ ਦਰਬਾਰ ਨਾਲ ਜੁੜੇ ਸਾਰੇ ਸੱਜਣਾਂ ਨੂੰ ਜੀ ਆਇਆਂ ਕਿਹਾ ਅਤੇ ਪੰਜਾਬੀ ਲਿਖਾਰੀ ਸਭਾ ਨੂੰ ਪਿਛਲੇ 2 ਸਾਲਾਂ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਦਿਵਾਉਣ ਲਈ ਪਿਛਲੀ ਟੀਮ ਵੱਲੋਂ&; ਕੀਤੇ ਯਤਨਾਂ ਸਦਕੇ ਉਹਨਾਂ ਦਾ ਧੰਨਵਾਦ ਕੀਤਾ। ਭੈਣ ਭਰਾ ਦੀ ਪਵਿੱਤਰ ਮਹੱਬਤ ਦੇ ਗੂੜ੍ਹੇ ਰਿਸ਼ਤੇ ਦੀ ਸਰਵਪ੍ਰਮਾਣਿਤ ਪ੍ਰਤੀਕ ਰੱਖੜੀ ਦੇ ਪਾਵਨ ਦਿਵਸ ਲਈ ਦੁਨੀਆਂ ਦੇ ਸਾਰੇ ਭੈਣ ਭਰਾਵਾਂ ਨੂੰ ਸਭਾ ਵੱਲੋਂ ਮੁਬਾਰਕਾਂ ਦਿੱਤੀਆਂ ਗਈਆਂ।

'ਇਸ ਮੌਸਮ ਵਿੱਚ ਕੌਣ ਪੜ੍ਹੇਗਾ ਰਚਨਾਵਾਂ...' ਨੂੰ 'ਇਸ ਮੌਸਮ ਵਿੱਚ ਸੱਭ ਪੜ੍ਹਨ ਗੇ ਰਚਨਾਂਵਾ...' ਵਿੱਚ ਬਦਲਣ ਲਈ ਕਰਨ ਵਾਲੇ ਯਤਨਾਂ ਦੀ ਲੜੀ ਦੇ ਹਿੱਸੇ- ਕਵੀ ਦਰਬਾਰ ਦੀ ਸ਼ੁਰੂਆਤ, ਧੀਆਂ-ਮਾਪਿਆਂ,ਪਰਿਵਾਰਕ ਰਿਸ਼ਤਿਆਂ ਅਤੇ ਸੱਭਿਆਚਾਰਕ ਗੀਤਾਂ ਦੇ ਰਚੇਤਾ ਸ਼ਿੰਗਾਰ ਸਿੰਘ ਸਿੱਧੂ ਨੇ 'ਬੇਬੇ ਦੇ ਸੰਦੂਕ ਵਿੱਚ ਬਾਪੂ ਦੀ ਬੰਦੂਕ, ਚੇਤੇ ਨਾਲ ਸੰਭਾਲ ਲਈਂ ਨੀ ਮਾਂ....' ਗੀਤ ਨੂੰ ਤਰੰਨਮ 'ਚ ਗਾਕੇ ਸਮਾਂ ਬੰਨ ਦਿੱਤਾ। 'ਆ ਵੇ ਮੇਰੇ ਹਾਣੀਆ, ਆ ਵੇ ਕੁਝ ਕਰੀਏ ਵਿਚਾਰ....,ਅਤੇ 'ਤੇਰੇ ਬਿਨ ਜੀਣ ਨੂੰ ਤਾਂ ਜੀਅ ਲਿਆ ..' ਬੜੀਆਂ ਹੀ ਭਾਵ-ਪੂਰਤ ਕਵਿਤਾਵਾਂ ਨਾਲ ਭੈਣ ਸਵਰਾਜ ਕੌਰ ਨੇ ਹਾਜ਼ਰੀ ਲਵਾਈ। ਸਭਾ ਦੇ ਸਤਿਕਾਰਿਤ ਮੈਂਬਰ ਇਤਿਹਾ-ਸਕਾਰ ਵਾਸੁਦੇਵ ਪਰਿਹਾਰ ਜੀ ਨੇ 'ਦਿਲ ਦਰਿਆ ਸਮੁੰਦਰੋਂ ਡੂੰਘੇ' ਸੁਲਤਾਨ ਬਾਹੂ ਜੀ ਦੀ ਰਚਨਾ ਸਾਂਝੀ ਕੀਤੀ। ਸਭਾ ਦੇ ਸ਼ਿਵ ਕੁਮਾਰ ਬਟਾਲਵੀ ਵਜੋਂ ਜਾਣੇ ਜਾਂਦੇ ਅਤੇ ਲੰਬੇ ਸਮੇਂ ਤੋਂ ਸਭਾ ਨਾਲ ਜੁੜੇ ਡਾ.ਪ੍ਰੇਮ ਕੁਮਾਰ ਜੀ ਨੇ ਡੂੰਘੇ ਅਰਥਾਂ ਨੂੰ ਆਪਣੀ ਬੁੱਕਲ 'ਚ ਸਮੇਟੀ ਬੈਠੀ ਨਜ਼ਮ 'ਜ਼ਿੰਦਗੀ.. ਅੱਜ ਕੱਲ ਥੱਕ ਜਾਂਦਾ ਹਾਂ....' ਅਤੇ 12 ਸਤਰਾਂ 'ਚ ਲਿਖੀ 'ਆਟੋ-ਬਾਇਓਗਰਾਫੀ' ਪੇਸ਼ ਕਰਕੇ ਅੱਜ ਦੇ ਕਵੀ ਦਰਬਾਰ ਨੂੰ ਪੰਜਾਬੀ ਮਾਡਰਨ-ਕਾਵਿ ਦੇ ਸੁਨਹਿਰੀ ਯੁੱਗ ਨਾਲ ਜੋੜ ਦਿੱਤਾ। 'ਆਉਣ ਤੇਰੇ ਵੱਲੋਂ ਠੰਢੀਆਂ ਹਵਾਵਾਂ, ਮਹਿਕ ਖਿੜੇ ਗੁਲਜ਼ਾਰ' ਜਦੋਂ ਭੈਣ ਭਰਾ ਦੇ ਪਿਆਰ 'ਚ ਗੁੰਨੇ ਗੀਤ ਨੂੰ ਸਾਧੂ ਸਿੰਘ ਝੱਜ ਨੇ ਆਪਣੀ ਪਿਆਰੀ ਆਵਾਜ਼ ਦਿਤੀ ਉਦੋਂ ਹੀ 'ਆ ਵੀਰਾ ਤੇਰੇ ਬੰਨ ਦਿਆਂ ਰੱਖੜੀ ਇਹ ਤੰਦ ਪਿਆਰਾਂ ਦੀ' ਪ੍ਰਿਤਪਾਲ ਸਿੰਘ ਟੀਵਾਣਾ ਜੀ ਵੱਲੋਂ ਪੜ੍ਹੀ ਗਈ, ਕਵਿਤਾ ਦੇ ਬੋਲਾਂ ਨੇ ਵੀਰ ਦੇ ਰੱਖੜੀ ਬੰਨਦੀ ਭੈਣ ਦੀ ਤਸਵੀਰ ਅੱਖਾਂ ਸਾਹਮਣੇ ਸਾਕਾਰ ਕਰ ਦਿੱਤੀ। ਔਰਤ ਦੇ ਦਿਲਾਂ ਦੀਆਂ ਰਮਜ਼ਾਂ ਨੂੰ ਡੂੰਘਾਈਆਂ 'ਚੋਂ ਜਾਣਨ ਵਾਲੀ ਡਾ.ਜਸਵੀਰ ਕੌਰ ਨੇ ਆਪਣੀ ਕਵਿਤਾ 'ਹਰ ਹਾਦਸਾ ਮੈਨੂੰ ਥੋਹੜਾ ਤੋੜਦਾ ਹੀ ਗਿਆ,




ਦਰਿਆਈ ਕੰਢੇ ਵਰਗੀ ਮੇਰੀ ਹਕੀਕਤ ਹੈ...'ਰਾਹੀਂ ਔਰਤ ਦੀਆਂ ਰਮਜ਼ਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ। ਸੰਜੀਦਾ ਕਾਵਿ ਦੇ ਵਹਿੰਦੇ ਦਰਿਆ ਦੇ ਆਸੇ ਪਾਸੇ ਹਾਸਰਸ ਦੇ ਫੁੱਲ ਖਿਲਾਉਣ ਲਈ ਸਭਾ ਦੇ ਪ੍ਰੈਸ ਸਕੱਤਰ ਮੰਗਤ ਕੁਲਜਿੰਦ ਨੇ ਪਤੀ ਪਤਨੀ ਦੀ ਨੋਕ-ਝੋਕ, 'ਲੱਗੇ ਅਪੱਸ਼ਰਾਂ ਤੂੰ ਮੈਨੂੰ, ਇਸੇ ਲਈ ਪੈਗ....' ਅਤੇ ਨੇਤਾਵਾਂ ਦੇ ਨਾਕਾਰਾਤਮਕ ਕਿਰਦਾਰ 'ਤੇ ਵਿਅੰਗਾਤਮਕ ਕਵਿਤਾ 'ਥੋਹੜੀ ਜਿੰਨੀ ਕਸਰ ਅਜੇ ਤਾਂ ਬਾਕੀ ਐ, ' ਪੜ੍ਹ ਕੇ ਮਾਹੌਲ ਨੂੰ ਹਾਸਿਆਂ ਭਰਪੂਰ ਬਣਾ ਦਿੱਤਾ ਉਦੋਂ ਹੀ ਕੈਨੇਡਾ ਤੋਂ ਇਸ ਕਵੀ ਦਰਬਾਰ ਦਾ ਹਿੱਸਾ ਬਣੀ ਸੁੰਦਰਪਾਲ ਰਾਜਾਸਾਂਸੀ ਨੇ 'ਸਹੁਰੇ ਦਾ ਮਰਨਾ', ਕਵਿਤਾ ਰਾਹੀ ਹਾਸਿਆਂ ਨੂੰ ਦੁਗਣਾ ਕਰ ਦਿੱਤਾ। ਦਹਾਕਿਆਂ ਪਹਿਲਾਂ ਵਿਆਹ ਵਾਲੇ ਘਰ ਦੀਆਂ ਖੁਸ਼ੀਆਂ ਨੂੰ ਮੌਕੇ ਤੇ ਹੀ ਘਰ ਘਰ ਪਹੁੰਚਾਉਣ ਵਾਲੇ ਪ੍ਰਸਿੱਧੀ ਪ੍ਰਾਪਤ ਤਾਰੀ ਜੈਤੋ ਸਪੀਕਰਾਂ ਵਾਲੇ ਦਾ ਰੋਲ ਅੱਜ ਦੇ ਪ੍ਰੋਗਰਾਮ 'ਚ ਤਕਨੀਕੀ ਤੌਰ ਤੇ ਨਿਭਾਉਦਿਆਂ ਸਭਾ ਦੇ ਮੀਤ-ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਆਪਣੇ ਗੀਤ 'ਲੰਬੇ ਰੂਟ ਤੇ ਨਾ ਜਾ ਵੇ ਡਰਾਈਵਰਾ,.....' ਨੂੰ ਤਰੰਨਮ 'ਚ ਗਾਕੇ ਡਰਾਈਵਰਾਂ ਦੀ ਸੰਘਰਸ਼ੀ ਜ਼ਿੰਦਗੀ ਨੂੰ ਉਜਾਗਰ ਕੀਤਾ। 'ਬੜੇ ਚਾਅ ਨਾਲ ਛੱਡਿਆ ਸੀ ਘਰਬਾਰ ਨੂੰ .....' ਸਥਾਪਿਤ ਗੀਤਕਾਰ ਸ਼ਿੰਦਰਪਾਲ ਔਜਲਾ ਨੇ ਵਿਦੇਸ਼ੀ ਵੱਸਦੇ ਪਰਵਾਸੀਆਂ ਦੇ ਦਿਲ ਦੀ ਪੀੜ ਨੂੰ ਪਛਾਣਿਆ। ਬਰਨਾਲਾ ਤੋਂ ਹਾਜ਼ਰੀ ਲਵਾ ਰਹੇ ਮਾਲਵਿੰਦਰ ਸ਼ਾਇਰ ਨੇ 'ਸੁਣ ਦੂਰ ਵੱਸਣ ਵਾਲਿਆਂ ....ਉਮਰਾਂ ਨੂੰ ਘੁਣ ਖਾ ਲਿਆ...' ਗੀਤ ਰਾਹੀਂ ਵਿਛੋੜਿਆਂ ਦੀ ਪੀੜ ਸਾਂਝੀ ਕੀਤੀ। 'ਮੈਂ ਪੰਜਾਬ ਬੋਲਦਾਂ, ਮੇਰੀ ਸੁਣੋ ਕਹਾਣੀ ' ਦੁਖ ਭਰੀ ਪੰਜਾਬ ਦੀ ਦਾਸਤਾਂ ਨੂੰ 'ਪੁੰਗਰਦੇ ਹਰਫ(ਵਿਸ਼ਵ ਕਾਵਿ ਮਹਿਫਲ) ਦੀ ਪ੍ਰਧਾਨਾ ਰਮਨਦੀਪ ਕੌਰ ਰੰਮੀ ਗਿਦੜਬਾਹਾ ਨੇ ਪੇਸ਼ ਕਰਕੇ ਸੱਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ' ਜਦੋਂ ਮੈਂ ਨਿਆਣਾ ਸੀ, ਬੜਾ ਗੰਦ ਪਾਉਂਦਾ ਸੀ, ਮੇਰੀ ਮਾਂ ਭਰੋਸੇ...' ਪ੍ਰਧਾਨ ਹਰਪਾਲ ਸਿੰਘ ਸਿੱਧੂ ਨੇ ਰੱਬ ਦੇ ਬਰਾਬਰ ਰੁਤਬੇ ਵਾਲੀ ਮਾਂ ਦੇ ਪਿਆਰ ਨੂੰ ਸ਼ਬਦਾਂ ਵਿੱਚ ਪਰੋਇਆ।


ਮੰਗਤ ਕੁਲਜਿੰਦ
1 425 286 0163

ਪੰਜਾਬੀ ਦੇ ਮਸ਼ਹੂਰ ਸਾਹਿਤਕਾਰਾਂ ਦੀ ਕਲਮ ਦੇ ਸਿਰਜੇ ਪ੍ਰਸਿੱਧੀ ਪ੍ਰਾਪਤ ਸ਼ੇਅਰਾਂ ਨੂੰ ਢੁਕਵੇਂ ਸਮਿਆਂ ਤੇ ਪੇਸ਼ ਕਰਕੇ ਡਾ.ਸੁਖਵੀਰ ਬੀਹਲਾ ਨੇ ਪ੍ਰੋਗਰਾਮ ਦੀ ਰੌਚਕਤਾ ਨੂੰ ਬਰਕਰਾਰ ਰੱਖਿਆ ਅਤੇ ਖੂਬਸੂਰਤ ਸ਼ਬਦਾਂ 'ਚ ਪਰੋਈ ਉਚ ਖਿਆਲ-ਉਡਾਰੀਆਂ ਵਾਲੀ ਆਪਣੀ ਨਜ਼ਮ ਪੜ੍ਹਕੇ ਸੰਜੀਦਗੀ ਨੂੰ ਸਿਰੇ ਤੇ ਪਹੁੰਚਾ ਦਿੱਤਾ।

ਉਹਨਾਂ ਨੇ ਨਾਲ ਦੀ ਨਾਲ ਪੇਸ਼ ਕਵਿਤਾਵਾਂ ਗੀਤਾਂ ਦੇ ਵਿਸ਼ੇ ਤੇ ਕਲਾ ਪੱਖਾਂ ਤੇ ਆਪਣੇ ਵਿਚਾਰ ਰੱਖਦਿਆਂ ਸੱਭ ਕਵੀਆਂ ਦੀ ਸੰਖੇਪ ਜਾਣ-ਪਛਾਣ ਵੀ ਕਰਵਾਈ। ਅੱਜ ਦੇ ਇਸ ਪ੍ਰੋਗਰਾਮ ਵਿੱਚ ਹਰਮੀਤ ਕੌਰ ਮੀਤ ਗੁਰਦਾਸਪੁਰ, ਹਰਮੀਤ ਕੌਰ, ਸਭਾ ਦੀ ਸਾਬਕਾ ਪ੍ਰਧਾਨਾ ਮਨਜੀਤ ਕੌਰ ਗਿੱਲ, ਫੋਟੋਗ੍ਰਾਫੀ ਦੇ ਮਾਸਟਰ ਸੁਰਿੰਦਰ ਸਿੰਘ ਗਿੱਲ ਅਤੇ ਮਨਜੀਤ ਕੌਰ ਅੰਮ੍ਰਿਤਸਰ ਦੀ ਹਾਜ਼ਰੀ ਇਸ ਕਵੀ ਦਰਬਾਰ ਦਾ ਮਾਣ ਵਧਾ ਰਹੀ ਸੀ।

ਫੇਸ ਬੁਕ ਤੇ ਜੁੜੇ ਸਰੋਤਿਆਂ ਦੇ ਕਮੈਂਟ ਕਵੀਆਂ ਦੀ ਹੌਸਲਾ ਅਫਜਾਈ ਕਰ ਰਹੇ ਸਨ।


# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ



## ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਰੰਗਰੇਟਾ ਗੁਰੂ ਕਾ ਬੇਟਾ) ਉਰਫ ਭਾਈ ਜੈਤਾ ਜੀ ਦਾ 360ਵਾਂ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਮਿਤੀ 5 ਸਤੰਬਰ, 2021 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਰੰਗਰੇਟਾ ਗੁਰੂ ਕਾ ਬੇਟਾ) ਉਰਫ ਭਾਈ ਜੈਤਾ ਜੀ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ।



**ਸਮੂਹ ਸੰਗਤਾਂ ਪਰਿਵਾਰਾਂ ਸਮੇਤ ਪਹੁੰਚਕੇ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾਓ ਤੇ ਬਾਬਾ ਜੀ ਦੇ ਜੀਵਨ, ਕੁਰਬਾਨੀਆਂ ਤੇ ਸਿੱਖਿਆ ਬਾਰੇ ਢਾਡੀ ਜਥਿਆਂ ਤੇ ਕਲਾਕਾਰਾਂ ਪਾਸੋਂ ਸਰਵਣ ਕਰੋ ਜੀ**

### ਪ੍ਰੋਗਰਾਮ

ਸਵੇਰੇ 9.00 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ।
ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

### ਬੇਨਤੀ ਕਰਤਾ

ਸਮੂਹ ਪ੍ਰਬੰਧਕ ਕਮੇਟੀ, ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ
ਸਥਾਨ:- 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

**ਸੰਪਰਕ ਲਈ ਫੋਨ ਨੰਬਰ**

| ਪ੍ਰਧਾਨ, ਜਗਜੀਤ ਸਿੰਘ ਗਿੱਲ | ਜਨਰਲ ਸਕੱਤਰ, ਸੰਤੋਖ ਸਿੰਘ ਗਿੱਲ | ਚੇਅਰਮੈਨ ਪ੍ਰੇਮ ਲਾਲ ਸੌਂਧੀ |
|---|---|---|
| 530-315-1425 | 530-740-3056 | 530-813-3887 |

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਸਚਖੰਡ ਸਾਹਿਬ ਰੋਜ਼ਵਿਲ ਵਿਖੇ

# ਤੰਤੀ ਸਾਜ਼ਾਂ ਨਾਲ ਕੀਰਤਨ ਸਮਾਗਮ ਨਾਲ ਸੰਗਤਾਂ ਹੋਈਆਂ ਨਿਹਾਲ

**ਰੋਜ਼ਵਿਲ –** ਮਾਤਾ ਤ੍ਰਿਪਤਾ ਜੀ ਐਜੂਕੇਸ਼ਨ ਫਾਊਂਡੇਸ਼ਨ ਕੈਲੇਫੋਰਨੀਆ ਵੱਲੋਂ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ (ਕੈਲੇਫੋਰਨੀਆ) ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗਿਆਨੀ ਹਰਨਾਮ ਸਿੰਘ ਜੀ ਚੌਗਾਵਾਂ ਅਤੇ ਮਾਤਾ ਪ੍ਰੀਤਮ ਕੌਰ ਪਿੰਡ ਚੌਗਾਵਾਂ (ਕਪੂਰਕਲਾ) ਵੱਲੋਂ 151ਵਾਂ ਸਹਿਜ ਪਾਠ ਦੇ 29 ਅਗਸਤ, 2021 ਨੂੰ ਭੋਗ ਪਾਏ ਜਾਣ ਉਪਰੰਤ ਦੀਵਾਨ ਸਜਾਏ ਗਏ, ਜਿਸ ਦੌਰਾਨ ਫਾਉਂਡੇਸ਼ਨ ਦੇ ਬੱਚਿਆਂ ਵੱਲੋਂ ਪੁਰਾਤਨ ਤੰਤੀ ਸਾਜ਼ਾਂ ਨਾਲ ਬਹੁਤ ਹੀ ਰਸਭਿੰਨਾ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।


ਇਸ ਤੋਂ ਪਹਿਲਾਂ ਬੱਚਿਆਂ ਨੇ ਰਹਿਰਾਸ ਦੇ ਪਾਠ ਕੀਤੇ ਤੇ ਵਾਰੋ-ਵਾਰੀ ਵੱਖ-ਵੱਖ ਰਾਗਾਂ 'ਚ ਪੁਰਾਤਨ ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਕੀਤਾ, ਜਿਸ ਨੂੰ ਸਮੂਹ ਸੰਗਤ ਨੇ ਬਹੁਤ ਮਨ-ਚਿਤ ਇਕਾਗਰਤਾ ਨਾਲ ਸਰਵਣ ਕੀਤਾ। ਮਾਤਾ ਤ੍ਰਿਪਤਾ ਐਜੂਕੇਸ਼ਨ ਫਾਊਂਡੇਸ਼ਨ ਕੈਲੇਫੋਰਨੀਆ (ਯੂ. ਐਸ. ਏ.) ਦਾ ਇਹ ਬਹੁਤ ਹੀ ਵੱਡਾ ਉਦਮ ਹੈ ਜੋ ਛੋਟੀ ਉਮਰੇ ਬੱਚੇ-ਬੱਚੀਆਂ ਨੂੰ ਗੁਰਬਾਣੀ ਨਾਲ ਜੋੜਨ ਤੇ ਹੋਰ ਤਾਂ ਹੋਰ ਉਹਨਾਂ ਪੁਰਾਤਨ ਤੰਤੀ ਸਾਜ਼ਾਂ ਨਾਲ ਸਿਖਲਾਈ ਦੇਣਾ ਅਤੇ ਬੜੀ ਸਹਿਜਤਾ ਨਾਲ ਕੀਰਤਨ ਕਰਨਾ, ਬਹੁਤ ਸ਼ਲਾਘਾਯੋਗ ਹੈ।

ਗੁਰੂ ਘਰ ਸਾਹਿਬ ਵੱਲੋਂ ਭਾਈ ਹਰਪਾਲ ਸਿੰਘ ਅਤੇ ਭਾਈ ਸੁਖਦੇਵ ਸਿੰਘ ਜੀ ਵੱਲੋਂ ਸਮੂਹ ਸੰਗਤ, ਬੱਚੇ-ਬੱਚੀਆਂ ਅਤੇ ਮੀਡੀਏ ਦੇ ਤੌਰ 'ਤੇ ਅੰਬੇਦਕਰ ਟਾਈਮਜ਼ ਅਤੇ ਦ ਸ਼ ਦੁਆਬਾ ਦਾ ਕਵਰੇਜ਼ ਕਰਨ ਲਈ ਧੰਨਵਾਦ ਕੀਤਾ ਗਿਆ। ਮਾਤਾ ਤ੍ਰਿਪਤਾ ਐਜੂਕੇਸ਼ਨ ਫਾਊਂਡੇਸ਼ਨ ਕੈਲੇਫੋਰਨੀਆ ਦੇ ਬੱਚੇ-ਬੱਚੀਆਂ ਨੂੰ 'ਦਾ ਪਲੈਕ' ਨਾਲ ਸਨਮਾਨ ਕੀਤਾ ਗਿਆ। ਜਿਹਨਾਂ ਬੱਚਿਆਂ ਨੇ ਪੁਰਾਤਨ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ, ਉਹਨਾਂ ਦੇ ਨਾਂ ਇਸ ਪ੍ਰਕਾਰ ਹਨ:-

1. ਏਕਮ ਕੌਰ
2. ਇਸ਼ਕਰਮ ਕੌਰ
3. ਗੁਰਚਰਨ ਸਿੰਘ
4. ਹਰਲੀਨ ਕੌਰ
5. ਰਣਜੋਤ ਕੌਰ
6. ਸਾਹਿਬ ਸਿੰਘ
7. ਜੋਬਨਪ੍ਰੀਤ ਸਿੰਘ
8. ਪ੍ਰਭਲੀਨ ਕੌਰ
9. ਹਰਲੀਨ ਕੌਰ
10. ਜਸਮੀਤ ਸਿੰਘ
11. ਗਗਨਦੀਪ ਸਿੰਘ।

(ਹੋਰ ਤਸਵੀਰਾਂ ਅਗਲੇ ਸਫੇ 'ਤੇ)


























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ, 'ਦੇਸ਼ ਦੁਆਬਾ'















# ਗੁਰੂ ਗ੍ਰੰਥ ਸਾਹਿਬ ਜੀ: ਸ਼ਬਦ ਗੁਰ ਪੀਰਾ

ਅਗਿਆਨ ਅਤੇ ਵਹਿਮਾਂ ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਦਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਅੱਠਵੀਂ ਸਦੀ ਮੱਧਕਾਲ ਯੁੱਗ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ, ਬਨਾਰਸ ਵਿਚ ਹੋਇਆ। ਇਹ ਇਕ ਧਾਰਮਿਕ ਜਾਗਰਤੀ ਲਹਿਰ ਸੀ ਜੋ ਬ੍ਰਾਹਮਣਵਾਦ ਦੇ ਖਿਲਾਫ ਸੀ। ਇਸ ਲਹਿਰ ਦੇ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫਰਤ ਨੂੰ ਖਤਮ ਕਰਕੇ, ਸਾਂਝੀਵਾਲਤਾ ਨਾਲ ਜੋੜਿਆ। ਸੂਫੀਆਂ ਵਾਂਗ ਆਪਣੀ ਰਚਨਾ ਨੂੰ ਰਾਗਾਂ ਵਿਚ ਗਾਇਆ। ਦੂਰ-ਦੂਰ ਤੱਕ ਭ੍ਰਮਣ ਕਰਕੇ ਪ੍ਰਚਾਰ ਕਰਦਿਆਂ ਇਹਨਾਂ ਦੀ ਪ੍ਰਸਿੱਧੀ ਵਧਦੀ ਗਈ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਸਾਹਿਬ ਜੀ ਨੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਨਾਲ ਫੈਲਾਇਆ। ਬਾਕੀ ਗੁਰੂਆਂ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਅਗਾਂਹ ਤੋਰਿਆ। ਸਿੱਖ ਧਰਮ ਦੀ ਨੀਂਹ ਸਤਿ 'ਤੇ ਰੱਖੀ ਗਈ, ਜਿਸਦਾ ਸਰਵ ਸਾਂਝਾ ਉਪਦੇਸ਼ ਮਨੁੱਖਤਾ ਦੀ ਭਲਾਈ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਾਪਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਜੀ ਇਕ ਅਜਿਹਾ ਗ੍ਰੰਥ ਹੈ, ਜਿਸਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਮੁੱਚੀ ਮਾਨਵ ਜਾਤੀ ਵਾਸਤੇ ਹੈ। ਖੱਤਰੀ, ਬ੍ਰਾਹਮਣ, ਸੂਦ ਵੈਸ਼ ਉਪਦੇਸ਼ ਚੁਹਾਂ ਵਰਨਾ ਕਉ ਸਾਂਝਾ। ਅਨੁਸਾਰ ਸਾਰੀ ਸਿੱਖਿਆ ਅਧਿਆਤਮਕ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਜੋ ਸਦੀਵੀ ਸ਼ਬਦ ਰੂਪੀ ਗੁਰੂ ਹੈ। ਗੁਰਬਾਣੀ ਦਾ ਉਪਦੇਸ਼ ਨਿਰੰਕਾਰ ਨਾਲ ਜੁੜਨ ਦੀ ਜਾਚ ਦੱਸਦਾ ਹੈ। ਸਿੱਖ ਗੁਰੂਆਂ ਅਤੇ ਹੋਰ ਸੰਤਾਂ ਭਗਤਾਂ, ਸਿੱਖਾਂ ਦੀ ਬਾਣੀ ਵਡਮੁੱਲੀ ਸਿੱਖਿਆ ਦਾ ਅਨਮੋਲ ਖਜ਼ਾਨਾ ਹੈ ਗੁਰੂ ਗ੍ਰੰਥ ਸਾਹਿਬ ਜੀ। ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਹਰ ਗੁਰਦੁਆਰਾ ਸਾਹਿਬ ਵਿਖੇ ਕੀਤਾ ਜਾਂਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧਾਰਾ ਹੈ। ਸ਼ਬਦ ਗੁਰੂ ਦਾ ਸਤਿਕਾਰ, ਪ੍ਰਮਾਤਮਾ ਦਾ ਸਤਿਕਾਰ ਹੈ। - ਸ਼ਬਦ ਗੁਰੂ ਪੀਰਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤੇ ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਜੋ ਬੰਦਗੀ ਅਤੇ ਪ੍ਰਭੂ ਮਿਲਣ



ਦਾ ਰਾਹ ਦੱਸਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ: ਰੱਬੀ ਬਾਣੀ ਹੈ। ਜੋ ਪ੍ਰਚੱਲਿਤ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਜਿਵੇਂ: ਲੋਕ-ਭਾਸ਼ਾ, ਸੰਤ ਭਾਸ਼ਾ ਜੋ ਕਾਵਿ-ਰੂਪ ਵਿਚ ਪੰਜਾਬ ਸਾਹਿਤ ਦੀ ਬੇਸ਼ਕੀਮਤੀ ਵਿਧਾ ਹੈ। ਪ੍ਰਮਾਤਮਾ ਦੀ ਉਸਤੱਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ, ਤਦ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ ਜੋ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਪੋਥੀ ਰੂਪ ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ। ਫਿਰ ਗੁਰੂ ਅਮਰਦਾਸ ਸਾਹਿਬ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ ਤੋਂ ਇਕੱਤਰ ਹੁੰਦੀ ਗਈ। ਜਿਸਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਇਕੱਤਰ ਹੋਈ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਸਤੰਬਰ 1, 1604 ਨੂੰ ਆਦਿ ਗ੍ਰੰਥ ਇਕ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲਾ ਹੁਕਮਨਾਮਾ ਪ੍ਰਾਪਤ ਹੋਇਆ ਕਿ- ਸੂਹੀ ਮਹਲਾ ਪੰਜਵਾਂ।। ਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।। -ਅੰਗ 783



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਕੱਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਈ: ਨੂੰ ਮੁਕੰਮਲ ਕੀਤਾ। ਅਕਤੂਬਰ 20, 1708 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਨੰਦੇੜ ਸਾਹਿਬ ਵਿਖੇ ਗੁਰਿਆਈ ਆਦਿ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ ਤੇ ਨਾਮ 'ਗੁਰੂ ਗ੍ਰੰਥ ਸਾਹਿਬ' ਹੋ ਗਿਆ। ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਸਿੱਖ ਦੇ ਗੁਰੂ ਹਨ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਕਾਰਜਾਂ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।


ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਇਕ ਸਭਨਾਂ ਦਾ ਸਾਂਝਾ ਖਾਲਸਾ ਰਾਜ ਸਥਾਪਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਸਮੁੱਚਾ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਦਾ ਦਰਜਾ ਪ੍ਰਾਪਤ ਹੈ, ਜੋ ਗੁਰੂ ਮੰਨਿਆ ਜਾਂਦਾ ਹੈ।

ਅੰਤਿਕਾ: ਹੇ ਨਾਨਕ! ਜੋ ਮਨੁੱਖ ਸਦਾ ਉਚੇ ਆਤਮਕ ਮੰਡਲ ਵਿਚ ਵੱਸਦਾ ਹੈ, ਉਸਦੇ ਅੰਦਰ ਆਤਮਕ ਭਾਵ ਪੈਦਾ ਹੁੰਦੇ ਹਨ। ਆਤਮਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ। ਆਤਮਕ ਗੁਣਾਂ ਨਾਲ ਉਸਦੀ ਸੁਰਤਿ ਜੁੜੀ ਰਹਿੰਦੀ ਹੈ। ਉਸਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਹੀ ਸਿਫਤਿ-ਸਾਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰੂ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ, ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਨਿਸ਼ਾਨਾ ਮੰਨਦਾ ਹੈ। ਅੰਗ 634-635

## ਅਧਿਆਪਕ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਵਿੱਚ ਅਧਿਆਪਕ ਦਿਵਸ ਹੋ ਰਿਹਾ ਰਾਜਨੀਤੀ ਦਾ ਸ਼ਿਕਾਰ ਅਤੇ ਬਣਦਾ ਜਾ ਰਿਹਾ ਖਾਨਾਪੂਰਤੀ

5 ਸਤੰਬਰ ਨੂੰ ਪਿਛਲੇ ਕਈ ਸਾਲਾਂ ਵਾਂਗ ਹੀ ਦੇਸ਼ ਵਿੱਚ ਅਧਿਆਪਕ ਦਿਵਸ ਮਨਾਇਆ ਜਾ ਰਿਹਾ ਹੈ। ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾਣਗੇ ਜਿਨ੍ਹਾਂ ਵਿੱਚ ਕਈ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ, ਅਧਿਆਪਕ ਦੀ ਸਮਾਜ ਅਤੇ ਦੇਸ਼ ਵਿੱਚ ਮਹੱਤਤਾ ਬਾਰੇ ਲੱਛੇਦਾਰ ਭਾਸਣ ਦਿਤੇ ਜਾਣਗੇ। ਕਈ ਸਮਾਗਮਾਂ ਵਿੱਚ ਵੱਖ ਵੱਖ ਅਧਿਆਪਕ ਜਥੇਬੰਦੀਆਂ ਦੇ ਕੁੱਝ ਆਗੂਆਂ ਵਲੋਂ ਸਰਕਾਰਾਂ ਦਾ ਗੁਣਗਾਣ ਕਰਕੇ ਇਹ ਦੱਸਣ ਦੀ ਕੋਸ਼ਿਸ ਕੀਤੀ ਜਾਵੇਗੀ ਕਿ ਦੇਸ਼ ਦੀਆਂ ਸਰਕਾਰਾਂ ਅਧਿਆਪਕ ਵਰਗ ਦੀ ਮਹੱਤਤਾ ਨੂੰ ਸਮਝ ਰਹੀਆਂ ਹਨ ਅਤੇ ਅਧਿਆਪਕ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਤੋਂ ਕੰਮ ਕਰ ਰਹੇ ਹਨ। ਇਸ ਸਾਲ ਅਧਿਆਪਕ ਦਿਵਸ ਦਾ ਮੁੱਖ ਵਿਸ਼ਾ ਹੈ - ਅਧਿਆਪਕ ਸੰਕਟ ਵਿੱਚ ਮੋਹਰੀ, ਭਵਿੱਖ ਦੀ ਕਲਪਨਾ। ਜੀਵਨ ਅਤੇ ਮਨੁੱਖੀ ਵਿਕਾਸ ਦਾ ਇੱਕ ਜਰੂਰੀ ਪੱਖ ਸਿੱਖਣ ਲਈ ਅਧਿਆਪਕ ਸਮਾਜ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਂਉਦੇ ਹਨ। ਸਾਲ 2020 ਵਿੱਚ ਵਿਸ਼ਵ ਵਿੱਚ ਫੈਲੀ ਕੋਵਿਡ -19 ਮਹਾਂਮਾਰੀ ਕਾਰਨ ਸਿੱਖਿਆ ਪ੍ਰਣਾਲੀਅ ਨੂੰ ਵਿਸ਼ੇਸ਼ ਚੁਣੋਤੀਆਂ ਪੇਸ਼ ਆ ਰਹੀਆਂ ਹਨ। ਹਰ ਸਮਾਜ ਅਤੇ ਦੇਸ਼ ਵਿੱਚ ਅਧਿਆਪਕ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ ਅਤੇ ਕਿਸੇ ਵੀ ਵਿਅੱਕਤੀ ਨੂੰ ਸਮਾਜ ਵਿੱਚ ਸਭਿੱਅਕ ਤਰੀਕੇ ਨਾਲ ਰਹਿਣ ਯੋਗ ਬਣਾਉਣ ਲਈ ਇੱਕ ਅਧਿਆਪਕ ਹੀ ਮੁੱਖ ਭੂਮਿਕਾ ਨਿਭਾਂਉਦਾ ਹੈ। ਭਾਰਤ ਵਿੱਚ ਸਦੀਆਂ ਤੱਕ ਵਿੱਦਿਆ ਦਾ ਅਧਿਕਾਰ ਕੁੱਝ ਖਾਸ ਲੋਕਾਂ ਕੋਲ ਹੀ ਸੀਮਿਤ ਰਿਹਾ ਹੈ ਅਤੇ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ। ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਸਿੱਖਿਆ ਤੋਂ ਬਾਂਝੇ ਲੋਕਾਂ ਲਈ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਅਧਿਆਪਕ ਦੀ ਮਹੱਤਤਾ ਨੂੰ ਵੇਖਦੇ ਹੋਏ ਯੂਨੈਸਕੋ ਨੇ 5 ਅਕਤੂਬਰ ਨੂੰ ਅੰਤਰਰਾਸ਼ਟਰੀ ਅਧਿਆਪਕ ਦਿਵਸ ਘੋਸ਼ਿਤ ਕੀਤਾ ਸੀ ਅਤੇ 1994 ਤੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਹਰ ਸਾਲ 05 ਅਕਤੂਬਰ ਨੂੰ ਮਨਾਇਆ ਜਾਂਦਾ ਹੈ ਅਤੇ ਵੱਖ ਵੱਖ ਦੇਸ਼ਾਂ ਵਿੱਚ ਅਪਣੇ ਅਪਣੇ ਪੱਧਰ ਤੇ ਵੱਖ ਵੱਖ ਮਿਤੀਆਂ ਨੂੰ ਅਧਿਆਪਕ ਦਿਵਸ ਮਨਾਏ ਜਾਂਦੇ ਹਨ। ਭਾਰਤ ਵਿੱਚ ਸਾਲ 1962 ਤੋਂ ਸਾਬਕਾ ਰਾਸ਼ਟਰਪਤੀ ਸਵਰਗੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਸਨਮਾਨ ਵਿੱਚ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਵੱਡੇ ਵੱਡੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ, ਕੁੱਝ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਮੌਕੇ ਤੇ ਵਿਦਿਆਰਥੀ ਵੀ ਆਪਣੇ ਅਧਿਆਪਕਾਂ ਦਾ ਸਨਮਾਨ ਕਰਦੇ ਹਨ ਅਤੇ ਅਧਿਆਪਕਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਸੰਕਲਪ ਲੈਂਦੇ ਹਨ। ਇਸ ਮੌਕੇ ਤੇ ਲੱਗਭੱਗ ਸਾਰੇ ਵਿੱਦਿਅਕ ਅਦਾਰਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਅਧਿਆਪਕ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸਮਾਜ ਵਿੱਚ ਵਿੱਦਿਆ, ਵਿੱਦਿਅਕ ਅਦਾਰਿਆਂ ਅਤੇ ਅਧਿਆਪਕਾਂ ਦਾ ਸਥਾਨ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਸਭਤੋਂ ਵੱਧ ਮਹੱਤਵਪੂਰਨ ਹੈ, ਪਰ ਹੋਲੀ ਹੋਲੀ ਇਹਨਾਂ ਦੀ ਮਹੱਤਤਾ ਘਟਦੀ ਜਾ ਰਹੀ ਹੈ। ਜਿਸ ਵਿੱਦਿਆ ਨੂੰ ਮਨੁਖੀ ਵਿਕਾਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅੱਜ ਵਪਾਰ ਬਣਦੀ ਜਾ ਰਹੀ ਹੈ। ਅਧਿਆਪਕ ਜਿਸਦੀ ਹਰ




ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਹੈ ਦਾ ਬਦਲ ਰਿਹਾ ਰੂਪ ਸਮਾਜ ਲਈ ਖਤਰਨਾਕ ਹੈ। ਅੱਜ ਅਧਿਆਪਨ ਦਾ ਕੰਮ ਸੇਵਾ ਨਾਲੋਂ ਵੱਧ ਵਿਉਪਾਰ ਬਣ ਗਿਆ ਹੈ। ਸਮਾਜ ਵਿੱਚ ਸਿੱਖਿਆ ਦੇ ਹੋ ਰਹੇ ਵਪਾਰੀਕਰਣ ਕਾਰਨ ਅੱਜ ਬਹੁਤੇ ਅਧਿਆਪਕ ਸਿਖਿੱਆ ਦੇ ਨਾਮ ਤੇ ਚੱਲਦੀਆਂ ਦੁਕਾਨਾਂ ਵਿੱਚ ਕੰਮ ਕਰ ਰਹੇ ਹਨ, ਜਿਸਨੇ ਸਮਾਜ ਨੂੰ ਸੇਧ ਦੇਣੀ ਹੈ ਅਤੇ ਦੇਸ਼ ਦਾ ਭਵਿੱਖ ਮੰਨੇ ਜਾਂਦੇ ਬੱਚਿਆਂ ਨੂੰ ਵਧੀਆ ਬਣਾਉਣਾ ਹੈ ਆਪ ਦਿਸ਼ਾਹੀਣ ਹੋ ਰਿਹਾ ਹੈ। ਅੱਜ ਅਧਿਆਪਕਾਂ ਤੇ ਰਾਜਨੀਤਿਕ ਪ੍ਰਭਾਵ ਵੱਧ ਰਿਹਾ ਹੈ ਅਤੇ ਅਧਿਆਪਕਾਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਕਈ ਕੰਮ ਕਰਨੇ ਪੈਂਦੇ ਹਨ। ਉਨ੍ਹਾਂ ਦੀ ਅਕਸਰ ਜਨਸੰਖਿਆ ਸਰਵੇਖਣ, ਵੋਟਾਂ ਦੀ ਗਿਣਤੀ, ਪਖਾਨਿਆਂ ਦੀ ਗਿਣਤੀ, ਗਰੀਬਾਂ ਦੀ ਗਿਣਤੀ ਵਿੱਚ ਡਿਊਟੀ ਲੱਗਦੀ ਹੈ ਅਤੇ ਕੋਵਿਡ -19 ਮਹਾਂਮਾਰੀ ਦੌਰਾਨ ਅਧਿਆਪਕਾਂ ਦੀ ਡਿਊਟੀ ਕੋਰੋਨਾ ਪਾਜਟਿਵ ਵਿਅੱਕਤੀਆਂ ਦਾ ਖਿਆਲ ਰੱਖਣ ਲਈ ਵੀ ਲਗਾਈ ਗਈ ਹੈ। ਬਦਲ ਰਿਹਾ ਵਿੱਦਿਅਕ ਢਾਂਚਾ ਅਧਿਆਪਕਾਂ ਦੀ ਭੂਮਿਕਾ ਨੂੰ ਢਾਹ ਲਾ ਰਿਹਾ ਹੈ। ਸਰਕਾਰਾਂ ਵਲੋਂ ਠੇਕੇ ਤੇ ਭਰਤੀ ਅਤੇ ਨਿੱਜੀ ਅਦਾਰਿਆਂ ਵਿੱਚ ਕੰਮ ਕਰਦੇ ਬਹੁਤੇ ਅਧਿਆਪਕ ਨਿਗੂਣੀ ਤਨਖਾਹ ਤੇ ਕੰਮ ਕਰਦੇ ਹਨ। ਸਰਕਾਰ ਵਿੱਦਿਆ ਫੈਲਾਉਣ ਦੇ ਨਿਰੋਲ ਸਮਾਜਿਕ ਜਿੰਮੇਵਾਰੀ ਵਾਲੇ ਕੰਮ ਨੂੰ ਵੀ ਲਾਭਕਾਰੀ ਕੰਮ ਬਣਾ ਰਹੀ ਹੈ। ਸੈਲਫ ਫਾਇਨਾਂਸਡ ਵਿੱਦਿਅਕ ਸੰਸਥਾਵਾਂ ਦੇ ਨਾਮ ਤੇ ਵਪਾਰਿਕ ਵਿੱਦਿਅਕ ਅਦਾਰੇ ਧੜਾਧੜ ਖੁੱਲ ਰਹੇ ਹਨ ਅਤੇ ਵਿਦਿਆਰਥੀਆਂ ਨੂੰ ਮੋਟੀ ਰਕਮ ਦਾਨ ਅਤੇ ਫੀਸਾਂ ਦੇ ਨਾਮ ਤੇ ਦੇਣੀ ਪੈਂਦੀ ਹੈ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਅਪਣੀਆਂ ਮੰਗਾਂ ਲਈ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵੱਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿੱਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੋਲ, ਵੱਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਅਧਿਆਪਕ ਦਿਵਸ ਸਮੇਂ ਸਨਮਾਨਿਤ ਹੋਣ ਵਾਲੇ ਕੁੱਝ ਅਧਿਆਪਕਾਂ ਸਬੰਧੀ ਵੀ ਕਈ ਸ਼ੰਕੇ ਸਾਹਮਣੇ ਆਏ ਹਨ। ਇਹ ਵੀ ਇਲਜ਼ਾਮ ਲਗਾਏ ਗਏ ਹਨ ਕਿ ਇਹ ਸਨਮਾਨ ਪ੍ਰਾਪਤ ਕਰਨ ਲਈ ਕੁੱਝ ਅਧਿਆਪਕਾਂ ਵਲੋਂ ਇਸ ਲਈ ਜਾਅਲੀ ਦਸਤਾਵੇਜ਼, ਉੱਚ ਅਧਿਕਾਰੀਆਂ ਅਤੇ ਰਾਜਨੇਤਾਵਾਂ ਦੀ ਚਾਪਲੂਸੀ ਕਰਨ ਦੇ ਇਲਜ਼ਾਮ ਵੀ ਸਾਹਮਣੇ ਆਏ ਹਨ। ਅਧਿਆਪਕ ਬਣਨ ਲਈ ਸਰਕਾਰ ਨੇ ਇੱਕ ਵਿੱਦਿਅਕ ਪੱਧਰ ਨਿਸ਼ਚਿਤ ਕੀਤਾ ਹੋਇਆ ਹੈ ਜਿਵੇਂ ਪ੍ਰਾਇਮਰੀ ਕਲਾਸਾਂ ਨੂੰ ਪੜਾਉਣ ਵਾਲੇ ਅਧਿਆਪਕਾਂ ਲਈ ਈ ਟੀ ਟੀ ਅਤੇ ਐਨ ਟੀ ਟੀ ਕੋਰਸ ਅਤੇ ਹਾਈ ਸਕੂਲ ਦੀਆਂ ਕਲਾਸਾਂ ਵਾਲੇ ਅਧਿਆਪਕਾਂ ਲਈ ਬੀ ਐਡ ਦੀ ਡਿਗਰੀ, ਕਾਲਜ ਅਧਿਆਪਕ ਲਈ ਐਮ ਏ ਐਮ ਫਿਲ ਆਦਿ ਜਰੂਰੀ ਹੈ। ਪਿਛਲੇ ਕੁੱਝ ਸਾਲਾਂ ਤੋਂ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਤੋਂ ਬਾਦ ਸਰਕਾਰ ਨੇ ਇੱਕ ਅਧਿਆਪਕ ਯੋਗਤਾ ਟੈਸਟ ਪਾਸ ਕਰਨਾ ਲਾਜ਼ਮੀ ਕਰ ਦਿਤਾ ਹੈ ਜੋਕਿ ਭਵਿੱਖ ਦੇ ਅਧਿਆਪਕਾਂ ਲਈ ਮਾਯੂਸੀ ਅਤੇ ਸ਼ੋਸ਼ਣ ਦਾ ਕਾਰਨ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਲਈ ਕਮਾਈ ਦਾ ਸਾਧਨ ਬਣ ਗਿਆ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਹੋਏ ਇਸ ਟੈਸਟ ਨੇ ਤਾਂ ਇਹ ਸਾਬਿਤ ਹੀ ਕਰ ਦਿਤਾ ਕਿ ਐਮ ਏ ਬੀ ਐਡ ਵਿੱਚ ਟੋਪਰ ਰਹਿਣ ਵਾਲੇ ਅਧਿਆਪਕ ਵੀ ਨਿਕੰਮੇ ਹੀ ਹਨ ਅਤੇ 10 ਫਿਸਦੀ ਤੋਂ ਵੀ ਘੱਟ ਪ੍ਰੀਖਿਆਰਥੀਆਂ ਨੇ ਹੀ ਇਹ ਟੈਸਟ ਪਾਸ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਬੀ ਐਡ ਵਿੱਚ ਦਾਖਲੇ ਲਈ ਸਰਕਾਰ ਨੇ 40 ਫਿਸਦੀ ਅੰਕ ਦੀ ਸ਼ਰਤ ਰੱਖੀ ਹੋਈ ਹੈ ਪਰੰਤੂ ਦੂਜੇ ਪਾਸੇ ਇਸ ਟੈਸਟ ਨੂੰ ਪਾਸ ਕਰਨ ਲਈ 60 ਫਿਸਦੀ ਨੰਬਰ ਰੱਖੇ ਗਏ ਸਨ। ਸਰਕਾਰ ਵਲੋਂ ਕਰਵਾਇਆ ਜਾ ਰਿਹਾ ਅਧਿਆਪਕ ਯੋਗਤਾ ਟੈਸਟ ਹੁਣ ਸਰਕਾਰ ਲਈ ਕਮਾਈ ਅਤੇ ਟੈਸਟ ਦੇਣ ਵਾਲਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਅਧਿਆਪਕ ਭਰਤੀ ਮਾਮਲੇ ਵਿੱਚ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਹੋਏ ਘੋਟਾਲਿਆਂ ਕਾਰਨ ਵੀ ਅਧਿਆਪਕ ਵਰਗ ਵਿੱਚ ਬੇਚੈਨੀ ਪਾਈ ਜਾ ਰਹੀ ਹੈ। ਨਕਲੀ ਅਤੇ ਜਾਅਲੀ ਡਿਗਰੀਆਂ ਵਾਲੇ ਸਿਫਾਰਸ਼ੀ ਅਤੇ ਰਿਸ਼ਵਤ ਦੇਕੇ ਭਰਤੀ ਹੋਏ ਅਧਿਆਪਕ ਵੀ ਸਿੱਖਿਆ ਦੇ ਨਾਮ ਤੇ ਕਲੰਕ ਹਨ। ਬੇਸੱਕ ਇਸ ਦਿਨ ਸਰਕਾਰਾਂ ਵਲੋਂ ਅਧਿਆਪਕ ਵਰਗ ਦਾ ਗੁਣਗਾਣ ਕੀਤਾ ਜਾਂਦਾ ਹੈ ਜੋਕਿ ਅਸਲੀਅਤ ਤੋਂ ਦੂਰ ਹੈ ਜਦਕਿ ਹਕੀਕਤ ਇਹ ਹੈ ਕਿ ਅਧਿਆਪਕ ਜਿਸਨੂੰ ਦੇਸ ਅਤੇ ਕੌਮ ਦਾ ਨਿਰਮਾਤਾ ਕਿਹਾ ਜਾਂਦਾ ਹੈ ਅਪਣੀਆਂ ਮੰਗਾਂ ਲਈ ਰੋਸ ਪ੍ਰਦਰਸ਼ਨ ਕਰ ਰਹੇ ਹਨ ਅਤੇ ਸਰਕਾਰਾਂ ਵਲੋਂ ਉਨ੍ਹਾਂ ਦੀਆਂ ਮੰਗਾਂ ਬਾਰੇ ਠੋਸ ਕਦਮ ਚੁੱਕਣ ਦੀ ਬਜਾਏ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ ਅਤੇ ਥਾਣਿਆਂ ਵਿੱਚ ਰੱਖਿਆ ਜਾ ਰਿਹਾ ਹੈ। ਅਧਿਆਪਕ ਜਥੇਬੰਦੀਆਂ ਦਾ ਹੋ ਰਿਹਾ ਰਾਜਨੀਤੀਕਰਣ, ਪ੍ਰਧਾਨਗੀ ਦੀ ਭੁੱਖ ਕਾਰਨ ਆਏ ਦਿਨ ਵੱਧ ਰਹੀ ਧੜੇਬੰਦੀ ਵੀ ਅਧਿਆਪਕਾਂ ਦੀ ਖਸਤਾ ਹਾਲਤ ਲਈ ਬਰਾਬਰ ਜਿੰਮੇਵਾਰ ਹੈ। ਦੇਸ਼ ਵਿੱਚ ਅਧਿਆਪਕ ਦੇ ਮਹੱਤਵ ਨੂੰ ਘਟਾ ਰਹੀ ਅਧਿਆਪਕ ਦੀ ਭੂਮਿਕਾ ਮੁੜ ਕਦੋਂ ਗੁਰੂ ਵਾਲੀ ਭੂਮਿਕਾ ਬਣੇਗੀ ਇਹ ਅਜੇ ਤੱਕ ਇੱਕ ਵੱਡਾ ਸਵਾਲ ਹੈ।



ਕੁਲਦੀਪ ਚੰਦ
91-9417563054

ਅੱਜ ਜਰੂਰਤ ਹੈ ਕਿ ਅਸੀਂ ਅਪਣੇ ਵਿੱਦਿਅਕ ਢਾਂਚੇ ਵਿੱਚ ਸੁਧਾਰ ਕਰੀਏ ਅਤੇ ਇਸਦੇ ਹੋ ਰਹੇ ਵਪਾਰੀਕਰਣ ਨੂੰ ਰੋਕੀਏ। ਸਰਕਾਰਾਂ ਨੂੰ ਵੀ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਸੁਧਾਰਕਾਂ ਵਲੋਂ ਚਲਾਈ ਗਈ ਸਿੱਖਿਆ ਦੀ ਮੁਹਿੰਮ ਕਾਇਮ ਰਹਿ ਸਕੇ ਤੇ ਦੇਸ਼ ਵਿੱਚ ਅਧਿਆਪਕ ਵਰਗ ਦਾ ਰੁਤਵਾ ਸੱਚਮੁੱਚ ਸਨਮਾਨਯੋਗ ਬਣ ਸਕੇ। ਅਧਿਆਪਕ ਵਰਗ ਨੂੰ ਵੀ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਕੌਮ ਨਿਰਮਾਤਾ ਦੀ ਹਾਲਤ ਕਿਉਂ ਖਸਤਾ ਹੋ ਰਹੀ ਹੈ। ਜੇਕਰ ਸਰਕਾਰ, ਅਧਿਆਪਕ ਜਥੇਬੰਦੀਆਂ ਅਤੇ ਬੁੱਧੀਜਿਵੀ ਵਰਗ ਨੇ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਦਾ ਮਹੱਤਵ ਖਤਮ ਹੋ ਜਾਵੇਗਾ ਅਤੇ ਅਧਿਆਪਕ ਦਿਵਸ ਇੱਕ ਖਾਨਾਪੂਰਤੀ ਬਣਕੇ ਰਹਿ ਜਾਵੇਗਾ।

# ਨਿਊਯਾਰਕ ਦੇ ਮੇਅਰ ਦੇ ਸਿਰ 'ਤੇ ਪੰਜਾਬੀਆਂ ਵਲੋਂ ਸਜਾਈ ਗਈ ਦਸਤਾਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**





**ਫਰਿਜ਼ਨੋ (ਕੈਲੀਫੋਰਨੀਆਂ)–** ਨਿਊਯਾਰਕ ਸਿਟੀ ਦੇ ਮੌਜੂਦਾ ਮੇਅਰ ਬਿਲ ਡੀ ਬਲਾਸੀਓ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਵਿਖੇ ਪਹੁੰਚੇ। ਇਸ ਦੌਰਾਨ ਸਿੱਖ ਕਮਿਊਨਿਟੀ ਵਲੋਂ ਉਨ੍ਹਾਂ ਦੇ ਦਸਤਾਰ ਵੀ ਸਜਾਈ ਗਈ। ਦਸ ਦਈਏ ਉਨ੍ਹਾਂ ਦੇ ਇਹ ਦਸਤਾਰ ਗਲੋਬਲ ਪੰਜਾਬ ਟੀਵੀ ਦੇ ਬਿਊਰੋ ਹੈੱਡ ਗਿੱਲ ਪ੍ਰਦੀਪ ਨੇ ਸਜਾਈ ਸੀ। ਇਹ ਸਾਰਾ ਪ੍ਰੋਗਰਾਮ ਗੁਰੂਦੁਆਰਾ ਸਿੱਖ ਕਲਚਰ ਸੁਸਾਇਟੀ ਦੀ ਮੈਨੇਜਮੈਂਟ ਅਤੇ ਹਰਪ੍ਰੀਤ ਸਿੰਘ ਤੂਰ ਵਲੋਂ ਉਲੀਕਿਆ ਗਿਆ ਸੀ। 1992 ਤੋਂ ਬਾਅਦ ਯਾਨੀ ਕਿ 29 ਸਾਲ ਬਾਅਦ ਨਿ-ਊਯਾਰਕ ਸਿਟੀ 'ਚ ਕਿਸੇ ਮੇਅਰ ਦੇ ਸਿਰ 'ਤੇ ਦਸਤਾਰ ਸਜਾਈ ਗਈ ਹੈ। ਇਹ ਵਿਦੇਸ਼ਾਂ 'ਚ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਜਦੋਂ ਕੋਈ ਵੱਡਾ ਲੀਡਰ ਸਿੱਖ ਕਮਿਊਨਿਟੀ ਨੂੰ ਸਮਝਦਾ ਹੈ।

ਉਨ੍ਹਾਂ ਨਾਲ ਮੋਢੇ ਨਾਲ ਮੋਢਾ ਲੱਗਾ ਕੇ ਚਲਦਾ ਹੈ। ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਦਾ ਹੈ। ਨਿਊਯਾਰਕ ਸਿਟੀ 'ਚ ਸਿੱਖਾਂ ਦੇ ਜਿੰਨੇ ਵੀ ਵੱਡੇ ਪ੍ਰੋਗਰਾਮ ਹੁੰਦੇ ਨੇ ਸਾਰਿਆ 'ਚ ਇਹ ਸ਼ਾਮਲ ਹੋਏ ਹਨ। ਦਸਣਯੋਗ ਹੈ ਕਿ ਅਮਰੀਕਾ 'ਚ ਕਈ ਵਾਰ ਸਿੱਖਾਂ ਨੂੰ ਦਸਤਾਰ ਕਰਕੇ ਗਲਤ ਨਿਸ਼ਾਨਾ ਵੀ ਬਣਾਇਆ ਜਾਂਦਾ ਹੈ। ਪਰ ਜਦੋਂ ਕੋਈ ਲੀਡਰ ਦਸਤਾਰ ਸਜਾਉਂਦਾ ਹੈ ਤਾਂ ਉਨ੍ਹਾਂ ਦੇ ਨਾਲ ਹੋਰਾਂ ਨੂੰ ਵੀ ਦਸਤਾਰ ਦੀ ਮਹਤਤਾ ਦਾ ਪਤਾ ਲਗਦਾ ਹੈ। ਮੇਅਰ ਬਿਲ ਡੀ ਬਲਾਸੀਓ ਨੇ ਬਾਅਦ 'ਚ ਸਾਰੀ ਸੰਗਤ ਨੂੰ ਸੰਬੋਧਨ ਵੀ ਕੀਤਾ। ਗੁਰੁਦੁਆਰਾ ਕਮੇਟੀ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

# ਫਰਿਜ਼ਨੋ ਰੈਡ ਕਰਾਸ ਦੇ ਵਲੰਟੀਅਰ ਤੂਫਾਨ ਇਡਾ ਦੇ ਮੱਦੇਨਜ਼ਰ ਸਹਾਇਤਾ ਲਈ ਪਹੁੰਚੇ ਲੂਈਸਿਆਨਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸੂਬੇ ਲੁਈਸਿਆਨਾ ਵਿੱਚ ਤੂਫਾਨ ਇਡਾ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਹੈ। ਇਸ ਸੰਕਟ ਦੀ ਘੜੀ ਵਿੱਚ ਤੂਫਾਨ ਪ੍ਰਭਾਵਿਤ ਖੇਤਰਾਂ 'ਚ ਚੱਲ ਰਹੇ ਰਾਹਤ ਯਤਨਾਂ ਵਿੱਚ ਸਹਾਇਤਾ ਕਰਨ ਲਈ ਕੈਲੀਫੋਰਨੀਆ ਦੀ ਕਾਉਂਟੀ ਫਰਿਜ਼ਨੋ ਵਿੱਚੋਂ ਰੈੱਡ ਕਰਾਸ ਸੰਸਥਾ ਦੇ ਮੈਂਬਰ ਲੁਈਸਿਆਨਾ ਪਹੁੰਚੇ ਹਨ। ਫਰਿਜ਼ਨੋ ਰੈਡ ਕਰਾਸ ਦੀ ਵਲੰਟੀਅਰ ਨਿਕੋਲ ਮੌਲ ਜੋ ਕਿ ਸਹਾਇਤਾ ਲਈ ਲੁਈਸਿਆਨਾ ਪਹੁੰਚੀ ਹੈ ਅਨੁਸਾਰ ਤੂਫਾਨ ਕਾਰਨ ਸੂਬੇ ਦੇ ਘਰਾਂ ਦੀਆਂ ਛੱਤਾਂ ਉੱਡਣ ਦੇ ਨਾਲ ਗਲੀਆਂ ਵਿੱਚ ਪਾਣੀ ਭਰ ਗਿਆ ਹੈ। ਇਸ ਲਈ ਹੁਣ, ਰੈਡ ਕਰਾਸ ਦੇ 600 ਤੋਂ ਵੱਧ ਵਲੰਟੀਅਰ 24 ਘੰਟੇ ਕੰਮ ਕਰਕੇ ਲੋੜਵੰਦਾਂ ਲਈ ਰਾਹਤ ਕਾਰਜ ਪ੍ਰਦਾਨ ਕਰ ਰਹੇ ਹਨ। ਇਸ ਸਮੇਂ ਰੈਡ ਕਰਾਸ ਮੈਂਬਰ ਐਮਰਜੈਂਸੀ ਫੂਡ ਟਰੱਕਾਂ ਨਾਲ ਸਹਾਇਤਾ ਵਿੱਚ ਜੁਟੇ ਹਨ। ਇਸਦੇ ਇਲਾਵਾ ਐਤਵਾਰ ਨੂੰ, ਲੁਈਸਿਆਨਾ, ਮਿਸੀਸਿਪੀ ਅਤੇ ਟੈਕਸਾਸ ਵਿੱਚ 60 ਦੇ ਕਰੀਬ ਰੈਡ ਕਰਾਸ ਸ਼ੈਲਟਰਾਂ ਵਿੱਚ 2,500 ਤੋਂ ਵੱਧ ਲੋਕਾਂ ਨੇ ਆਪਣੀ ਰਾਤ ਗੁਜਾਰੀ। ਮੌਲ ਦੇ ਅਨੁਸਾਰ ਬਚਾਅ ਕਾਰਜ ਜਾਰੀ ਹਨ ਅਤੇ ਇਹ ਗਿਣਤੀ ਵਧਣ ਦੀ ਉਮੀਦ ਹੈ। ਇਸ ਵਲੰਟੀਅਰ ਨੇ ਹੋਰ ਲੋਕਾਂ ਨੂੰ ਵੀ ਰੈਡ ਕਰਾਸ ਦੁਆਰਾ ਕੀਤੇ ਜਾਂਦੇ ਰਾਹਤ ਕਾਰਜਾਂ ਦਾ ਹਿੱਸਾ ਬਣਕੇ




# ਅਮਰੀਕਾ ਦੀ ਫੋਰੈਸਟ ਸਰਵਿਸ ਕਰੇਗੀ ਕੈਲੀਫੋਰਨੀਆ ਵਿਚਲੇ ਰਾਸ਼ਟਰੀ ਜੰਗਲਾਂ ਨੂੰ ਬੰਦ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਟੇਟ ਕੈਲੀ-ਫੋਰਨੀਆ ਵੱਡੇ ਪੱਧਰ 'ਤੇ ਜੰਗਲੀ ਅੱਗਾਂ ਦਾ ਸਾਹਮਣਾ ਕਰ ਰਹੀ ਹੈ। ਇਹਨਾਂ ਹੀ ਜੰਗਲੀ ਅੱਗਾਂ ਦੇ ਮੱਦੇਨਜ਼ਰ ਜਨਤਕ ਸੁਰੱਖਿਆ ਅਤੇ ਅੱਗਾਂ ਨੂੰ ਵਧਣ ਤੋਂ ਰੋਕਣ ਲਈ ਅਮਰੀਕੀ ਫੋਰੈਸਟ ਸਰਵਿਸ ਵੱਲੋਂ ਕੈਲੀਫੋਰਨੀਆ ਵਿਚਲੇ ਸਾਰੇ ਰਾਸ਼ਟਰੀ ਜੰਗਲਾਂ ਨੂੰ ਅਸਥਾਈ ਤੌਰ 'ਤੇ ਬੰਦ ਕੀਤਾ ਜਾਵੇਗਾ। ਇਸ ਸਬੰਧੀ ਯੂ ਐਸ ਫੋਰੈਸਟ ਸਰਵਿਸ ਨੇ ਘੋਸ਼ਣਾ ਕੀਤੀ ਹੈ ਕਿ ਮੰਗਲਵਾਰ ਤੋਂ ਕੈਲੀਫੋਰਨੀਆ ਦੇ ਅੰਦਰ ਸਾਰੇ ਰਾਸ਼ਟਰੀ ਜੰਗਲਾਂ ਨੂੰ ਅਸਥਾਈ ਤੌਰ 'ਤੇ ਬੰਦ ਕੀਤਾ ਜਾਵੇਗਾ। ਯੂ ਐਸ ਫੋਰੈਸਟ ਸਰਵਿਸ ਦੇ ਬਿਆਨ ਅਨੁਸਾਰ 31 ਅਗਸਤ ਤੋਂ 17 ਸਤੰਬਰ ਤੱਕ ਕੈਲੀਫੋਰਨੀਆ ਦੇ ਸਾਰੇ ਰਾਸ਼ਟਰੀ ਜੰਗਲ ਬੰਦ ਕਰ ਦਿੱਤੇ ਜਾਣਗੇ, ਤਾਂ ਜੋ ਨਵੀਂ ਅੱਗ ਲੱਗਣ ਦੀ ਸੰਭਾਵਨਾ ਨੂੰ ਸੀਮਤ ਕੀਤਾ ਜਾ ਸਕੇ। ਖੇਤਰੀ ਜੰਗਲਾਤ ਅਧਿਕਾਰੀ ਜੈਨੀਫਰ ਏਬਰਲੀਅਨ ਇਹ ਫੈਸਲਾ ਬਹੁਤ ਸੋਚ ਸਮਝ ਕੇ ਲਿਆ ਗਿਆ ਹੈ ਕਿਉਂਕਿ ਜਨਤਕ ਸੁਰੱਖਿਆ ਲਈ ਇਹ ਸਭ ਤੋਂ ਵਧੀਆ ਵਿਕਲਪ ਹੈ। ਫੋਰੈਸਟ ਸਰਵਿਸ ਅਨੁਸਾਰ ਰਾਸ਼ਟਰੀ ਜੰਗਲਾਂ ਨੂੰ ਬੰਦ ਕਰਨ ਦਾ ਉਦੇਸ਼ ਐਮਰਜੈਂਸੀ ਦੀ ਸਥਿਤੀ ਵਿੱਚ ਜਨਤਕ ਜ਼ਮੀਨ 'ਤੇ ਲੋਕਾਂ ਦੀ ਸੰਖਿਆ ਨੂੰ ਸੀਮਤ ਕਰਨਾ ਵੀ ਹੈ।







# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ਼. ਏ ਗਲੌਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼੍ਹਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮੜ੍ਹੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)
ਅੱਵਲ ਹਮਦ ਗੁਲਾਬ ਤਾਈਂ,
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,
ਗੋਯਾ ਹੋਰ ਦੂਜਾ ਆਫ਼ਤਾਬ ਆਹਾ।
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,
ਸਾਰੇ ਜੱਗ ਤੇ ਆਹ ਦਨਾਵ ਆਹਾ।
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

### ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।


ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

### ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋਡੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।

### ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ



ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।

### ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।

### ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ।

ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

### ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

### ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾਦਰੀ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

### ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ।

ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

# ਕੀ ਪੰਜਾਬ ਦੀ ਕੈਪਟਨ ਸਰਕਾਰ ਟੁੱਟ ਜਾਏਗੀ?



ਗੁਰਮੀਤ ਪਲਾਹੀ
91-98158-02070

ਪੰਜਾਬ ਕਾਂਗਰਸ 'ਚ ਖੁਲ੍ਹੀ ਜੰਗ ਜਾਰੀ ਹੈ।ਵੈਸੇ ਤਾਂ ਦੇਸ਼ ਵਿਚ ਜਿੰਨੇ ਵੀ ਸੂਬਿਆਂ 'ਚ ਕਾਂਗਰਸ ਦਾ ਰਾਜ ਹੈ, ਉਥੇ ਸਭਨਾਂ 'ਚ ਹੀ ਕਾਂਗਰਸ ਪਾਟੋ-ਧਾੜ ਹੋਈ ਪਈ ਹੈ। ਛਤੀਸਗੜ੍ਹ ਵਿਚ ਕਾਂਗਰਸ ਵਿਰੋਧੀ ਆਗੂ ਪਾਰਟੀ ਨੇਤਾ ਨੂੰ ਬਦਲਣ ਦੀ ਮੰਗ ਕਰ ਰਹੇ ਹਨ।ਰਾਜਸਥਾਨ ਵਿਚ ਵੀ ਇਹੋ ਹਾਲ ਹੈ। ਪੰਜਾਬ ਦੇ ਮੁੱਖ ਮੰਤਰੀ ਨੂੰ ਬਦਲਣ ਲਈ ਨਵਜੋਤ ਸਿੰਘ ਸਿੱਧੂ ਖੇਮੇ ਦੇ ਚਾਰ ਮੰਤਰੀਆਂ ਤੇ 25 ਵਿਧਾਇਕਾਂ ਨੇ ਇਹ ਕਹਿ ਕੇ ਕਾਂਗਰਸ ਹਾਈ ਕਮਾਂਡ ਦਾ ਦਰ ਖੜਕਾਉਣ ਦਾ ਫ਼ੈਸਲਾ ਲੈ ਲਿਆ ਹੈ ਤੇ ਦਿੱਲੀ ਨੂੰ ਚਾਲੇ ਪਾ ਦਿੱਤੇ ਹਨ ਕਿ ਸਾਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਉੱਤੇ ਭਰੋਸਾ ਨਹੀਂ ਹੈ ਅਤੇ ਉਹ ਮੁੱਖ ਮੰਤਰੀ ਬਦਲਣਾ ਚਾਹੁੰਦੇ ਹਨ। ਪਰ ਉਹਨਾ ਵਿਚੋਂ 6 ਵਿਧਾਇਕ ਮੁੜ ਅਮਰਿੰਦਰ ਸਿੰਘ ਦੇ ਹੱਕ 'ਚ ਆ ਨਿਤਰੇ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਇਕ-ਦੂਜੇ ਦਾ ਵਿਰੋਧ ਕਰ ਰਹੇ ਹਨ ਅਤੇ ਪੰਜਾਬ ਦੀ ਕਾਂਗਰਸ ਦੋ ਖੇਮਿਆਂ 'ਚ ਵੰਡੀ ਜਾ ਚੁੱਕੀ ਹੈ। ਪੰਜਾਬ ਵਿਧਾਨ ਸਭਾ ਚੋਣਾਂ ਨੂੰ 6 ਮਹੀਨੇ ਦਾ ਸਮਾਂ ਬਾਕੀ ਹੈ ਅਤੇ ਇਸ ਸਮੇਂ ਦੌਰਾਨ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਨਾਉਣ ਉਪਰੰਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਾਂਗਰਸ ਹਾਈ ਕਮਾਂਡ ਵਲੋਂ ਨਿਰਧਾਰਤ 18 ਨੁਕਤੀ ਲੋਕ ਭਲਾਈ ਤੇ ਲੋਕ ਮਸਲਿਆਂ ਸਬੰਧੀ ਅਜੰਡੇ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ। ਪਰ ਸਿੱਧੂ ਧੜੇ ਦੇ ਲੋਕ ਲਗਾਤਾਰ ਇਲਜ਼ਾਮ ਲਗਾ ਰਹੇ ਹਨ ਕਿ ਕੈਪਟਨ ਸਰਕਾਰ ਸਿਰਫ਼ ਗੋਂਗਲੂਆਂ ਤੋਂ ਮਿੱਟੀ ਝਾੜ ਰਹੀ ਹੈ, ਅਸਲ ਵਿਚ ਕੁਝ ਨਹੀਂ ਕਰ ਰਹੀ ਹੈ ਅਤੇ ਕੈਪਟਨ ਦੀ ਸਰਕਾਰ ਸਿਆਸੀ ਲੋਕ ਨਹੀਂ ਅਫ਼ਸਰਸ਼ਾਹੀ ਚਲਾ ਰਹੀ ਹੈ।

ਉਹਨਾ ਦਾ ਕਹਿਣ ਹੈ ਕਿ ਜਦੋਂ ਤੱਕ ਕੈਪਟਨ ਮੁੱਖ ਮੰਤਰੀ ਹਨ ਉਦੋਂ ਤੱਕ ਪੰਜਾਬ ਦੇ ਮਸਲੇ ਹੱਲ ਨਹੀਂ ਹੋ ਸਕਦੇ। ਉਹਨਾ ਦਾ ਇਹ ਵੀ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਅਸਲ ਵਿਚ ਰਲੇ ਹੋਏ ਹਨ, ਜਿਸ ਕਾਰਨ ਬੇਅਦਬੀ ਦੇ ਮੁੱਦਿਆਂ ਨੂੰ ਠੰਡੇ ਬਸਤੇ ਪਾਇਆ ਗਿਆ ਹੈ ਅਤੇ ਬਾਦਲ ਪਰਿਵਾਰ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਵੇਂ ਦਾ ਦੋਸ਼ ਨਸ਼ਿਆ ਸਬੰਧੀ ਲੱਗ ਰਿਹਾ ਹੈ ਕਿ ਅਕਾਲੀ ਦਲ ਦੇ ਇੱਕ ਵੱਡੇ ਨੇਤਾ ਦਾ ਨਾਮ ਇਸ ਮਾਮਲੇ 'ਚ ਵੱਜਦਾ, ਪਰ ਕੈਪਟਨ ਸਾਹਿਬ ਇਸ ਮਾਮਲੇ ਨੂੰ ਹੱਥ ਨਹੀਂ ਪਾ ਰਹੇ। ਉਪਰੋਕਤ ਇਲਜ਼ਾਮ ਸਿਰਫ਼ ਕਾਂਗਰਸ ਦੇ ਵਿਰੋਧੀ ਖੇਮੇ ਦੇ ਲੋਕ ਹੀ ਨਹੀਂ ਲਗਾ ਰਹੇ ਸਗੋਂ ਵਿਰੋਧੀ ਪਾਰਟੀਆਂ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ(ਸੰਯੁਕਤ), ਬਸਪਾ ਵਾਲੇ ਵੀ ਲਗਾ ਰਹੇ ਹਨ। ਇਲਜ਼ਾਮ ਤਾਂ ਉਹਨਾ ਦੇ ਵਿਰੋਧੀ ਕਾਂਗਰਸੀ ਖੇਮੇ ਦੇ ਲੋਕ ਵੀ ਲਗਾ ਰਹੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਮਿਲੇ ਹੋਏ ਹਨ ਅਤੇ ਉਹਨਾ ਦੇ ਇਸ਼ਾਰੇ ਉੱਤੇ ਕੰਮ ਕਰ ਰਹੇ ਹਨ। ਇਹ ਇਲਜ਼ਾਮ ਨਵਜੋਤ ਸਿੰਘ ਸਿੱਧੂ ਦੇ ਨਵੇਂ ਬਣੇ ਸਲਾਹਕਾਰ ਵੀ ਕੈਪਟਨ ਉੱਤੇ ਥੋਪ ਰਹੇ ਹਨ।

ਪੰਜਾਬ ਦੀ ਕਾਂਗਰਸ ਇਸ ਸਮੇਂ ਪੂਰੀ ਪਾਟੋ-ਧਾੜ ਵਿੱਚ ਹੈ। ਕੈਪਟਨ ਵਿਰੋਧੀ ਖੇਮੇ 'ਚ ਆਪੋ-ਧਾਪੀ ਪਈ ਹੋਈ ਹੈ ਕਿ ਉਹ ਕਿਹੜੀ ਘੜੀ ਕਾਂਗਰਸ ਕਮਾਂਡ ਨੂੰ ਇਹ ਅਹਿਸਾਸ ਕਰਵਾਏ ਕਿ ਕੈਪਟਨ ਨੇ ਸਾਢੇ ਚਾਰ ਸਾਲ ਕੁਝ ਨਹੀਂ ਕੀਤਾ, ਉਸਨੂੰ ਬਦਲ ਦਿੱਤਾ ਜਾਵੇ। ਇਹ ਮੰਗ ਲੈ ਕੇ ਪੰਜਾਬ ਦੇ ਚਾਰ ਮੰਤਰੀ ਅਤੇ ਇਕ ਜਨਰਲ ਸਕੱਤਰ ਦਿੱਲੀ ਦੇ ਰਾਹ ਜਾ ਪਏ ਹਨ।

ਪਰ ਕੀ ਇਸ ਸਬੰਧੀ ਇਹ ਮੰਗ ਨਹੀਂ ਸੀ ਕਰਨੀ ਚਾਹੀਦੀ ਕਿ ਕੈਪਟਨ ਅਮਰਿੰਦਰ ਸਿੰਘ ਵਿਧਾਇਕ ਦਲ ਦੀ ਮੀਟਿੰਗ ਸੱਦਣ। ਰਹਿੰਦੇ ਮੁੱਦਿਆਂ ਨੂੰ ਹੱਲ ਕਰਨ ਲਈ ਕਾਰਜ ਵਿਉਂਤ ਤਿਆਰ ਕਰਨ । ਜੇਕਰ ਉਹ ਮੀਟਿੰਗ ਨਾ ਸੱਦਣ ਤਾਂ ਉਹ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੱਕ ਪਹੁੰਚ ਕਰਨ ਅਤੇ ਉਹ ਮੁੱਖ ਮੰਤਰੀ ਨੂੰ ਵਿਧਾਇਕ ਦਲ ਦੀ ਮੀਟਿੰਗ ਕਰਨ ਲਈ ਕਹਿਣ।ਜੇਕਰ ਉਹ ਇਸ ਮੰਗ ਨੂੰ ਸਵੀਕਾਰ ਨਹੀਂ ਕਰਦੇ ਤਾਂ ਹਾਈ ਕਮਾਂਡ ਤੱਕ ਪਹੁੰਚ ਹੋ ਸਕਦੀ ਸੀ।

ਅਸਲ ਵਿਚ ਕਾਂਗਰਸ ਦੇ ਕੈਪਟਨ ਧੜੇ ਦੇ ਅਤੇ ਸਿੱਧੂ ਧੜੇ ਦੇ ਅਤੇ ਸਿੱਧੂ ਨੂੰ ਹਮਾਇਤ ਦੇਣ ਵਾਲੇ ਮਾਝਾ ਬ੍ਰਿਗੇਡ ਮੰਤਰੀਆਂ (ਸੁਖ ਸਰਕਾਰੀਆ, ਸੁਖਵਿੰਦਰ ਸਿੰਘ ਰੰਧਾਵਾ, ਚਰਨਜੀਤ ਚੰਨੀ ਆਦਿ) ਦੇ ਆਪਣੇ ਹਿੱਤ ਹਨ। ਇਹਨਾ ਸਾਰੀਆਂ ਧਿਰਾਂ ਦੇ ਹਿੱਤ ਪੰਜਾਬ ਵਿਚ ਕਾਂਗਰਸ ਦਾ ਭਵਿੱਖ ਖਰਾਬ ਕਰਨ ਵੱਲ ਵੱਧ ਰਹੇ ਹਨ ਅਤੇ ਵਿਰੋਧੀ ਧਿਰਾਂ ਨੂੰ



ਪੰਜਾਬ ਵਿਚ ਤਾਕਤ ਹਥਿਆਉਣ ਦਾ ਮੌਕਾ ਦੇ ਰਹੇ ਹਨ। ਜਦਕਿ ਅੱਜ ਤੋਂ ਛੇ ਕੁ ਮਹੀਨੇ ਪਹਿਲਾਂ ਤੱਕ ਇੰਜ ਜਾਪਦਾ ਸੀ ਕਿ ਪੰਜਾਬ ਵਿਚ ਕਾਂਗਰਸ ਮੁੜ ਆਪਣੀ ਸਰਕਾਰ ਬਣਾਏਗੀ। ਪਰ ਸਿੱਧੂ ਦੇ ਕਾਟੋ ਕਲੇਸ਼ ਅਤੇ ਅੱਗੋਂ ਵਧਦੀ ਧੜੇਬੰਦੀ ਨੇ ਕਾਂਗਰਸ ਦੇ ਭਵਿੱਖ ਉੱਤੇ ਵੱਡਾ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਚਾਰ ਵਰ੍ਹਿਆਂ ਦੇ ਕਾਰਜ ਕਾਲ ਵਿਚ ਜਿਹੜੇ ਮੁੱਦਿਆਂ, ਮਸਲਿਆਂ ਉਤੇ ਚਰਚਾ ਹੋਣੀ ਚਾਹੀਦੀ ਸੀ ਉਹਨਾ ਨੂੰ ਠੰਡੇ ਬਸਤੇ ਵਿਚ ਪਾਈ ਰੱਖਿਆ ਗਿਆ। ਬੇਅਦਬੀ ਦਾ ਮੁੱਦਾ, ਕੋਟਕਪੂਰਾ ਕਾਂਡ ਆਦਿ ਮਸਲੇ ਸੰਜੀਦਗੀ ਨਾਲ ਨਹੀਂ ਲਏ ਗਏ। ਨਸ਼ਿਆਂ ਅਤੇ ਰੇਤ ਮਾਫੀਆ ਨੂੰ ਖੁੱਲ੍ਹ ਖੇਡਣ ਦਿੱਤਾ ਗਿਆ। ਅਫ਼ਸਰਸ਼ਾਹੀ ਨੇ ਕੈਪਟਨ ਰਾਜ ਵਿਚ ਚੰਮ ਦੀਆਂ ਚਲਾਈਆਂ। ਕੈਪਟਨ ਅਮਰਿੰਦਰ ਸਿੰਘ ਲੋਕਾਂ 'ਚ ਨਹੀਂ ਵਿਚਰੇ। ਦਫ਼ਤਰੇ, ਘਰੇ ਬੈਠ ਕੇ ਹਕੂਮਤ ਚਲਾਉਂਦੇ ਰਹੇ। ਬਿਨਾਂ ਸ਼ੱਕ ਉਹਨਾ ਪੰਜਾਬ ਦੇ ਪਾਣੀਆਂ ਉੱਤੇ ਵੱਡਾ ਸਟੈਂਡ ਲਿਆ, ਕਿਸਾਨਾਂ ਦੇ ਕੁਝ ਕਰਜ਼ੇ ਵੀ ਮੁਆਫ਼ ਕੀਤੇ, ਖੇਤੀ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਸੋਧਾਂ ਲਿਆਂਦੀਆਂ ਤੇ ਵਿਧਾਨ ਸਭਾ 'ਚ ਇਸਦੀ ਪ੍ਰਵਾਨਗੀ ਲਈ। ਕਹਿਣ ਨੂੰ ਤਾਂ ਉਸ ਵਲੋਂ ਆਪਣੇ ਵਲੋਂ ਕੀਤੇ ਚੋਣ ਵਾਅਦੇ 80 ਤੋਂ 85 ਫ਼ੀਸਦੀ ਪੂਰੇ ਕਰਨ ਦੀ ਗੱਲ ਕੀਤੀ ਗਈ ਪਰ ਘਰ-ਘਰ ਨੌਕਰੀ ਦੇ ਦਮਗਜੇ ਵੀ ਮਾਰੇ ਗਏ,ਪਰ ਮੁੱਖ ਮਸਲਾ ਨਸ਼ਿਆ 'ਤੇ ਰੋਕ, ਬੇਰੁਜ਼ਗਾਰੀ ਨੂੰ ਠੱਲ ਪਾਉਣਾ ਅਤੇ ਚੰਗੀ ਗਵਰਨੈਂਸ ਦੇਣਾ ਉਸਦੇ ਬੱਸ ਤੋਂ ਬਾਹਰ ਰਿਹਾ।

ਅੱਜ ਹਾਲਾਤ ਇਹ ਹਨ ਕਿ ਕਰਮਚਾਰੀ ਦਫ਼ਤਰਾਂ ਨੂੰ ਜੰਦਰੇ ਲਾ ਕੇ ਬੈਠੇ ਹਨ, ਬੇਰੁਜ਼ਗਾਰ ਸੜਕਾਂ ਉੱਤੇ ਹਨ, ਲਾਠੀਆਂ ਖਾ ਰਹੇ ਹਨ। ਕਿਸਾਨਾਂ 'ਚ ਸਰਕਾਰ ਪ੍ਰਤੀ ਬੇਗਾਨਗੀ ਹੈ।ਭਾਵੇਂ ਕਿ ਗੰਨੇ ਦੇ ਕੀਮਤ ਮੁੱਲ ਤਹਿ ਕਰਨ ਲਈ ਉਹਨਾ ਚਾਰ-ਪੰਜ ਦਿਨਾਂ ਦੇ ਕਿਸਾਨ ਸੜਕ ਰੋਕੋ ਉਪਰੰਤ 360 ਰੁਪਏ ਪ੍ਰਤੀ ਕੁਇੰਟਲ ਗੰਨੇ ਦਾ ਭਾਅ ਮਿੱਥ ਕੇ ਕੁੱਝ ਰਾਹਤ ਦਿੱਤੀ ਹੈ। ਜਿਸ ਨਾਲ ਕਿਸਾਨ ਖੁਸ਼ ਹੋਏ ਹਨ। ਕੁਝ ਖੇਤ ਮਜ਼ਦੂਰ, ਕਾਮਿਆਂ ਦੇ ਕਰਜ਼ੇ ਮੁਆਫ਼ ਕੀਤੇ ਹਨ। ਬੁਢਾਪਾ ਪੈਨਸ਼ਨਾਂ 'ਚ ਵਾਧਾ ਕੀਤਾ ਹੈ। ਪਰ ਸੂਬੇ 'ਚ ਭੂ ਮਾਫੀਆਂ, ਰੇਤ ਮਾਫੀਆਂ, ਬਿਜਲੀ ਸਮਝੌਤੇ ਰੱਦ ਕਰਨ, ਨਸ਼ਿਆਂ ਦੇ ਸੌਦਾਗਰਾਂ ਨੂੰ ਨੱਥ ਪਾਉਣ ਲਈ ਸੁਹਿਰਦ ਯਤਨਾਂ ਦੀ ਅਣਹੋਂਦ ਕੈਪਟਨ ਦੀ ਕੁਰਸੀ ਲਈ ਕਿੱਲ ਸਾਬਤ ਹੋ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲਿਆਂ ਸਬੰਧੀ ਕੈਪਟਨ ਦੀ ਢਿੱਲ-ਮੱਠ ਦੀ ਨੀਤੀ ਨੇ ਕੈਪਟਨ ਲਈ ਕੰਡੇ ਬੀਜੇ ਹਨ, ਜੋ ਉਸ ਲਈ ਚੁਗਣੇ ਹੁਣ ਸੌਖੇ ਨਹੀਂ ਰਹੇ।

ਉਂਜ ਵੀ ਪੰਜਾਬ ਦੀ ਸਿਆਸਤ ਬੁਰੀ ਤਰ੍ਹਾਂ ਉਲਝ ਗਈ ਹੋਈ ਹੈ। ਜਿਸ ਢੰਗ ਨਾਲ ਪਾਰਟੀਆਂ ਇੱਕ-ਦੂਜੀ ਪਾਰਟੀ ਦੇ ਖੁਦਗਰਜ਼ ਨੇਤਾਵਾਂ ਨੂੰ ਆਪੋ-ਆਪਣੀ ਪਾਰਟੀ 'ਚ ਸ਼ਾਮਲ ਕਰ ਰਹੀਆਂ ਹਨ ਅਤੇ ਚੋਣ ਮੁਹਿੰਮ ਜੰਗੀ ਪੱਧਰ ਉਤੇ ਚਲਾ ਰਹੀਆਂ ਹਨ। ਉਹ ਪੰਜਾਬ ਹਿਤੈਸ਼ੀ ਲੋਕਾਂ ਲਈ ਇੱਕ ਚੈਲਿੰਜ ਬਣਦਾ ਜਾ ਰਿਹਾ ਹੈ। ਸਿਆਸਤ, ਮੀਡੀਆ ਅਤੇ ਕਾਰਪੋਰੇਟ ਦਾ ਮਜ਼ਬੂਤ ਜੋੜ ਸਿਹਤਮੰਦ ਕਦਰਾਂ-ਕੀਮਤਾਂ ਉਤੇ ਭਾਰੀ ਸੱਟ ਮਾਰ ਰਿਹਾ ਹੈ।

ਜਿਵੇਂ ਦੇਸ਼ ਵਿੱਚ ਗੋਦੀ ਮੀਡੀਆ ਨੇ ਦੇਸ਼ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ, ਉਹ ਲੋਕਤੰਤਰ ਲਈ ਘਾਤਕ ਹੈ। ਪੰਜਾਬ ਵਿੱਚ ਹੀ ਸਿਆਸੀ ਨੇਤਾ ਮੀਡੀਆ ਕਰਮੀਆਂ ਨੂੰ ਆਪਣੀ ਝੋਲੀ ਪਾਕੇ ਉਹਨਾ ਤੋਂ ਆਪਣੀ ਬੋਲੀ ਬੁਲਾ ਰਹੇ ਹਨ, ਉਹ ਪੰਜਾਬ ਲਈ ਕਿਸੇ ਤਰ੍ਹਾਂ ਵੀ ਸਿਹਤਮੰਦ ਨਹੀਂ ਹੈ। ਕਾਂਗਰਸ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਮਲਵਿੰਦਰ ਸਿੰਘ ਮਾਲੀ, ਡਾ: ਪਿਆਰਾ ਲਾਲ ਗਰਗ ਨੂੰ ਸਲਾਹਕਾਰ ਬਨਾਉਣਾ ਅਤੇ ਦੋ ਹੋਰ ਪੱਤਰਕਾਰਾਂ ਨੂੰ ਪ੍ਰੈੱਸ ਸਲਾਹਕਾਰ ਨੀਅਤ ਕਰਨਾ ਕੀ ਪੰਜਾਬ ਮਸਲਿਆਂ ਲਈ ਬੇਬਾਕੀ ਨਾਲ ਜੁੜੇ ਪੱਤਰਕਾਰਾਂ ਨੂੰ ਸਿਰਫ਼ ਆਪਣੀ ਪਾਰਟੀ ਦੀ ਬੋਲੀ ਪਵਾਉਣ ਦੇ ਤੁਲ ਨਹੀਂ ਹੈ? ਇਸ ਕਿਸਮ ਦੀ ਕੋਈ ਵੀ ਕਾਰਵਾਈ ਕੀ ਗੋਦੀ ਮੀਡੀਆ ਤੋਂ ਵੀ ਭੱਦੀ ਕਾਰਵਾਈ ਨਹੀਂ? ਕੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਾਰਪੋਰੇਟੀ ਕਾਰਵਾਈ ਕਰਦਿਆਂ ਸਰਕਾਰੀ ਖ਼ਰਚੇ ਉਤੇ ਪ੍ਰਸ਼ਾਂਤ ਭੂਸ਼ਣ ਨੂੰ ਸਲਾਹਕਾਰ ਨੀਅਤ ਕਰਨਾ ਅਤੇ ਆਪਣੀ ਚੋਣ ਮੁਹਿੰਮ 'ਚ ਵਰਤਣਾ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਨਹੀਂ ਹੈ?

ਬਿਨ੍ਹਾਂ ਸ਼ੱਕ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪਿਛਲੇ ਚਾਰ ਸਾਲ ਦੇ ਸਮੇਂ 'ਚ ਆਪਣੀ ਕਾਰਗੁਜ਼ਾਰੀ ਚੰਗੀ ਨਹੀਂ ਦਿਖਾ ਸਕੀ। ਲੋਕਾਂ ਨੇ ਜੋ ਕੁਝ ਕਾਂਗਰਸ ਨੂੰ ਰਾਜ ਭਾਗ ਸੌਂਪਣ ਸਮੇਂ, ਉਸ ਉਤੇ ਉਮੀਦਾਂ ਲਾਈਆਂ ਸਨ, ਉਸਤੇ ਉਹ ਖ਼ਰੀ ਨਹੀਂ ਉੱਤਰੀ। ਪਰ ਕੀ ਇਸ ਸਭ ਕੁਝ ਲਈ ਨਵਜੋਤ ਸਿੰਘ ਸਿੱਧੂ ਜਾਂ ਹੋਰ ਮੰਤਰੀ ਜਿਹੜੇ ਹੁਣ ਬਗਾਵਤ ਕਰੀ ਬੈਠੇ ਹਨ, ਉਸ ਲਈ ਜ਼ੁੰ-ਮੇਵਾਰ ਨਹੀਂ ਹਨ? ਕਿਉਂ ਨਹੀਂ ਉਹਨਾ ਪਹਿਲਾਂ ਉਹ ਸਾਰੇ ਮਸਲੇ, ਮੁੱਦੇ ਕੈਬਨਿਟਾਂ ਵਿੱਚ ਉਠਾਏ, ਜਿਹੜੇ ਉਹ ਹੁਣ ਪਬਲਿਕ ਵਿੱਚ ਲਿਆਕੇ, ਜਾਂ ਤਾਂ ਆਪ ਸੁਰਖ਼ੁਰੂ ਹੋਣੇ ਚਾਹੁੰਦੇ ਹਨ ਜਾਂ ਸਰਕਾਰੀ ਭੈੜੀ ਕਾਰਗੁਜ਼ਾਰੀ ਤੋਂ ਹੱਥ ਛੁਡਾਕੇ, ਸਾਫ਼-ਸੁਥਰੇ ਹੋਣਾ ਚਾਹੁੰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਲੋਕ ਸਿਰਫ਼ ਬੇਅਦਬੀ ਮਾਮਲੇ ਉਤੇ ਹੀ ਨਹੀਂ, ਨਸ਼ਾ, ਬੇਰੁਜ਼ਗਾਰੀ ਅਤੇ ਭੈੜੀ ਗਵਰਨੈਂਸ ਉਤੇ ਵੀ ਸਵਾਲ ਉਠਾਉਣਗੇ। ਚਾਰ ਸਾਲ ਉਹਨਾ ਨੇ ਵੀ ਸੂਬੇ ਦੀ ਅਫ਼ਸਰਸ਼ਾਹੀ ਨਾਲ ਰਲਕੇ ਮੌਜਾਂ ਮਾਣੀਆਂ ਹਨ। ਤਨਖ਼ਾਹਾਂ, ਕਾਰਾਂ, ਸਰਕਾਰੀ ਰਿਆਇਤਾਂ, ਭੱਤੇ ਲਏ ਹਨ, ਇਥੋਂ ਤੱਕ ਕਿ ਆਮਦਨ ਟੈਕਸ ਸਰਕਾਰੀ ਖ਼ਾਤਿਆਂ ਚੋਂ ਭੁਗਤਵਾਇਆ ਹੈ।

ਅਸਲ ਵਿੱਚ ਹੁਣ ਵਾਲੀ ਕੈਪਟਨ ਤੋਂ ਪਾਸਾ ਵੱਟਕੇ ਤੁਰਨ ਤੇ ਉਸਨੂੰ ਬਦਨਾਮ ਕਾਰਨ ਦੀ ਲੜਾਈ ਵੀ ਲੋਕਾਂ ਦੀਆਂ ਅੱਖਾਂ 'ਚ ਘਾਟਾ ਪਾਉਣ ਦੀ ਦਿਖਾਵੇ ਦੀ ਲੜਾਈ ਹੈ। ਮੰਤਰੀ, ਰੌਲਾ-ਰੱਪਾ ਪਾਕੇ ਆਪਣੀ ਕੁਰਸੀ ਬਚਾਉਣਾ ਚਾਹੁੰਦੇ ਹਨ। ਹਾਕਮ ਐਮ.ਐਲ.ਏ. ਕੈਪਟਨ ਸਰਕਾਰ ਉਤੇ ਦਬਾਅ ਪਾਕੇ ਆਪਣੇ ਹਲਕਿਆਂ ਲਈ ਗ੍ਰਾਂਟਾਂ ਬਟੋਰਨਾ ਚਾਹੁੰਦੇ ਹਨ, ਆਪਣਿਆਂ ਲਈ ਸਹੂਲਤਾਂ ਤੇ ਕੁਰਸੀਆਂ ਪ੍ਰਾਪਤ ਕਰਨੀਆਂ ਚਾਹੁੰਦੇ ਹਨ।

ਅਸਲ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਹੈ। ਕਿਉਂਕਿ ਜੇਕਰ ਅਮਰਿੰਦਰ ਸਿੰਘ ਆਪਣੇ ਖੇਮੇ ਦੇ ਐਮ.ਐਲ. ਏ. ਲੈ ਕੇ ਕਾਂਗਰਸ ਤੋਂ ਬਾਹਰ ਨਿਕਲ ਜਾਣ ਤਾਂ ਫਿਰ ਸੂਬੇ 'ਚ ਹੋਰ ਕੋਈ ਸਰਕਾਰ ਨਹੀਂ ਬਣ ਸਕੇਗੀ, ਸਗੋਂ ਗਵਰਨਰੀ ਰਾਜ ਲੱਗੇਗਾ ਅਤੇ ਕਾਂਗਰਸ ਦੇ ਹੱਥੋਂ ਇਕ ਹੋਰ ਸੂਬਾ ਕਾਂਗਰਸੀ ਹਾਈ ਕਮਾਂਡ ਦੀ ਅਣਗਹਿਲੀ ਜਾਂ ਫ਼ੈਸਲੇ ਨਾ ਲੈ ਸਕਣ ਦੀ ਸਮਰੱਥਾ ਕਾਰਨ ਜਾਂਦਾ ਰਹੇਗਾ।

ਪੰਜਾਬ ਕਾਂਗਰਸ ਦਾ ਕਾਟੋ-ਕਲੇਸ਼ ਜਿਹੜਾ ਅਸਲ ਵਿਚ ਕਾਂਗਰਸੀ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਹੋਂਦ ਵਿਖਾਉਣ ਲਈ ਆਪੂੰ ਸਿਰਜਿਆ ਹੋਇਆ ਹੈ, ਉਸ ਨਾਲ ਪੰਜਾਬ ਵਿਚ ਕਾਂਗਰਸ ਦੀ ਹਾਲਾਤ ਹਾਸੋਹੀਣੀ ਹੋ ਚੁੱਕੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਕੁਰਸੀ ਤੋਂ ਲਾਹ ਕੇ ਕਿਸੇ ਹੋਰ ਨੂੰ ਵਿਧਾਇਕ ਦਲ ਦਾ ਨੇਤਾ ਬਨਾਉਣ ਦੀ ਕਵਾਇਦ ਦੀ ਭਾਰੀ ਕੀਮਤ ਕਾਂਗਰਸੀ ਹਾਈ ਕਮਾਂਡ ਨੂੰ ਚੁਕਾਉਣੀ ਪਵੇਗੀ। ਸ਼ਾਇਦ ਕਾਂਗਰਸ ਹਾਈ ਕਮਾਂਡ ਇਹ ਜ਼ੋਖ਼ਮ ਨਹੀਂ ਉਠਾਏਗੀ।

# ਅਫਗਾਨ ਸ਼ਰਨਾਰਥੀਆਂ ਦੀ ਤ੍ਰਾਸਦੀ

**ਗੁਰਮੀਤ ਪਲਾਹੀ**

ਅਫਗਾਨਿਸਤਾਨ ਤੋਂ ਵੱਡੀਆਂ ਚਿੰਤਾਜਨਕ ਖ਼ਬਰਾਂ ਆ ਰਹੀਆਂ ਹਨ। ਸੋਵੀਅਤ ਯੂਨੀਅਨ (ਰੂਸ) ਪਹਿਲਾਂ ਅਫਗਾਨਿਸਤਾਨ ਦੇ ਵਸ਼ਿੰਦਿਆਂ ਦਾ ਸਾਥ ਛੱਡ ਗਿਆ ਸੀ ਅਤੇ ਹੁਣ ਅਮਰੀਕੀ ਫੌਜਾਂ 20 ਸਾਲ ਅਫਗਾਨਿਸਤਾਨ 'ਚ ਆਪਣੀਆਂ ਚੰਮ ਦੀਆਂ ਚਲਾਕੇ, ਉਥੋਂ ਦੇ ਵਸ਼ਿੰਦਿਆਂ ਨੂੰ ਆਪਣੇ ਰਹਿਮੋ ਕਰਮ ਉਤੇ ਛੱਡ ਗਈਆਂ ਹਨ। ਤਾਲਿਬਾਨ ਲਗਭਗ ਸਾਰੇ ਅਫਗਾਨਿਸਤਾਨ ਉਤੇ ਕਾਬਜ਼ ਹੋ ਗਿਆ ਹੈ ਅਤੇ ਲੋਕ ਆਪਣਾ ਦੇਸ਼ ਛੱਡਕੇ ਵਿਦੇਸ਼ਾਂ ਨੂੰ ਭੱਜ ਰਹੇ ਹਨ।

ਮੋਟਾ ਅੰਦਾਜ਼ਾ ਹੈ ਕਿ ਹੁਣ ਤੱਕ ਤੀਹ ਲੱਖ ਅਫਗਾਨ ਸ਼ਰਨਾਰਥੀ ਦੁਨੀਆ ਭਰ ਦੇ ਦੇਸ਼ਾਂ ਵਿੱਚ ਸ਼ਰਨ ਲੈ ਚੁੱਕੇ ਹਨ। ਇਹ ਗਿਣਤੀ ਜਿਆਦਾ ਵੀ ਹੋ ਸਕਦੀ ਹੈ। ਪਾਕਿਸਤਾਨ ਪਿਛਲੇ ਚਾਰ ਦਹਾਕਿਆਂ ਤੋਂ ਅਫਗਾਨ ਸ਼ਰਨਾਰਥੀਆਂ ਦਾ ਭਾਰ ਢੋਅ ਰਿਹਾ ਹੈ। ਉਸਦਾ ਦਾਅਵਾ ਹੈ ਕਿ ਉਸਨੇ ਪਾਕਿਸਤਾਨ ਵਿੱਚ ਪੰਦਰਾਂ ਲੱਖ ਸ਼ਰਨਾਰਥੀ ਰਜਿਸਟਰ ਕੀਤੇ ਹਨ, ਬਾਕੀ ਬਿਨਾਂ ਰਜ਼ਿਸਟ੍ਰੇਸ਼ਨ ਰਹਿ ਰਹੇ ਹਨ। ਪਾਕਿਸਤਾਨ, ਜਿਹੜਾ ਤਾਲਿਬਾਨ ਦੇ ਨਾਲ ਹਿੱਕ ਡਾਹ ਕੇ ਖੜਾ ਹੋਇਆ ਹੈ, ਉਸਨੇ ਹੁਣ ਅਫਗਾਨ ਸ਼ਰਨਾਰਥੀਆਂ ਲਈ ਦਰਵਾਜੇ ਢੋਹ ਲਏ ਹਨ। ਅਫਗਾਨਿਸਤਾਨ 'ਚ ਹਾਲਾਤ ਗੰਭੀਰ ਹਨ ਅਤੇ ਉਥੇ ਸਿਆਸੀ ਅਨਿਸਚਿਤਤਾ ਬਣੀ ਹੋਈ ਹੈ। ਤਾਲਿਬਾਨਾਂ ਨੇ ਅਫਗਾਨਿਸਤਾਨ ਤੇ ਕਬਜਾ ਕਰਨ ਉਪਰੰਤ 12 ਮੈਂਬਰੀ ਕਮੇਟੀ ਬਣਾਈ ਹੈ, ਪਰ ਹਾਲੀ ਤੱਕ ਆਪਣਾ ਕੋਈ ਵੀ ਮੁੱਖੀ/ਰਾਸ਼ਟਰਪਤੀ ਨਹੀਂ ਐਲਾਨਿਆ। ਭਾਵੇਂ ਕਿ ਤਾਲਿਬਾਨ ਖਾੜਕੂ ਲੋਕਾਂ ਨੂੰ ਅਫਗਾਨ ਨਾ ਛੱਡਣ ਲਈ ਕਹਿ ਰਹੇ ਹਨ, ਪਰ ਕਿਉਂਕਿ ਲੋਕਾਂ ਨੂੰ 20 ਸਾਲ ਪਹਿਲੇ ਤਲਿਬਾਨਾਂ ਵਲੋਂ ਕੀਤੇ ਜ਼ੁਲਮ ਯਾਦ ਹਨ, ਇਸ ਕਰਕੇ ਉਹ ਦੇਸ਼ ਛੱਡਣ 'ਚ ਹੀ ਆਪਣਾ ਭਲਾ ਸਮਝ ਰਹੇ ਹਨ। ਇਸ ਲਈ ਤਾਲਿਬਾਨ ਦੇ ਕਬਜੇ ਦੇ ਬਾਅਦ ਵੱਡੀ ਗਿਣਤੀ ਸ਼ਰਨਾਰਥੀਆਂ ਦੀ ਪਿਛਲੇ ਕੁਝ ਦਿਨਾਂ ਵਿੱਚ ਕਾਬੁਲ ਹਵਾਈ ਅੱਡੇ ਉਤੇ ਜਿਸ ਤਰ੍ਹਾਂ ਦੀ ਭੀੜ ਦਿਖ ਰਹੀ ਹੈ, ਉਹ ਚਿੰਤਾ ਕਰਨ ਵਾਲੀ ਹੈ।



ਲੋਕਾਂ ਨੂੰ ਲੱਗ ਰਿਹਾ ਹੈ ਕਿ ਕੋਈ ਵੀ ਸਾਧਨ ਜਾਂ ਤਰੀਕਾ ਵਰਤਕੇ ਦੇਸ਼ ਛੱਡਣ 'ਚ ਹੀ ਉਹਨਾ ਦੀ ਭਲਾਈ ਹੈ। ਅਫਗਾਨੀ ਲੋਕਾਂ 'ਚ ਇਸ ਗੱਲ ਦੀ ਅਨਿਸ਼ਚਿਤਤਾ ਹੈ ਕਿ ਤਾਲੀਬਾਨੀਆਂ ਦਾ ਰਾਜ ਕਿਹੋ ਜਿਹਾ ਹੋਏਗਾ? ਇਸੇ ਲਈ ਅਮਰੀਕਾ ਸਹਿਤ ਸਾਰੇ ਦੇਸ਼ ਆਪਣੇ ਨਾਗਰਿਕ ਅਤੇ ਉਹਨਾ ਲਈ ਕੰਮ ਕਰਨ ਵਾਲੇ ਅਫਗਾਨੀਆਂ ਨੂੰ ਸੁਰੱਖਿਅਤ ਟਿਕਾਣਿਆਂ ਤੇ ਪਹੁੰਚਾ ਰਹੇ ਹਨ। ਅਮਰੀਕੀਆਂ ਦਾ ਦਾਅਵਾ ਹੈ ਕਿ ਉਹਨਾ 60 ਹਜ਼ਾਰ ਲੋਕਾਂ ਨੂੰ ਕਾਬੁਲ 'ਚੋਂ ਬਾਹਰ ਕੱਢਿਆ ਹੈ। ਬ੍ਰਿਟਿਸ਼ ਸਰਕਾਰ ਵੀ 5200 ਲੋਕਾਂ ਨੂੰ ਬਾਹਰ ਕੱਢ ਚੁੱਕੀ ਹੈ। ਭਾਰਤ ਵਲੋਂ ਵੀ ਆਪਣੇ ਸੈਂਕੜੇ ਮੁਲਾਜ਼ਮ ਵਾਪਸ ਲਿਆਂਦੇ ਗਏ ਹਨ, ਕਿਉਂਕਿ ਤਾਲਿਬਾਨ ਨੇ 31 ਅਗਸਤ 2021 ਤੱਕ ਇਹਨਾ ਦੇਸ਼ਾਂ ਦੇ ਲੋਕਾਂ ਨੂੰ ਬਾਹਰ ਲੈ ਜਾਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ। ਅਫਗਾਨਿਸਤਾਨ ਦੀ ਇਸ ਵੇਲੇ ਦੀ ਸਮੱਸਿਆ ਗੰਭੀਰ ਹੈ।ਅਮਰੀਕੀ ਫੌਜਾਂ ਦੀ ਵਾਪਸੀ ਉਪਰੰਤ, ਅਫਗਾਨੀ ਫੋਜਾਂ ਤਾਲਿਬਾਨਾਂ ਦਾ, ਜਿਹਨਾ ਨੂੰ ਪਾਕਿਸਤਾਨ ਦੀ ਭਰਪੂਰ ਹਮਾਇਤ ਹੈ, ਮੁਕਾਬਲਾ ਨਹੀਂ ਕਰ ਸਕੀਆਂ। ਸਿਰਫ ਪੰਚਸ਼ੀਰ ਸੂਬੇ 'ਚ ਉਥੋਂ ਦੇ ਕਬੀਲੇ ਅਤੇ ਨਾਰਥ ਪ੍ਰੋਵਿੰਸ ਫੌਜਾਂ ਤਾਲਿਬਾਨਾਂ ਨੂੰ ਟੱਕਰ ਦੇ ਰਹੀਆਂ ਹਨ। ਅਹਿਮਦ ਮਸੂਦ ਅਤੇ ਸਾਬਕਾ ਅਫਗਾਨੀ ਉਪ ਰਾਸ਼ਟਰਪਤੀ ਅਮਰੁਲਾ ਸਲਾਹ ਦੀ ਅਗਵਾਈ 'ਚ ਪੂਰੇ ਵਿਸ਼ਵ 'ਚ ਅਫਗਾਨਿਸਤਾਨ ਨਾਲ ਹੋ ਰਹੀਆਂ ਤਾਲਿਬਾਨੀ ਜਿਆਦਤੀਆਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ। ਇਸ ਵੇਲੇ ਤਾਲਿਬਾਨ ਪੰਚਸ਼ੀਰ ਨੂੰ ਕਬਜ਼ੇ 'ਚ ਲੈਣ ਲਈ ਲੜਾਈ ਲੜ ਰਹੇ ਹਨ, ਕਿਉਂਕਿ ਉਹਨਾ ਕੋਲ ਉਹ ਸਾਰਾ ਅਸਲਾ, ਟੈਂਕ, ਮਸ਼ੀਨਰੀ ਆਦਿ ਮੌਜੂਦ ਹੈ ਜੋ ਅਮਰੀਕੀ ਫੌਜਾਂ ਅਫਗਾਨਿਸਤਾਨ ਵਿੱਚ ਛੱਡ ਗਈਆਂ ਹਨ ਤੇ ਆਫਗਾਨਿਸਤਾਨ ਦੀਆਂ ਫੌਜਾਂ ਇਸ ਅਸਲੇ ਨੂੰ ਸੰਭਾਲ ਨਹੀਂ ਸਕੀਆਂ। ਭਾਵੇਂ ਕਿ ਖ਼ਬਰਾਂ ਇਹ ਵੀ ਹਨ ਕਿ ਦੋਹਾਂ ਧਿਰਾਂ 'ਚ ਜੰਗਬੰਦੀ ਹੋ ਗਈ ਹੈ। ਮੌਜੂਦਾ ਹਾਲਾਤ ਦੇ ਮੱਦੇ ਨਜ਼ਰ ਸ਼ਰਨਾਰਥੀਆਂ ਦੀ ਸਮੱਸਿਆ ਡੂੰਘੀ ਤੇ ਵਡੇਰੀ ਹੁੰਦੀ ਜਾ ਰਹੀ ਹੈ। ਇਸ ਕਰਕੇ ਅਫਗਾਨਿਸਤਾਨ ਦੇ ਆਸਪਾਸ ਦੇ ਦੇਸ਼ ਪ੍ਰੇਸ਼ਾਨ ਹਨ। ਉਹ ਪਹਿਲਾਂ ਹੀ ਅਫਗਾਨੀ ਸ਼ਰਨਾਰਥੀਆਂ ਦਾ ਸੰਕਟ ਝੱਲ ਰਹੇ ਹਨ। ਪਿਛਲੇ ਕੁਝ ਮਹੀ-ਨਿਆਂ ਵਿੱਚ ਲੱਖਾਂ ਅਫਗਾਨੀ ਦੇਸ਼ ਛੱਡ ਚੁੱਕੇ ਹਨ। ਈਰਾਨ ਅਤੇ ਤਿੰਨ ਹੋਰ ਰਾਜਾਂ ਨੇ ਸ਼ਰਨਾਰਥੀਆਂ ਨੂੰ ਜਗਾਹ ਦਿੱਤੀ ਹੈ। ਪਾਕਿਸਤਾਨ ਵੱਲ ਵੀ ਇਹ ਸ਼ਰਨਾਰਥੀ ਰੁਖ ਕਰ ਰਹੇ ਹਨ। ਅਫਗਾਨਿਸਤਾਨ ਦਾ ਗੁਆਂਢੀ ਮੁਲਕ ਤਾਜਕਿਸਤਾਨ ਵੀ ਸ਼ਰਨਾਰਥੀਆਂ ਪ੍ਰਤੀ ਚਿੰਤਤ ਹੈ। ਉਹ ਇੱਕ ਲੱਖ ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕਾ ਹੈ। ਪੱਛਮੀ ਦੇਸ਼ਾਂ ਨੇ ਵੀ ਅਫਗਾਨੀ ਸ਼ਰਨਾਰਥੀਆਂ ਨੂੰ ਪਨਾਹ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਬਰਤਾਨੀਆ ਵੀ ਵੀਹ ਹਜ਼ਾਰ ਅਫਗਾਨੀ ਔਰਤਾਂ ਤੇ ਬੱਚਿਆਂ ਨੂੰ ਪਨਾਹ ਦੇਵੇਗਾ ਜਦਕਿ ਕੈਨੇਡਾ ਨੇ ਵੀ ਵੀਹ ਹਜ਼ਾਰ ਹੋਰ ਸ਼ਰਨਾਰਥੀਆਂ ਨੂੰ ਸੰਭਾਲਣ ਲਈ ਦਰਵਾਜ਼ੇ ਖੋਲ੍ਹੇ ਹਨ। ਜਰਮਨੀ ਵੀ ਹੁਣ ਦਸ ਹਜ਼ਾਰ ਸ਼ਰਨਾਰਥੀਆਂ ਨੂੰ ਸ਼ਰਨ ਦੇਵੇਗਾ। ਅਮਰੀਕਾ ਵਲੋਂ ਤਾਂ ਉਹਨਾ ਸਾਰੇ ਅਫਗਾਨੀਆਂ ਨੂੰ ਆਪਣੇ ਨਾਲ ਲੈ ਕੇ ਜਾਣ ਦਾ ਬੀੜਾ ਚੁੱਕਿਆ ਹੋਇਆ ਹੈ, ਜਿਹੜੇ 20 ਸਾਲ ਉਹਨਾ ਦਾ ਅਫਗਾਨਿਸਤਾਨ 'ਚ ਸਾਥ ਦਿੰਦੇ ਰਹੇ ਹਨ।

ਤਾਲਿਬਾਨਾਂ ਨੇ ਕਾਬੁਲ 'ਚ ਰਾਸ਼ਟਰਪਤੀ ਮਹੱਲ ਸੰਭਾਲਣ ਉਪਰੰਤ ਪ੍ਰੈਸ ਕਾਨਫਰੰਸ ਕੀਤੀ। ਕਿਸੇ ਨੂੰ ਵੀ ਦੇਸ਼

**(ਬਾਕੀ ਅਗਲੇ ਸਫੇ 'ਤੇ)**

# ਸਿਆਟਲ 'ਚ ਬੱਚਿਆਂ ਦੇ ਖੇਡ ਕੈਂਪ ਦੇ ਮੁਕਾਬਲਿਆਂ ਦੇ ਜੇਤੂਆਂ, ਦਾਨੀਆਂ ਤੇ ਵਲੰਟੀਅਰਾਂ ਦੇ ਮਾਣ ਸਨਮਾਨ





















**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਕੈਂਟ ਦੇ ਵਿਲਸਨ ਪਲੈਅ ਫੀਲਡਜ਼ ਦੇ ਖੁੱਲ੍ਹੇ ਮੈਦਾਨ ਵਿਚ ਜੁਲਾਈ ਤੇ ਅਗਸਤ ਦੋ ਮਹੀਨੇ ਬੱਚਿਆਂ ਦੇ ਖੇਡ ਕੈਂਪ ਦੇ ਸਮਾਪਤੀ ਸਮਾਰੋਹ ਤੇ ਖੇਡ ਮੁਕਾਬਲਿਆਂ ਦੇ ਜੇਤੂਆਂ, ਦਾਨੀਆਂ ਤੇ ਵਲੰਟੀਅਰ ਸੇਵਾਦਾਰਾਂ ਦਾ ਮਾਣ ਸਨਮਾਨ ਹੋਇਆ ਤੇ ਇਸ ਉਪਰਾਲੇ ਦੀ ਸ਼ਲਾਘਾ ਹੋਈ। ਇਸ ਸਮਾਪਤੀ ਸਮਾਰੋਹ ਸਮੇਂ ਵੱਟਕਾਮ ਕਾਉਂਟੀ ਦੇ ਚੇਅਰਮੈਨ ਚੁਣੇ ਪੰਜਾਬੀ ਸਤਪਾਲ ਸਿੰਘ ਸਿੱਧੂ, ਸਟੇਟ ਸੈਨੇਟਰ ਮੋਨਾ ਦਾਸ, ਕੈਂਟ ਦੀ ਮੇਅਰ ਡਾਨਾ ਰੈਲਫ, ਪੰਜਾਬੀ ਸਾਹਿਤਕ ਅਕੈਡਮੀ ਹਰਿਆਣਾ ਦੇ ਚੇਅਰਮੈਨ ਗੁਰਵਿੰਦਰ ਸਿੰਘ ਧਮੀਜਾ, ਕੈਂਟ ਸਿਟੀ ਦੀ ਕੌਂਸਲ ਮੈਂਬਰ ਟੋਨੀ ਟਰੋਟਰ ਅਤੇ ਚੀਨ ਦੇ ਐਂਡੀ ਚੈਂਸ ਤੇ ਉਸਦੀ ਪਤਨੀ ਚੈਗ ਨੂੰ ਪੰਜਾਬੀ ਭਾਈਚਰੇ ਦੇ ਨੁਮਾਇੰਦਿਆਂ ਨੇ ਫੁੱਲਾਂ ਦੇ ਗੁਰਦਸਤੇ ਦੇ ਕੇ ਸਵਾਗਤ ਕੀਤਾ, ਜਿਹਨਾਂ ਨੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਵੀ ਕੀਤੀ। ਹਰਦੇਵ ਸਿੰਘ ਜੱਜ ਨੇ ਸਵਾਗਤ ਕੀਤਾ ਅਤੇ ਉਹਨਾਂ ਸੁਝਾਅ ਦਿੱਤਾ ਕਿ ਕਿਸੇ ਵੀ ਪੰਜਾਬੀ ਭਾਈਚਾਰੇ ਦੇ ਖਿਡਾਰੀ ਜੋ ਨੈਸ਼ਨਲ ਪੱਧਰ ਤੇ ਭਾਗ ਲੈਣ ਜਾਵੇ ਤਾਂ ਉਸਦਾ ਖਰਚਾ ਪੰਜਾਬੀ ਭਾਈਚਾਰੇ ਵੱਲੋਂ ਦੇਣਾ ਚਾਹੀਦਾ ਹੈ। ਇਸਮੌਕੇ ਦਾਨੀਆਂ ਗੁਰਪੀਤ ਸਿੰਘ (ਗੋਗਾ ਵਿਰਕ) ਤੇ ਸੇਮ ਵਿਰਕ ਵੱਲੋਂ ਉਦਘਾਟਨ ਤੇ ਸਮਾਪਤੀ ਸਮਾਰੋਹ ਸਮੇਂ ਵਿਸ਼ੇਸ਼ ਮਾਣ ਦਿੱਤਾ ਗਿਆ, ਜਿਹਨਾਂ ਸਨਮਾਨਿਤ ਕਰਨ ਬਾਅਦ ਕੈਂਪ ਦੇ ਖਿਡਾਰੀਆਂ ਨੂੰ ਖੇਡ ਕਿੱਟਾਂ ਦੀ ਸੇਵਾ ਪਿਛਲੇ ਪੰਜ ਸਾਲ ਤੋਂ ਕਰਨ ਵਾਲੇ ਸਤਵਿੰਦਰ ਸਿੰਘ ਸੰਧੂ ਤੇ ਅਮਰਪਾਲ ਸਿੰਘ ਕਾਹਲੋਂ ਸਮੇਤ ਪਿਛਲੇ 6 ਸਾਲ ਤੋਂ ਖੇਡ ਕੈਂਪ ਦੀ ਇੰਸ਼ੋਰੈਂਸ ਕਰਨ ਵਾਲੇ ਕੀ-ਇੰਸ਼ੋਰੈ ਦੇ ਮਨਜੀਤ ਸਿੰਘ, ਰਾਜਬੀਰ ਸਿੰਘ ਸੰਧੂ, ਮਹਿੰਦਰ ਸਿੰਘ ਨਿੱਝਰ, ਹਰਸ਼ਿੰਦਰ ਸਿੰਘ ਸੰਧੂ, ਡਾ. ਸੁਰਿੰਦਰਪਾਲ ਸਿੰਘ ਤੂੰਗ, ਸਤਵੰਤ ਸਿੰਘ ਧਾਲੀਵਾਲ, ਮਨਮੋਹਨ ਸਿੰਘ ਧਾਲੀਵਾਲ, ਕੁਲਵੰਤ ਸਿੰਘ ਖਹਿਰਾ, ਸੰਨੀ ਰਾਜ, ਉਪਿੰਦਰ ਸਿੰਘ, ਬਬੂ ਢਿੱਲੋਂ ਰੀਨੂ, ਹਰਦੀਪ ਸਿੰਘ ਗਿੱਲ, ਗੁਰਦੀਪ ਸਿੰਘ ਸਿੱਘੂ, ਜੇਸ ਬਸਰਾ, ਬਲਜੀਤ ਸੋਹਲ, ਹਰਦੇਵ ਸਿੰਘ ਜੱਸ, ਲਖਵਿੰਦਰ ਸਿੰਘ ਸਰਾਂ, ਪਰਮਿੰਦਰ ਭੱਟੀ, ਨਕੀਬ ਰਹਿਮਾਨ, ਕਾਲਾ ਸੋਹਲ, ਦਰਸ਼ਨ ਸਿੰਘ ਬੜਾ ਪਿੰਡ, ਗੁਰਮੀਤ ਨਿੱਝਰ ਬਾਕਸਰ ਸਮੇਤ ਵਲੰਟੀਅਰਾਂ, ਗੁਰਦੁਆਰਿਆਂ ਦੇ ਮੁੱਖ ਵਾਲੰਟੀਅਰ ਸੇਵਾਦਾਰਾਂ 'ਚ ਪਾਣੀ ਦੀ ਸੇਵਾ ਸੁਖਮਿੰਦਰ ਸਿੰਘ ਖਹਿਰਾ, ਗੁਰਦੇਵ ਸਿੰਘ ਸਮਰਾ, ਹਰਪਾਲ ਸਿੰਘ ਘੁੰਮਣ 'ਲਾਡੀ', ਹਰਦੀਪ ਸਿੰਘ ਚੌਹਾਨ, ਰਾਜੂ ਪਰਮਾਰ, ਜਸਮਿੰਦਰ ਸਿੰਘ ਹੁੰਦਲ, ਬਲਹਾਰ ਸਿੰਘ ਲੈਹਲ, ਰਵਿੰਦਰ ਕੁਮਾਰ ਰਿਸ਼ੀ ਤੇ ਰਾਮ ਮੂਰਤੀ ਸੇਵਾ ਮੁਕਤ ਪੰਜਾਬ ਖੇਡ ਵਿਭਾਗ, ਸੌਰਭ ਰਿਸ਼ੀ, ਕਰਮਜੀਤ ਢਿੱਲੋਂ, ਉਂਕਾਰ ਭੰਡਾਲ, ਰਾਜਨ ਹੁੰਦਲ, ਜੱਸ ਸਮਰਾ, ਜਸਬੀਰ ਰੰਧਾਵਾ, ਲਵਪ੍ਰੀਤ ਕੌਰ, ਕੁਲਦੀਪ ਕੌਰ, ਸੁਖਬੀਰ ਕੌਰ ਤੇ ਸਮੇਤ ਸਰਬਜੀਤ ਸਿੰਘ ਝੱਲੀ, ਸੁਖਪ੍ਰੀਤ ਸਿੰਘ ਮੱਲੀ ਤੇ ਗੁਰ-ਦੀਪ ਸਿੰਘ ਸਿੱਧੂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਸਨ-ਮਾਨਿਤ ਕੀਤਾ ਗਿਆ। ਗੁਰਦੁਆਰਿਆਂ ਦੇ ਮੁੱਖ ਸੇਵਾਦਾਰਾਂ ਦਲਬੀਰ ਸਿੰਘ ਗੋਰਾਇਆਂ, ਰੈਨਟਨ, ਹਰਸ਼ਿੰਦਰ ਸਿੰਘ ਸੰਧੂ, ਸੁੱਚਾ ਮਾਹਲ, ਹਰਪਾਲ ਸਿੰਘ ਸਪਰਾ- ਕੈਂਟ, ਗੁਰਮੇਲ ਸਿੰਘ ਗਿੱਲ ਬੋਥਲ, ਬਲਬੀਰ ਸਿੰਘ ਉਸਮਾਨਪੁਰ, ਮੈਰੀਸ ਵੈਲ ਤੇ ਸਪੋਕੇਨ ਦੇ ਗੁਰਦੁਆਰੇ ਦੇ ਅਜੀਤ ਸਿੰਘ ਨਾਗਰਾ ਅਤੇ ਸਮਾਜ ਸੇਵੀ ਸੰਸਥਾ ਸੋਚ ਦੇ ਬਲਵੰਤ ਸਿੰਘ ਔਲਖ, ਮਨਮੋਹਣ ਸਿੰਘ ਢਿੱਲੋਂ, ਕਰਨ ਸਿੰਘ ਸਿੱਘੂ ਤੇ ਸੰਧਾਵਾਲੀਆ ਨੂੰ ਸਨਮਾਨਿਤ ਕੀਤਾ।

ਫੁਲਕਾਰੀ ਤੀਆਂ ਮੇਲੇ ਦੀਆਂ ਮੁੱਖ ਪ੍ਰਬੰਧਕਾਂ ਰਾਜਪ੍ਰੀਤ ਕੌਰ ਮੱਲੀ ਤੇ ਗੁਰਦੀਪ ਕੌਰ ਝੱਲੀ ਤੇ ਗਰੁੱਪ ਸਮੇਤ ਨਾਰਥ ਸਿਆਟਲ ਤੀਆਂ ਮੇਲੇ ਦੀ ਪ੍ਰਬੰਧਕਾਂ ਜਸਵੀਰ ਕੌਰ ਨਿੱਝਰ ਨੂੰ ਫੁੱਲਾਂ ਦੇ ਗੁਰਦਸਤੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੀਡੀਆ ਪੀਟੀਸੀ ਟੀ. ਵੀ. ਵੱਲੋਂ ਗੁਰਪ੍ਰੀਤ ਸਿੰਘ ਸੰਜੂ, ਪੰਜਾਬ ਰੇਡੀਓ ਦੇ ਸੁਖਪ੍ਰੀਤ ਸਿੰਘ, ਮੇਰੀਸਵੈਲ ਟੀ. ਵੀ. ਸੰਚਾਲਕ ਸਿਮਰਨ ਸਿੰਘ ਤੇ ਗੁਰਿੰਦਰ ਸਿੰਘ ਗਿੱਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਿਆਟਲ ਖੇਡ ਕੈਂਪ ਕਾਮਯਾਬ ਰਿਹਾ, ਜਿੱਥੇ ਬੱਚਿਆਂ ਨੂੰ ਸਰੀਰਕ ਫਿਨਨੈਸ ਟਰੇਨਿੰਗ, ਵੱਖ-ਵੱਖ ਖੇਡਾਂ, ਕੋਚਿੰਗ, ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ। ਪੰਜਾਬੀ ਭਾਈਚਾਰੇ ਦੇ ਸਾਂਝੇ ਉਪਰਾਲੇ ਦੀ ਸ਼ਲਾਘਾ ਕੀਤੀ। 200 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਅਖੀਰ ਵਿਚ ਬੱਚਿਆਂ ਨੇ ਡਾਂਸ-ਭੰਗੜੇ ਪਾ ਕੇ ਖੂਬ ਮਨੋਰੰਜਨ ਕੀਤਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਫਗਾਨ ਸ਼ਰਨਾਰਥੀਆਂ ਦੀ ਤ੍ਰਾਸਦੀ

(ਸਫਾ 20 ਦੀ ਬਾਕੀ)

ਨਾ ਛੱਡਣ ਲਈ ਪ੍ਰੇਰਿਆ। ਸਭਨਾ ਦੀ ਸੁਰੱਖਿਆ ਦਾ ਬਚਨ ਦਿਤਾ ਪਰ ਤਾਲਿਬਾਨਾਂ ਨੇ ਸਕੂਲਾਂ, ਵਿਦਿਆਰਥੀਆਂ ਤੇ ਵਿਦਿਆਰਥਣਾ ਨੂੰ ਵੱਖੋ-ਵੱਖਰੇ ਕਮਰਿਆਂ 'ਚ ਪੜ੍ਹਨ ਦਾ ਆਦੇਸ਼ ਸੁਣਾ ਦਿੱਤਾ। ਔਰਤਾਂ ਨੂੰ ਟੀਵੀ ਐਂਕਰਾਂ ਵਜੋਂ ਛੁੱਟੀ ਕਰ ਦਿੱਤੀ ਹੈ। ਤਾਲਿਬਾਨ ਲੜਾਕੇ ਉਹਨਾ ਲੋਕਾਂ ਨੂੰ ਲੱਭ ਰਹੇ ਹਨ ਜਿਹਨਾ ਨੇ ਅਮਰੀਕੀ ਨੇਤਾਵਾਂ ਦਾ ਸਾਥ ਦਿਤਾ, ਜਿਹਨਾ ਦੀ ਸੂਚੀ ਉਹਨਾ ਕੋਲ ਹੈ।

ਅਮਰੀਕਾ ਨੇ ਪਿਛਲੇ 20 ਸਾਲ ਅਰਬਾਂ-ਖਰਬਾਂ ਰੁਪਏ ਅਫਗਾਨਿਸਤਾਨ 'ਚ ਖਰਚ ਕੀਤੇ ਲੇਕਿਨ ਨਾ ਤਾਂ ਅਫਗਾਨਿਸਤਾਨ 'ਚ ਸ਼ਾਤੀ ਆਈ ਨਾ ਹੀ ਤਾਲਿਬਾਨ ਦਾ ਸਫਾਇਆ ਹੋਇਆ। ਸਗੋਂ ਅਮਰੀਕਾ ਨੇ ਉਹਨਾ ਅਫਗਾਨੀਆਂ ਨੂੰ ਸੰਕਟ 'ਚ ਪਾ ਦਿਤਾ ਜਿਹੜੇ ਵੀਹ ਸਾਲ ਉਹਨਾ ਦੇ ਸਹਿਯੋਗੀ ਰਹੇ। ਅਫਗਾਨੀ ਸ਼ਰਨਾਰਥੀਆਂ ਦੀ ਸੰਖਿਆ ਸੈਂਕੜਿਆਂ, ਹਜ਼ਾਰਾਂ 'ਚ ਨਹੀਂ, ਸਗੋਂ ਲੱਖਾਂ 'ਚ ਹੈ। ਰੂਸ ਵੀ ਇਸ ਚਿੰਤਾ ਵਿੱਚ ਹੈ ਕਿ ਆਖ਼ਰ ਅਫਗਾਨੀ ਸ਼ਰਨਾਰਥੀਆਂ ਦਾ ਕੀ ਕੀਤਾ ਜਾਵੇ। ਭਾਵੇਂ ਪਾਕਿਸਤਾਨ ਖੁਸ਼ ਹੈ ਕਿ ਉਸਦੀ ਪਕੜ ਇਸ ਖਿੱਤੇ 'ਚ ਮਜ਼ਬੂਤ ਹੋਈ ਹੈ, ਜਿਥੇ ਭਾਰਤ ਤੇ ਅਮਰੀਕਾ ਦੀ ਪਹਿਲਾਂ ਵੱਡੀ ਪਕੜ ਸੀ। ਪਾਕਿਸਤਾਨ ਹੁਣ ਅਫਗਾਨਿ-ਸਤਾਨ 'ਚ ਸਰਕਾਰ ਬਨਾਉਣ ਦੀ ਵੱਡੀ ਭੂਮਿਕਾ ਵੀ ਨਿਭਾ ਰਿਹਾ ਹੈ। ਪਰ ਪਾਕਿਸਤਾਨ ਦੀ ਚਿੰਤਾ ਉਹ ਵੱਡੀ ਗਿਣਤੀ ਸ਼ਰਨਾਰਥੀ ਵੀ ਹਨ, ਜਿਹੜੇ ਉਹਦੀਆਂ ਸਰਹੱਦਾਂ ਉਤੇ ਡੇਰੇ ਜਮਾਈ ਬੈਠੇ ਹਨ। ਅਸਲ ਵਿੱਚ ਜਦੋਂ 2020 ਵਿੱਚ ਅਮਰੀਕਾ ਤੇ ਤਾਲਿਬਾਨ ਵਿਚਕਾਰ ਸ਼ਾਂਤੀ ਸਮਝੌਤਾ ਹੋਇਆ। ਅਫਗਾਨਿਸਤਾਨੀ ਸ਼ਰਨਾਰਥੀ ਪਹਿਲਾਂ ਹੀ ਦੂਜੇ ਦੇਸ਼ਾਂ 'ਚ ਸ਼ਰਨ ਲੈਣ ਲਈ ਤੁਰ ਪਏ ਸਨ। ਪਾਕਿਸਤਾਨ, ਈਰਾਨ ਤੋਂ ਇਲਾਵਾ ਜਰਮਨ, ਤਾਜਿਕਸਤਾਨ, ਤੁਰਕੀ, ਅਸਟਰੀਆ, ਫਰਾਂਸ, ਗਰੀਸ 'ਚ ਵੱਡੀ ਸੰਖਿਆ ਅਫਗਾਨੀ ਸ਼ਰਨਾਰਥੀ ਪਹੁੰਚੇ। ਜਰਮਨੀ 'ਚ ਪੌਣੇ ਦੋ ਲੱਖ ਅਤੇ ਤੁਰਕੀ 'ਚ ਸਵਾ ਲੱਖ ਸ਼ਰਨਾਰਥੀਆਂ ਨੇ ਸ਼ਰਨ ਲੈ ਲਈ। ਉਹ ਪਾਕਿਸਤਾਨ ਜਿਸਨੇ ਤਾਲਿਬਾਨਾਂ ਨੂੰ ਅਫਗਾਨਿਸਤਾਨ ਦੀ ਗੱਦੀ ਦੁਆਈ ਹੈ, ਉਹ ਅਫਗਾਨੀ ਸ਼ਰਨਾਰਥੀਆਂ ਨਾਲ ਬੁਰਾ ਸਲੂਕ ਕਰਦੀ ਹੈ। ਉਹਨਾ ਦੇ ਮਾਨਵ ਅਧਿਕਾਰਾਂ ਦੀ ਪਾਕਿਸਤਾਨ 'ਚ ਉਲੰਘਣਾ ਹੁੰਦੀ ਹੈ। ਉਹਨਾ ਨੂੰ ਉਥੇ ਸਿੱਖਿਆ, ਸਿਹਤ ਸਹੂਲਤਾਂ ਵੀ ਨਹੀਂ ਮਿਲਦੀਆਂ। ਕਰਾਚੀ 'ਚ ਵੱਡੀ ਗਿਣਤੀ ਅਫਗਾਨੀ ਝੌਂਪੜੀਆਂ 'ਚ ਰਹਿੰਦੇ ਹਨ। ਇਕੱਲੇ ਕਰਾਚੀ 'ਚ ਝੁੱਗੀਆਂ 'ਚ ਰਹਿਣ ਵਾਲੇ ਅਫਗਾਨੀਆਂ ਦੀ ਗਿਣਤੀ ਦੋ ਲੱਖ ਹੈ। ਅਸਲ 'ਚ ਪਿਛਲੇ ਕਈ ਦਹਾਕਿਆਂ ਤੋਂ ਕਰਾਚੀ 'ਚ ਰਹਿਣ ਵਾਲੇ ਅਫਗਾਨੀ ਸ਼ਰਨਾਰਥੀ ਤਾਂ ਉਥੋਂ ਦੇ ਵਸ਼ਿੰਦੇ ਹੀ ਬਣ ਚੁੱਕੇ ਹਨ। ਉਹ ਵਾਪਿਸ ਅਫਗਾਨਿਸਤਾਨ ਨਹੀਂ ਜਾਣਾ ਚਾਹੁੰਦੇ। ਉਹ ਪੱਛਮੀ ਦੇਸ਼ਾਂ ਵੱਲ ਵੀ ਨਹੀਂ ਜਾਣਾ ਚਾਹੁੰਦੇ। ਉਹਨਾ ਦਾ ਵਿਸ਼ਵਾਸ਼ ਹੈ ਕਿ ਸੋਵੀਅਤ ਯੂਨੀਅਨ ਦੇ ਅਫਗਾਨਿਸਤਾਨ ਹਮਲੇ ਬਾਅਦ ਉਹਨਾ ਦੀ ਹਾਲਾਤ ਨਾਜਕ ਹੋਈ ਸੀ। ਉਹਨਾ ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਦੇ ਵਾਪਿਸ ਜਾਣ ਨਾਲ ਆਸ ਬੱਝੀ ਸੀ ਕਿ ਉਹਨਾ ਦੀ ਹਾਲਤ ਬਿਹਤਰ ਹੋਏਗੀ। ਪਰ ਅਫਗਨਾਨਿਸਤਾਨ 'ਚ ਸ਼ਾਂਤੀ ਨਹੀਂ ਆਈ। ਅਫਗਾਨਿਸਤਾਨ ਦੇ ਕਬੀਲਿਆਂ ਦੇ ਸਰਦਾਰਾਂ ਅਤੇ ਫਿਰ ਤਾਲਿਬਾਨ ਨੇ ਅਫਗਾਨਿਸਤਾਨ ਤਬਾਹ ਕਰ ਦਿੱਤਾ। ਅਮਰੀਕਾ ਅਤੇ ਨਾਟੋ ਦੇਸ਼ ਵੀ ਅਫਗਾਨੀਆਂ ਦੀ ਹਾਲਤ ਸੁਧਾਰਨ 'ਚ ਨਾਕਾਮਯਾਬ ਰਹੇ। ਉਹਨਾ ਦੀ ਨਾਕਾਮਯਾਬੀ ਕਾਰਨ ਤਾਲਿਬਾਨ ਮੁੜ ਅਫਗਾਨਿਸਤਾਨ ਤੇ ਕਾਬਜ਼ ਹੋ ਗਿਆ ਹੈ।

ਅਫਗਾਨੀ ਸ਼ਰਨਾਰਥੀਆਂ ਦੀ ਹਾਲਤ ਤਰਸਯੋਗ ਹੈ। ਅਫਗਾਨਿਸਤਾਨ ਦੇ ਗੁਆਂਢੀ ਦੇਸ਼ ਪਾਕਿਸਤਾਨ, ਈਰਾਨ, ਉਜਬੇਕਿਸਤਾਨ ਦੀ ਵਿੱਤੀ ਹਾਲਤ ਠੀਕ ਨਹੀਂ ਹੈ। ਇਹੋ ਜਿਹੇ ਹਾਲਾਤਾਂ 'ਚ ਉਹ ਸ਼ਰਨਾਰਥੀਆਂ ਦਾ ਬੋਝ ਕਿਵੇਂ ਤੇ ਕਿੰਨਾ ਕੁ ਚੁੱਕ ਸਕਦੇ ਹਨ। ਸ਼ਰਨਾਰਥੀਆਂ ਦੀ ਭੀੜ ਦਾ ਅਸਰ ਉਹਨਾ ਮੁਲਕਾਂ ਦੀ ਆਰਥਿਕਤਾ ਉਤੇ ਵੀ ਪਵੇਗਾ।

ਅਫਗਾਨਿਸਤਾਨ ਵਿੱਚ ਜਿਸ ਕਿਸਮ ਦੇ ਹਾਲਾਤ ਬਣ ਰਹੇ ਹਨ, ਉਹ ਗ੍ਰਹਿ ਯੁੱਧ ਦਾ ਸੰਕੇਤ ਦਿੰਦੇ ਹਨ। ਅਫਗਾਨੀ ਤਾਲਿਬਾਨਾਂ ਦੀਆਂ ਕੱਟੜ ਨੀਤੀਆਂ ਨੂੰ ਉਦਾਰਵਾਦੀ ਅਫਗਾਨੀ ਪਸ਼ਤੂਨ ਪ੍ਰਵਾਨ ਨਹੀਂ ਕਰਦੇ। ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਉਹਨਾ ਵਲੋਂ ਕਬਜ਼ਾਧਾਰੀ ਤਾਲਿਬਾਨਾਂ ਦੇ ਝੰਡੇ ਉਤਾਰਕੇ ਅਫਗਾਨਿਸਤਾਨ ਦੇ ਝੰਡੇ ਲਹਿਰਾਏ ਗਏ ਅਤੇ ਰੋਸ ਮਾਰਚ ਵੀ ਕੱਢੇ ਗਏ ਹਨ।

ਅਫਗਾਨਿਸਤਾਨ ਦੀਆਂ ਤਾਜਿਕ, ਹਜਾਰਾ ਅਤੇ ਉਜਬੇਕ ਜਾਤੀਆਂ ਕਿਸੇ ਵੀ ਕੀਮਤ ਉਤੇ ਤਾਲਿਬਾਨ ਦੇ ਉਸ ਕਿਸਮ ਦੇ ਰਾਜ ਨੂੰ ਪ੍ਰਵਾਨ ਨਹੀਂ ਕਰਨਗੇ ਜੋ ਕਿਸੇ ਵੇਲੇ ਮੁਲਾ ਉਮਰ ਦਾ ਤਾਲਿਬਾਨੀ ਰਾਜ ਸੀ। ਜਿਥੇ ਸਜਾਵਾਂ ਸਖ਼ਤ ਸਨ। ਸ਼ਰੇਆਮ ਲੋਕਾਂ ਨੂੰ ਕੋੜੇ ਮਾਰੇ ਜਾਂਦੇ ਸਨ। ਲੜਕੀਆਂ ਨੂੰ ਪੜ੍ਹਨ ਦੀ ਮਨਾਹੀ ਸੀ। ਇਹੋ ਜਿਹੀਆਂ ਪ੍ਰਸਥਿਤੀਆਂ 'ਚ ਵਿਸ਼ਵ ਭਾਈਚਾਰੇ ਅਤੇ ਯੂ.ਐਨ.ਓ. ਨੂੰ ਵਿਸ਼ੇਸ਼ ਭੂਮਿਕਾ ਨਿਭਾਉਣ ਦੀ ਲੋੜ ਹੈ। ਅਫਗਾਨੀ ਸ਼ਰਨਾਰਥੀਆਂ ਦਾ ਤਤਕਾਲਿਕ ਹੱਲ ਇਹ ਹੀ ਹੈ ਕਿ ਉਥੇ ਸਰਬ ਸਾਂਝੀ ਅਫਗਾਨਿਸਤਾਨ ਸਰਕਾਰ ਬਣੇ। ਸਿਆਸੀ ਸਥਿਰਤਾ ਆਵੇ ਅਤੇ ਸ਼ਾਂਤੀ ਦਾ ਮਾਹੌਲ ਬਣੇ। ਨਹੀਂ ਤਾਂ ਅਫਗਾਨੀ ਸ਼ਰਨਾਰਥੀ, ਜੋ ਆਪਣਾ ਘਰ-ਬਾਰ ਛੱਡ ਚੁੱਕੇ ਹਨ, ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿਣਗੇ।

### ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ



ਡਾ.ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ)

ਭਾਈ ਭਾਗ ਸਿੰਘ ਦਾ ਜਨਮ 1872 ਈ. ਵਿੱਚ ਪਿੰਡ ਭਿੱਖੀਵਿੰਡ ਜੋ ਕਿ ਹੁਣ ਤਰਨਤਾਰਨ ਜ਼ਿਲੇ ਵਿੱਚ ਹੈ ਤੇ ਉਸ ਸਮੇਂ ਲਾਹੌਰ ਜ਼ਿਲਖ਼ੇ ਵਿੱਚ ਹੁੰਦਾ ਸੀ, ਵਿਖੇ ਹੋਇਆ। ਆਪ ਦੇ ਪਿਤਾਦਾ ਨਾਂ ਸ. ਨਰਾਇਣ ਸਿੰਘ ਸੰਧੂ ਤੇ ਮਾਤਾਦਾ ਨਾਂ ਬੀਬੀਮਾਨ ਕੌਰ ਸੀ।

20 ਸਾਲ ਦੀ ਉਮਰ ਵਿੱਚ ਆਪ ਦਸਵੀਂ ਬੰਗਾਲ ਲੈਂਸ ਰਜਿਮੈਂਟ ਵਿੱਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲੀਸ ਵਿੱਚ ਭਰਤੀ ਹੋ ਗਏ। ਡੇਢਸਾਲ ਨੌਕਰੀ ਕਰਨ ਪਿੱਛੋਂ ਆਪ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਉਂਸਿਪਲ ਪੁਲੀਸ ਵਿੱਚ ਭਰਤੀ ਹੋ ਗਏ। 1906 ਈ. ਵਿੱਚ ਨੌਕਰੀ ਛੱਡ ਕੇ ਕਨੇਡਾ ਰਵਾਨਾ ਹੋ ਗਏ।

ਵੈਨਕੂਅਰ ਆ ਕੇ ਆਪ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣ ਾਪਿਆ। ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ 'ਕਨੇਡਾ ਦੇ ਗਦਰੀ ਯੋਧੇ' ਵਿਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਗੋਰੇ ਬੱਚੇ ਭਾਰਤੀਆਂ ਨੂੰ "ਹੈਲੋ ਇੰਡੀਅਨ ਸਾਲੇਵ"ਭਾਵ ਕਿ ਹੈਲੋ ਭਾਰਤੀ ਗੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿੱਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਹਿੰਦੁਸਤਾਨੀ ਆਵਾਸੀ ਕਨੇਡਾ ਵਿੱਚ ਤਿੰਨ ਸਾਲ ਰਹਿਣ ਤੋਂ ਪਿੱਛੋਂ ਕਨੇਡਾ ਦੇ ਵਸਨੀਕ ਬਣ ਜਾਂਦੇ ਸਨ ਤੇ ਉਹਨਾਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਸੀ। ਪਰ ਬ੍ਰਿਟਿਸ਼ ਕੋਲੰਬੀਆਂ ਦੀ ਕਨਜ਼ਰਵੇਟਿਵ ਸਰਕਾਰ ਨੇ 27 ਮਾਰਚ 1907 ਨੂੰ ਬਿੱਲ ਪਾਸ ਕਰਕੇ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ। ਏਥੇ ਹੀ ਬੱਸ ਨਹੀਂ ਨਸਲਪ੍ਰਸਤ ਗੋਰਿਆਂ ਨੇ ਏਸ਼ੀ-ਆਈਆਂ ਨੂੰ ਬਾਹਰ ਰੱਖਣ ਲਈ ਲੀਗ ਬਣਾ ਲਈ।

ਸਤੰਬਰ 1907 ਵਿੱਚ ਅਮਰੀਕਾ ਦੇ ਸ਼ਹਿਰ ਬੈ-ਲਿੰਗਹੈਮ ਵਿੱਚ ਨਸਲਪ੍ਰਸਤ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਕੁੱਟਿਆ ਮਾਰਿਆ ਤੇ ਉਹ ਮਜ਼ਬੂਰ ਹੋ ਕੇ ਉਹ ਵੈਨਕੂਅਰ ਆ ਗਏ । ਇੱਥੇ ਵੀ ਨਸਲੀ ਦੰਗੇ ਭੜਕ ਉੱਠੇ। ਇਹ ਮਾਹੌਲ ਵੇਖ ਕੇ ਭਾਈ ਜੀ ਦੀ ਰੂਹ ਕੰਬ ਉੱਠੀ।

ਵੈਨਕੂਅਰ ਵਿੱਚ ਆਪਦੀ ਨੇੜਤਾ ਬੰਗਾਲੀ ਇਨ-ਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗੁਲਾਮੀ ਜ਼ੁੰਮੇਵਾਰ ਹੈ ਤੇ ਉਹਨਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉੱਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਈ. ਨੂੰ ਖੁੱਲਖ਼ਾ ਜੋ ਕਿ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ।

ਗੁਰਦੁਆਰਾ ਬਨਾਉਣ ਲਈ 22 ਜੁਲਾਈ 1906 ਨੂੰ ਮਤਾ ਪਾਸ ਕੀਤਾ ਗਿਆ ਤੇ ਕਮੇਟੀ ਬਣਾਈ ਗਈ ਜੋ ਕਿ 13 ਮਾਰਚ 1909 ਨੂੰ 'ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਅਰ' ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਇਸ ਸੁਸਾਇਟੀ ਦੇ ਮਾਰਚ 1909 ਤੋਂ ਮਾਰਚ 1910 ਤੀਕ ਖਜ਼ਾਨਚੀ ਤੇ ਮੁੱਖ ਸਕੱਤਰ ਰਹੇ ਤੇ ਮਾਰਚ 1910 ਤੋਂ ਬਾਅਦ ਪ੍ਰਧਾਨ ਰਹੇ।

ਆਪ ਕਨੇਡਾ ਵਿੱਚ ਬਣੀਆਂ ਸੋਸ਼ਿਲਿਟ ਜਥੇਬੰਦੀਆਂ ਦੇ ਵੀ ਆਹੁਦੇਦਾਰ ਰਹੇ।ਆਪ ਨੇ ਭਾਈ ਬਲਵੰਤ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਕਾਰਜਕਾਰਨੀ ਦੇ ਆਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ ਰਲ ਕੇ ਵੈਨਕੂਅਰ ਵਿੱਚ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਇੱਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ।

ਹਿੰਦੁਸਤਾਨੀਆਂ ਨੇ ਮਹਿਸੂਸ ਕੀਤਾ ਕਿ ਉਹ ਕੰਮ ਕਰਨ ਵਿੱਚ ਗੋਰਿਆਂ ਨਾਲੋਂ ਘੱਟ ਨਹੀਂ ਪਰ ਉਹਨਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ ਜੋ ਕਿ ਗੋਰਿਆਂ ਨੂੰ ਮਿਲਦਾ ਹੈ। ਇਸ ਦਾ ਕਾਰਨ ਹਿੰਦੁਸਤਾਨ ਦਾ ਗੁਲਾਮ ਹੋਣਾ ਹੈ। ਰਾਜਨੀਤਕ ਚੇਤਨਾ ਨੂੰ ਵੱਧਦਾ ਹੋਇਆ ਵੇਖਕੇ ਕਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕਨੇਡਾ ਵਿੱਚ ਦਾਖਲੇ ਨੂੰ ਰੋਕਣਲਈ ਕਈ ਤਰਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿੱਚ ਇਹ ਕਾਨੂੰਨ ਬਣਾਇਆ ਗਿਆ ਕਿ ਕਨੇਡਾ ਉਹੋ ਹੀ ਆ ਸਕਦਾ ਹੈ ਜਿਸ ਪਾਸ 200 ਡਾਲਰ ਨਕਦ ਹੋਣ ਤੇ ਉਹ ਹਿੰਦੁਸਤਾਨ ਤੋਂ ਸਿੱਧਾ ਕਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰਾਂ ਹਿੰਦੁਸਤਾਨੀਆਂ ਦਾ ਇਕ ਤਰਾਂ ਨਾਲ ਦਾਖਲਾ ਬੰਦ ਹੋ ਗਿਆ।

ਬਰਤਾਨੀਆਂ ਦੀਆਂ ਗੋਰੀ ਕਲੋਨੀਆਂ ਨੇ ਭਾਰਤੀਆਂ ਦੇ ਦਾਖਲੇ ਰੋਕਣ ਲਈ ਹਰ ਤਰੀਕਾ ਵਰਤਿਆ। ਅਸਟ੍ਰੇਲੀਆ ਦੀ ਫੈਡਰਲ ਸਰਕਾਰ ਨੇ 1901 ਵਿੱਚ 'ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ'ਅਤੇ 1901 ਦਾ 'ਲੇਬਰ ਰੈਕਰੂਟਮੈਂਟ ਐਕਟ'ਪਾਸ ਕਰਕੇ ਹਿੰਦੁਸਤਾਨੀਆਂ ਦਾ ਜਾਣਾ ਬੰਦ ਕਰ ਦਿੱਤਾ ਸੀ। ਨਿਊਜ਼ੀਲੈਂਡ ਨੇ ਵੀ ਅਜਿਹੇ ਕਾਨੂੰਨ ਪਾਸ ਕਰਕੇ ਦਾਖਲਾ ਬੰਦ ਕਰ ਦਿੱਤਾ ਸੀ।

1908 ਵਿੱਚ ਕਨੇਡਾ ਦੇ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ ਵਿੱਚੋਂ ਕੱਢ ਕੇ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਲੋਨੀ ਹਾਂਡੂਰਾਸ ਭੇਜਣ ਦੀ ਯੋਜਨਾ ਬਣਾਈ ਪਰ ਇਸ ਯੋਜਨਾ ਨੂੰ ਭਾਈ ਭਾਗ ਸਿੰਘ, ਭਾਈ ਤੇਜਾ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਭਾਈਚਾਰਕ ਆਗੂਆਂ ਨੇ ਸਿਰੇ ਨਾ ਲੱਗਣ ਦਿੱਤਾ।






ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹਨਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਮਨ ਬਣਾ ਲਿਆ।ਇਹਨਾਂ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫ਼ੌਜੀਆਂ ਦੀ ਸੀ, ਜਿਹਨਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਸੀ । ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੂੰ ਜਿਹੜੇ ਬਹਾਦਰੀ ਦੇ ਮੈਡਲ ਮਿਲੇ ਹਨ ਇਹ ਅਸਲ ਵਿੱਚ ਗੁਲਾਮੀ ਦੇ ਮੈਡਲ ਹਨ। ਇਸ ਸਮੇਂ ਇੱਕ ਘਟਨਾ 3 ਅਕਤੂਬਰ 1909 ਨੂੰ ਵੈਨਕੂਅਰ ਦੇ ਗੁਰਦੁਆਰੇ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਤੇ 'ਹਿੰਦੁਸਤਾਨ ਐਸੋਸੀਏਸ਼ਨ'ਦਾ ਸਰਗਰਮ ਮੈਂਬਰ ਸੀ ਨੇ ਸੰਗਤ ਵਿੱਚ ਖੜੇ ਹੋ ਕੇ ਬਰਤਾਨੀਆ ਦੀਆਂ ਬਸਤੀਆਂ ਵਿੱਚ ਹਿੰਦੁਸਤਾਨੀਆਂ ਦੀ ਮਾੜੀ ਦਸ਼ਾ ਬਾਰੇ ਭਾਸ਼ਨ ਦਿੱਤਾ। ਭਾਸ਼ਨ ਤੋਂ ਬਾਅਦ ਮਤਾ ਰੱਖਿਆ ਗਿਆ ਕਿ 'ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਕੋਈ ਵੀ ਐਸਾ ਤਗ਼ਮਾ, ਵਰਦੀ ਜਾਂ ਇਨਸਿਗਨਿਆ ਨਹੀਂ ਪਾਵੇਗਾ ਜਿਸ ਤੋਂ ਪਤਾ ਲੱਗੇ ਕਿ ਪਹਿਨਣ ਵਾਲਾ ਅੰ-ਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁਝ ਨਹੀਂ। ਇਹ ਮਤਾ ਜੈਕ-ਾਰਿਆਂ ਦੀ ਗੂੰਜ ਵਿੱਚ ਪਾਸ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਨੇ ਉਪ-ਪ੍ਰਧਾਨ ਚੌਦਵੀਂ ਸਿੱਖ ਰਜ਼ਮੈਂਟ ਦੇ ਸਾਬਕਾ ਫ਼ੌਜੀ ਮੋਗੇ ਲਾਗੇ ਫੂਲਾ ਸਿੰਘ ਵਾਲੀ ਕੋਕਰੀ ਦੇ ਭਾਈ ਗਰੀਬ ਸਿੰਘ ਨੇ ਚੀਨ ਵਿੱਚ ਬੌਕਸਰ ਵਿਦਰੋਹ ਵਿਚ ਵਿਖਾਈ ਬਹਾਦਰੀ ਕਾਰਨ ਮਿਲਿਆ ਤਗਮਾ ਲਾਹ ਦਿੱਤਾ ਅਤੇ ਸਕੱਤਰ ਭਾਈ ਭਾਗ ਸਿੰਘ ਭਿੱਖੀ ਵਿੰਡ ਨੇ ਆਪਣੀ ਵਰਦੀ ਤੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਨੂੰ ਅੱਗ ਲਾ ਦਿੱਤੀ। ਬਹੁਤ ਸਾਰੇ ਹੋਰਸਾਬਕਾ ਸਿੱਖ ਫ਼ੌਜੀਆਂ ਨੇ ਵੀ ਆਪਣੇ ਮੈਡਲ, ਵਰਦੀਆਂ, ਫੋਟੋਆਂ ਅਤੇ ਸਰਟੀਫਿਕੇਟ ਅਗਨੀ ਭੇਟ ਕਰ ਦਿੱਤੇ।

ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ 19 ਸਤੰਬਰ 1912 ਨੂੰ ਵੈਨਕੂਅਰ ਵਿੱਚ ਮਨਾਏ ਜਾਣੇ ਸਨ ਜਿਸ ਵਿੱਚ ਕਨੇਡਾ ਦੇ ਗਵਰਨਰ ਜਨਰਲ ਬੀ. ਸੀ. ਨੇ ਮੁੱਖ ਮਹਿਮਾਨਹੋਣਾ ਸੀ। ਵੈਨਕੂਅਰ ਦੇ ਮੇਅਰ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਸਾਬਕਾ ਸਿੱਖ ਫ਼ੌਜੀਆਂ ਸਮੇਤ ਜਸ਼ਨ ਅਤੇ ਫ਼ੌਜੀ ਪ੍ਰੇਡ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਭਾਈ ਭਾਗ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਸਲਾਹ ਕਰਕੇ ਇਹ ਸੱਦਾ-ਪੱਤਰ ਲੈਣੋਂ ਨਾਂਹ ਕਰ ਦਿੱਤੀ। ਇਹ ਖ਼ਤ 9 ਸਤੰਬਰ 1912 ਨੂੰ ਵੈਨਕੂਅਰ ਦੇ ਮੇਅਰ ਨੂੰ ਦਿੱਤਾ ਗਿਆ।

ਅਪ੍ਰੈਲ 1913 ਵਿੱਚ ਜਦ ਅਮਰੀਕਾ ਵਿੱਚ ਗਦਰ ਪਾਰਟੀ ਬਣੀ ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਂਨਫਰਾਂਸਿਸਕੋ ਤੋਂ ਉਰਦੂ ਵਿੱਚ ਹਫਤਾਵਾਰੀ ਗ਼ਦਰ ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ ਮੀਟਿੰਗਾਂ ਵਿੱਚ ਪੜਿਆ ਜਾਂਦਾ। ਆਪਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰਕੇ ਗ਼ਦਰ ਪਾਰਟੀ ਦੇ ਮੁੱਖ-ਦਫ਼ਤਰ ਸਾਂਨਫਰਾਂਸਿਸਕੋ ਭੇਜਿਆ।

ਆਪਦੀ ਪਤਨੀ ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ। ਜਣੇਪੇ ਸਮੇਂ ਪਈਆਂ ਕਈ ਗੁੰਝਲਾਂ ਕਾਰਨ 30 ਜਨਵਰੀ 1914 ਨੂੰ 28 ਸਾਲ ਦੀ ਉਮਰ ਵਿੱਚ ਉਨਖ਼ਾਂ ਦੀ ਮੌਤ ਹੋ ਗਈ ਤੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਪ ਸਿਰ ਆ ਪਈ।

ਕਾਮਾਗਾਟਾਮਾਰੂ ਦਾ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਅਰ ਆਣ ਪੁੱਜਾ। ਇਮੀਗਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕਨੇਡਾ ਸਰਕਾਰ ਆਪਣੇ ਹੀ ਕਾਨੂੰਨਾਂ ਦੀ ਉਲੰਘਣਾ ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ।

ਭਾਈ ਭਾਗ ਸਿੰਘ ਤੇ ਉਹਨਾਂ ਦੇ ਸਾਰੇ ਸਾਥੀ ਚਾਹੁੰਦੇ ਸਨ ਕਿ ਕਾਮਾਗਾਟਾਮਾਰੂ ਦੇ ਜਹਾਜ਼ ਰਾਹੀਂ ਅਸੀਂ ਹਥਿਆਰ ਭੇਜੀਏ ਤਾਂ ਜੋ ਅਮਰੀਕਾ ਨਾਲ ਹਥਿਆਰਬੰਦ ਲੜਾਈ ਹੋ ਸਕੇ। ਉਹ ਕਨੇਡਾ ਵਿੱਚੋਂ ਹਥਿਆਰ ਖ਼੍ਰੀਦਣ ਵਿੱਚ ਸਫ਼ਲ ਨਾ ਹੋ ਸਕੇ। ਭਾਈ ਭਾਗ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਐਸਟਸਫੋਰਡ ਲਾਗਿਉਂ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰਸੁਮਾਸ ਤੋਂ ਹਥਿਆਰ ਲੈਣ ਗਏ। ਅਮਰੀਕੀ ਪੁਲੀਸ ਨੇ 17 ਜੁਲਾਈ ਨੂੰ ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਦਾਸ ਸਾਹਰੀ ਨੂੰ ਗ੍ਰਿਫ਼ਤਾਰ ਕਰਕੇ ਜੇਲ ਵਿੱਚ ਭੇਜ ਦਿੱਤਾ। ਭਾਈ ਭਾਗ ਸਿੰਘ ਦਾ 32 ਮਹੀਨਿਆਂ ਦਾ ਪੁੱਤਰ ਵੀ ਜੇਲ ਵਿੱਚ ਬੰਦ ਸੀ।

ਅਮਰੀਕਾ ਵਿੱਚ ਹਥਿਆਰ ਖ਼੍ਰੀਦਣੇ ਅਤੇ ਰੱਖਣੇ ਜ਼ੁਰਮ ਨਹੀਂ ਸੀ, ਇਸ ਲਈ ਕਾਮਾਗਾਟਾਮਾਰੂ ਦੇ ਵੈਨਕੂਅਰ ਤੋਂ ਤੁਰ ਜਾਣ ਪਿੱਛੋਂ 30 ਜੁਲਾਈ 1914 ਨੂੰ ਭਾਈ ਭਾਗ ਸਿੰਘ ਹੋਰਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਪਹਿਲਾ ਵਿਸ਼ਵ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿੱਚ ਦੇਸ਼ ਭਗਤ ਗਦਰੀ ਯੋਧੇ ਕਨੇਡਾ ਅਤੇ ਅਮਰੀਕਾ ਤੋਂ ਹਿੰਦੁਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿੱਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ।

ਉਧਰ ਵੈਨਕੂਅਰ ਵਿੱਚ ਗ਼ਦਰ ਟੋਲਾ ਪੂਰਾ ਜੋਰ ਲਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨ ਨਾ ਜਾਵੇ। ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਅਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ।

ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਬਹੁਤੇ ਲੋਕ ਇਸ ਨੂੰ ਦੁਰਘਟਨਾ ਸਮਝਦੇ ਸਨ ਪਰ ਬੇਲਾ ਸਿੰਘ ਦਾ ਖਿਆਲ ਸੀ ਕਿ ਅਰਜਨ ਸਿੰਘ ਦਾਕਤਲ ਹੋਇਆ ਹੈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਅਰ ਦੇ ਗੁਰਦੁਆਰੇ ਵਿੱਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ। ਬੇਲਾ ਸਿੰਘ ਸੱਤ ਵੱਜਣ ਵਿੱਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ'ਤੇ ਬੈਠ ਗਿਆ। 20-25 ਮਿੰਟ ਬਾਅਦ ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਕਾਹਲੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਉਂ ਗੋਲੀਆਂ ਚਲਾਈਆਂ। ਉਹ ਦੋਹਾਂ ਹੱਥਾਂ ਵਿੱਚ ਪਿਸਤੋਲ ਫੜ ਕੇ ਗੋਲੀਆਂ ਚਲਾਈ ਜਾ ਰਿਹਾ ਸੀ।

ਬੇਲਾ ਸਿੰਘ ਨੇ ਜਦੋਂ ਭਾਈ ਭਾਗ ਸਿੰਘ ਦੇ ਗੋਲੀਆਂ ਮਾਰੀਆਂ ਤਾਂ ਭਾਈ ਬਦਨ ਸਿੰਘ ਭੱਜ ਕੇ ਉਸ ਵੱਲ ਆਏ ਤੇ ਉਚੀ ਦੇ ਕੇ ਬੋਲੇ 'ਓਏ ਦੁਸ਼ਟਾ ਕੀ ਕਰਦਾ ਏਂ, ਓਏ ਹਨੇਰ ਨਾ ਕਰ' ਬੇਲਾ ਸਿੰਘ ਨੇ ਦੋਨੋਂ ਪਿਸਤੌਲ ਉਹਨਾਂ ਵੱਲ ਸੇਧ ਦਿੱਤੇ। ਭਾਈ ਬਦਨ ਸਿੰਘ ਦੇ ਸਰੀਰ ਦੇ ਉਪਰਲੇ ਹਿੱਸੇ ਵਿਚਚਾਰ ਗੋਲੀਆਂ ਲੱਗੀਆਂ। ਗੋਲੀਆਂ ਲੱਗੀਆਂ 'ਤੇ ਉਨਖ਼ਾਂ ਬੇਲਾ ਸਿੰਘ ਨੂੰ ਗਲੋਂ ਜਾ ਫੜਿਆ ਪਰ ਗੋਲੀਆਂ ਆਪਣਾ ਕੰਮਕਰ ਗਈਆਂ ਸਨ।ਬੇਲਾ ਸਿੰਘ ਨੇ ਦੋਹਾਂ ਪਿਸਤੌਲਾਂ ਨਾਲ ਧੱਕਾ ਦੇ ਕੇ ਭਾਈ ਬਦਨ ਸਿੰਘ ਨੂੰ ਭੁੰਜੇ ਸੁੱਟ ਦਿੱਤਾ ਤੇ ਆਪ ਅੰਨੇਵਾਹ ਗੋਲੀਆਂ ਚਲਾਉਂਦਾ ਰਿਹਾ, ਜਿਸ ਨਾਲ ਬਹੁਤ ਸਾਰੇ ਹੋਰਬੰਦੇ ਜ਼ਖਮੀ ਹੋ ਗਏ। ਸਾਰਾਹਾਲ ਧੂੰਏ ਨਾਲ ਭਰ ਗਿਆ। ਗੁਰਦੁਆਰੇ ਵਿਚ ਹਫੜਾ-ਦਫੜੀ ਮੱਚ ਗਈ ਜਿਸ ਦਾ ਫਾਇਦਾ ਉਠਾਉਂਦਿਆਂ ਹੋਇਆਂ ਬੇਲਾ ਸਿੰਘ ਉਥੋਂ ਨਿਕਲਣ ਵਿਚ ਕਾਮਯਾਬ ਹੋ ਗਿਆ। । ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਬੇਲਾ ਸਿੰਘ ਧੂੰਏ ਦਾ ਲਾਭ ਉਠਾ ਕੇ ਗੁਰਦੁਆਰੇ ਵਿੱਚੋਂ ਭੱਜ ਗਿਆ। ਅੱਠ ਬੰਦੇ ਜ਼ਖਮੀ ਹੋ ਗਏ ਜਿਹਨਾਂ ਨੂੰ ਪੁਲਿਸ ਦੀ ਮਦਦ ਨਾਲ ਹਸਪਤਾਲ ਪਹੁੰਚਾਇਆ ਗਿਆ।

ਭਾਈ ਭਾਗ ਸਿੰਘ ਦੇ ਕਮਰ ਤੋਂ ਉਪਰ ਅਤੇ ਮੌਰਾਂ ਵਿਚਕਾਰ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਇੱਕ ਗੋਲੀ ਪਿੱਠ ਵਿੱਚੋਂ ਦੀ ਹੋ ਕੇ ਫੇਫੜਿਆਂ ਵਿੱਚ ਜਾ ਫਸੀ। ਡਾਕਟਰਾਂ ਨੇ ਰਾਤ ਨੂੰ ਸਰਜਰੀ ਕੀਤੀ। ਅਗਲੇ ਦਿਨ ਪੁਲੀਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇੱਕ ਵਜਖ਼ੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਹਨਾਂ ਦੇ ਗੋਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ।

ਭਾਈ ਭਾਗ ਸਿੰਘ ਦੇ ਮਿੱਤਰ ਉਹਨਾਂ ਨੂੰ ਹਸਪਤਾਲ ਮਿਲੇ। ਭਾਈਭਾਗ ਸਿੰਘ ਦਾਕਹਿਣਾ ਸੀ "ਮਨਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦ ਹੁੰਦਾ ਪਰਭਾਣਾ ਅਮਿੱਟ ਹੈ, ਅੱਜ ਇਸ ਬਿਸਤਰ ਪਰ ਸਰੀਰ ਛੱਡਣਾ ਪੈ ਰਿਹਾ ਹੈ"।

6 ਸਤੰਬਰ 1914 ਨੂੰ ਸ਼ਾਮ ਵੇਲੇ ਵੈਨਕੂਅਰ ਦੇ ਹਸਪਤਾਲ ਵਿੱਚ ਉਹਨਾਂ ਅਕਾਲ ਚਲਾਣਾ ਹੋ ਗਿਆ। ਕੁਝ ਦੇਰ ਪਿੱਛੋਂ ਭਾਈ ਬਦਨ ਸਿੰਘ ਵੀ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਨਾਲ ਹੀ ਭਾਈ ਬਦਨ ਸਿੰਘ ਦਾ ਸਸਕਾਰ ਕੀਤਾ ਗਿਆ। ਇਸ ਤਰਾਂ ਇਹਨਾਂ ਦੋਵਾਂ ਦਾ ਸ਼ਹੀਦੀ ਦਿਹਾੜਾ ਇਕੱਠਾ ਮਨਾਇਆ ਜਾਂਦਾ ਹੈ।

ਸ਼ਹੀਦੀ ਸਮੇਂ ਭਾਈ ਬਦਨ ਸਿੰਘ ਦੀ ਉਮਰ ਪੰਜਾਹ ਸਾਲ ਦੇ ਲਗਭਗ ਸੀ। ਉਹ ਇਕ ਕਿਸਾਨ ਪਰਿਵਾਰ ਵਿਚ ਸੰਨ 1864 ਈਸਵੀ ਵਿਚ ਜ਼ਿਲਾ ਮਾਨਸਾ ਦੇ ਪਿੰਡ ਦਲੇਲ ਸਿੰਘ ਵਾਲਾ ਵਿਚ ਪੈਦਾ ਹੋਏ।

ਭਾਈ ਸਾਹਿਬ ਨੇ ਬਹੁਤ ਹੀ ਦਲੇਰਾਨਾ ਢੰਗ ਨਾਲ ਸ਼ਹੀਦੀ ਪ੍ਰਾਪਤ ਕੀਤੀ ਅਤੇ ਚਾਰ ਗੋਲੀਆਂ ਖਾ ਕੇ ਵੀਬੇਲਾ ਸਿੰਘ ਨੂੰ ਧੌਣ ਤੋਂ ਜਾ ਫੜਿਆ। ਜੇ ਭਾਈ ਬਦਨ ਸਿੰਘ ਉਸ ਨੂੰ ਨਾ ਫੜਦੇ ਤਾਂ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਬਲਵੰਤ ਸਿੰਘ ਨੂੰ ਵੀ ਜ਼ਰੂਰ ਗੋਲੀ ਮਾਰ ਦੇਣੀ ਸੀ।

ਬੇਲਾ ਸਿੰਘ 1 ਜੂਨ 1916 ਮੌਂਟੀਗਲ ਜ਼ਹਾਜ ਲੈ ਕੇ ਹਿੰਦੁਸਤਾਨ ਚਲਾ ਗਿਆ, ਜਿੱਥੇ ਜਾ ਕੇ ਉਸ ਨੇ ਵੀ ਦੇਸ਼ ਭਗਤਾਂ ਨੂੰ ਫੜਾਉਣਾ ਤੇ ਉਹਨਾਂ ਖ਼ਿਲਾਫ਼ ਗਵਾਈਆਂ ਦੇਣੀਆਂ ਸ਼ੁਰੂ ਕਰਲਈਆਂ। ਭਾਈ ਹਰੀ ਸਿੰਘ ਸੁੰਢ ਨੇ ਆਪਣੇ ਸਾਥੀ ਇੰਦਰ ਸਿੰਘ ਮੁਰਾਰੀ ਤੇ ਕਨੇਡਾ- ਅਮਰੀਕਾ ਤੋਂ ਗਏ ਭਾਈ ਈਸ਼ਰ ਸਿੰਘ ਜੰਡੋਲੀ ਸਮੇਤ ਇਸ ਗਦਾਰ ਦਾ ਸੋਧਾ ਲਾ ਕੇ ਇਸ ਨੂੰ ਮਿਸਾਲੀ ਸਜ਼ਾ ਦਿੱਤੀ।

# ਪੰਜਾਬ ਕਾਂਗਰਸ ਖ਼ਾਨਾਜੰਗੀ ਦਾ ਇਤਿਹਾਸ ਦੂਹਰਾ ਰਹੀ ਹੈ


ਉਜਾਗਰ ਸਿੰਘ
91-94178-13072

ਪੰਜਾਬ ਪ੍ਰਦੇਸ਼ ਕਾਂਗਰਸ ਖ਼ਾਨਾਜ਼ੰਗੀ ਦਾ ਇਤਿਹਾਸ ਦੁਹਰਾ ਰਹੀ ਹੈ। ਪੰਜਾਬ ਦੇ ਕਾਂਗਰਸੀਆਂ ਦਾ ਕੁਰਸੀ ਯੁੱਧ ਇਸ ਸਮੇਂ ਚਰਮ ਸੀਮਾ ਤੇ ਪਹੁੰਚ ਗਿਆ ਹੈ। ਪੰਜਾਬੀ ਅਤੇ ਪੰਜਾਬ ਦਾ ਵਿਕਾਸ ਜਾਵੇ ਢੱਠੇ ਖੂਹ ਵਿੱਚ। ਉਨ੍ਹਾਂ ਨੂੰ ਤਾਂ ਕੁਰਸੀ ਚਾਹੀਦੀ ਹੈ। ਉਹ ਪੰਜਾਬੀ ਅਣਡਿਠ ਹੋ ਰਹੇ ਹਨ, ਜਿਨ੍ਹਾਂ ਨੇ ਆਪਣੇ ਨੇਤਾਵਾਂ 'ਤੇ ਭਰੋਸਾ ਕਰਕੇ ਉਨ੍ਹਾਂ ਨੂੰ ਤਖ਼ਤੇ ਤਾਊਸ 'ਤੇ ਬਿਠਾਇਆ ਸੀ। ਹੁਣ ਉਹ ਦੋਵੇਂ ਧੜੇ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਨੂੰ ਆਪੋ ਆਪਣੇ ਪਾਸੇ ਨੂੰ ਖਿੱਚ ਰਹੇ ਹਨ। ਪੂਰੀ ਜ਼ੋਰ ਅਜ਼ਮ-ਾਈ ਹੋ ਰਹੀ ਹੈ। ਇਹ ਨਾ ਹੋਵੇ ਕਿ ਕੁਰਸੀ ਹੀ ਟੁੱਟ ਜਾਵੇ ਤੇ ਤੁਹਾਡੇ ਦੋਹਾਂ ਦੇ ਏੱਥ ਛੁਣਛੁਣਾ ਅਰਥਾਤ ਰਾਸ਼ਟਰਪਤੀ ਰਾਜ ਲੱਗ ਜਾਵੇ? ਦੋਹਾਂ ਧੜਿਆਂ ਦੇ ਪੱਲੇ ਕੁਝ ਵੀ ਨਾ ਪਵੇ। ਇਸ ਤੋਂ ਤਾਂ ਲੱਗਦਾ ਹੈ ਕਿ ਉਹ ਇਸ ਨੀਤੀ ਤੇ ਚਲ ਰਹੇ ਹਨ ਕਿ ''ਨਾ ਖੇਡਣਾ ਅਤੇ ਨਾ ਖੇਡਣ ਦੇਣਾ ਖੁੱਤੀ ਵਿੱਚ- ਹੈ''? ਜੇਕਰ ਪੰਜਾਬ ਕਾਂਗਰਸ ਦੇ ਇਤਿਹਾਸ ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਧੜੇਬੰਦੀ ਕਰਕੇ ਕੁਰਸੀ ਯੁੱਧ ਹਮੇਸ਼ਾ ਹਰ ਕਾਂਗਰਸ ਦੀ ਸਰਕਾਰ ਸਮੇਂ ਹੁੰਦਾ ਰਿਹਾ ਹੈ। ਇਹ ਵੀ ਦਸਣਾ ਜ਼ਰੂਰੀ ਹੈ ਕਿ ਜਦੋਂ ਵੀ ਇਨ੍ਹਾਂ ਨੇ ਆਪਣੇ ਮੁੱਖ ਮੰਤਰੀ ਤੋਂ ਕੁਰਸੀ ਹਥਿਆਉਣ ਲਈ ਲੜਾਈ ਲੜੀ ਹੈ, ਉਸਤੋਂ ਬਾਅਦ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਮੂਧੇ ਮੂੰਹ ਗਿਰਦੀ ਰਹੀ ਹੈ, ਭਾਵ ਜਿੱਤ ਦੁਬਾਰਾ ਨਸੀਬ ਨਹੀਂ ਹੋਈ। ਹੈਰਾਨੀ ਇਸ ਗੱਲ ਦੀ ਹੈ ਕਿ ਫਿਰ ਵੀ ਇਹ ਬਿਲੀਆਂ ਦੀ ਤਰ੍ਹਾਂ ਲੜਦੇ ਰਹਿੰਦੇ ਹਨ। ਪ੍ਰਤਾਪ ਸਿੰਘ ਕੈਰੋਂ ਦੇ ਵਿਰੁਧ ਬਗਾਬਤ ਹੋਈ, ਪਹਿਲਾਂ ਗੋਪੀ ਚੰਦ ਭਾਰਗੋ ਅਤੇ ਫਿਰ ਕਾਮਰੇਡ ਰਾਮ ਕਿਸ਼ਨ ਮੁੱਖ ਮੰਤਰੀ ਬਣੇ। ਅਖ਼ੀਰ ਰਾਸ਼ਟਰਪਤੀ ਰਾਜ ਲਾਉਣਾ ਪਿਆ। ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੀ ਖੁੰਦਕ ਦੇ ਸਿੱਟੇ ਵਜੋਂ ਰਾਸ਼ਟਰਪਤੀ ਰਾਜ, ਦਰਬਾਰਾ ਸਿੰਘ ਅਤੇ ਬੇਅੰਤ ਸਿੰਘ ਦੀ ਲੜਾਈ ਤੋਂ ਬਾਅਦ ਫਿਰ 1983 ਵਿੱਚ ਰਾਸ਼ਟਰਪਤੀ ਰਾਜ ਲਾਉਣਾ ਪਿਆ। ਉਸਤੋਂ ਬਾਅਦ 1985 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਫਿਰ ਹਾਰ ਪੱਲੇ ਪਈ। ਬੇਅੰਤ ਸਿੰਘ ਅਤੇ ਹਰਚਰਨ ਬਰਾੜ ਦਾ ਛੱਤੀ ਦਾ ਅੰਕੜਾ ਰਿਹਾ। ਹਰਚਰਨ ਸਿੰਘ ਬਰਾੜ ਅਤੇ ਰਾਜਿੰਦਰ ਕੌਰ ਭੱਠਲ ਦੀ ਲੜਾਈ ਤੋਂ ਬਾਅਦ ਰਾਜਿੰਦਰ ਕੌਰ ਭੱਠਲ ਮੁੱਖ ਮੰਤਰੀ ਬਣੀ ਪ੍ਰੰਤੂ ਵਿਧਾਨ ਸਭਾ ਚੋਣਾਂ ਵਿਚ ਫਿਰ ਹਾਰ ਗਏ। 2002 ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਰਾਜਿੰਦਰ ਕੌਰ ਭੱਠਲ ਦੀ ਲੜਈ ਵਿੱਚੋਂ ਭੱਠਲ ਉਪ ਮੁੱਖ ਮੰਤਰੀ ਬਣੀ ਪ੍ਰੰਤੂ ਫਰਵਰੀ 1997 ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਫਿਰ ਹਾਰ ਦਾ ਮੂੰਹ ਵੇਖਣਾ ਪਿਆ। ਹੁਣ ਕੈਪਟਨ ਅਮਰਿੰਦਰ ਸਿੰਘ ਨਾਲ ਨਵਜੋਤ ਸਿੰਘ ਸਿੱਧੂ ਦਾ ਕਲੇਸ਼ ਚਲ ਰਿਹਾ ਹੈ, ਜਿਸਦੇ ਮੋਹਰੇ ਕੁਝ ਮੰਤਰੀ ਅਤੇ ਵਿਧਾਇਕ ਹਨ, ਜਿਸਦਾ ਨਤੀਜਾ ਵੀ ਕਾਂਗਰਸ ਨੂੰ 2022 ਦੀਆਂ ਚੋਣਾ ਵਿੱਚ ਭੁਗਤਣਾ ਪੈ ਸਕਦਾ ਹੈ। ਸਭ ਕੁਝ ਪਤਾ ਹੋਣ ਦੇ ਬਾਵਜੂਦ, ਫਿਰ ਵੀ ਲੜਾਈ ਜ਼ਾਰੀ ਹੈ। ਏਥੇ ਕੌਣ ਗ਼ਲਤ ਅਤੇ ਕੌਣ ਸਹੀ ਹੈ, ਇਸ ਗੱਲ ਦਾ ਸਵਾਲ ਨਹੀਂ। ਸਵਾਲ ਤਾਂ ਪੰਜਾਬੀਆਂ ਦੇ ਹਿੱਤਾਂ ਦਾ ਹੈ। ਪੰਜਾਬ ਦੀ ਆਰਥਿਕਤਾ ਨੂੰ ਕਿਵੇਂ ਸਹੀ ਰਸਤੇ 'ਤੇ ਲਿਆਂਦਾ ਜਾ ਸਕਦਾ ਹੈ। ਇਨ੍ਹਾਂ ਮੁੱਦਿਆਂ ਤੇ ਵਿਚਾਰ ਚਰਚਾ ਕਰਨ ਦੀ ਥਾਂ ਤੋਹਮਤਾਂ ਲਾਉਣ ਦੀ ਜ਼ੰਗ ਚਲ ਰਹੀ ਹੈ। ਪ੍ਰੋ ਪੂਰਨ ਸਿੰਘ ਵਾਲਾ ਪੰਜਾਬ ਜਿਹੜਾ ਗੁਰਾਂ ਦੇ ਨਾਮ 'ਤੇ ਵਸਦਾ ਸੀ, ਉਸਨੂੰ ਦਾਗਦਾਰ ਕੀਤਾ ਜਾ ਰਿਹਾ ਹੈ। ਜਿਸਦੀ ਭਰਪਾਈ ਨਾ ਤਾਂ ਕਾਂਗਰਸ ਪਾਰਟੀ ਅਤੇ ਨਾ ਹੀ ਪੰਜਾਬੀ ਕਰ ਸਕਣਗੇ। ਕਾਂਗਰਸੀਆਂ ਦੀ ਲੜਾਈ ਜਿਸ ਸਟੇਜ ਤੇ ਪਹੁੰਚ ਗਈ ਹੈ, ਇਸਨੇ ਕਾਂਗਰਸ ਪਾਰਟੀ ਦੇ ਅਸਤਿਤਵ 'ਤੇ ਹੀ ਨਹੀਂ ਸਗੋਂ ਪੰਜਾਬ ਦੇ ਭਵਿਖ 'ਤੇ ਵੀ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਕਿਉਂਕਿ ਪੰਜਾਬ ਦੇ ਸਮਜਿਕ ਸਰੋਕਾਰਾਂ ਨਾਲ ਸੰਬੰਧਤ ਮੁੱਦੇ ਅਤੇ ਵਿਕਾਸ ਅਣਗੌਲੇ ਹੋ ਰਹੇ ਹਨ। ਇਉਂ ਲਗਦਾ ਹੈ ਕਿ ਸਿਆਸਤਦਾਨਾ ਨੂੰ ਪੰਜਾਬ ਦੀ ਬਿਹਤਰੀ ਦਾ ਕੋਈ ਫ਼ਿਕਰ ਹੀ ਨਹੀਂ। ਉਨ੍ਹਾਂ ਨੂੰ ਤਾਂ ਕੁਰਸੀ ਹੀ ਵਿਖਾਈ ਦਿੰਦੀ ਹੈ। ਦੋਵੇਂ ਧੜੇ ਰਾਤ ਨੂੰ ਸੁੱਤੇ ਪਏ ਵੀ ਸੁਪਨੇ ਵਿਚ ਕੁਰਸੀ ਹਾਸਲ ਕਰਨ ਲਈ ਢੰਗ ਤਰੀਕੇ ਲੱਭਦੇ ਰਹਿੰਦੇ ਹਨ।



ਕਿਸਾਨ ਅੰਦੋਲਨ ਨੇ ਪੰਜਾਬ ਵਿੱਚ ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਹਾਸ਼ੀਏ 'ਤੇ ਕਰ ਦਿੱਤੀਆਂ ਹਨ। ਉਨ੍ਹਾਂ ਦਾ ਪਿੰਡਾਂ ਵਿੱਚ ਵੜਨਾ ਅਸੰਭਵ ਹੁੰਦਾ ਜਾ ਰਿਹਾ ਹੈ। ਪੰਜਾਬੀਆਂ ਨੂੰ ਥੋੜ੍ਹੀਆਂ ਬਹੁਤੀਆਂ ਆਸਾਂ ਆਮ ਆਦਮੀ ਪਾਰਟੀ ਤੋਂ ਹੀ ਸਨ। ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੋਕ ਤੀਜੇ ਬਦਲ ਵਜੋਂ ਵੇਖਦੇ ਸਨ ਪ੍ਰੰਤੂ ਉਨ੍ਹਾਂ ਦੀਆਂ ਆਪਣੀਆਂ ਗ਼ਲਤੀਆਂ ਹੀ ਲੈ ਡੁੱਬੀਆਂ। ਆਮ ਆਦਮੀ ਪਾਰਟੀ ਖਖੜੀਆਂ ਖਖੜੀਆਂ ਹੋਈ ਪਈ ਹੈ। ਪੰਜਾਬ ਦੇ ਲੋਕਾਂ ਨੂੰ ਇਹ ਵੀ ਉਮੀਦ ਬਣੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਜੇਕਰ ਮਿਲਕੇ ਚਲਣਗੇ ਤਾਂ ਸ਼ਾਇਦ ਪੰਜਾਬ ਦਾ ਕੁਝ ਬਣ ਸਕੇਗਾ। ਕਿਉਂਕਿ ਨਵਜੋਤ ਸਿੰਘ ਸਿੱਧੂ ਨੂੰ ਇਕ ਇਮਾਨਦਾਰ ਅਤੇ ਬਾਕਮਾਲ ਬੁਲਾਰਾ ਸਮਝਿਆ ਜਾਂਦਾ ਹੈ। ਪ੍ਰੰਤੂ ਹੋਇਆ ਬਿਲਕੁਲ ਇਸਦੇ ਉਲਟ, ਇਸ ਸਮੇਂ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਇਕ ਦੂਜੇ ਦੀਆਂ ਲੱਤਾਂ ਨੂੰ ਪਈ ਹੋਈ ਹੈ। ਉਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਖੇਡਣਾ ਚਾਹੁੰਦੇ ਹਨ। ਕਾਂਗਰਸ ਦੀ ਲੀਡਰਸ਼ਿਪ ਖਾਸ ਤੌਰ ਤੇ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਦੇ ਮੁਦਿਆਂ ਨੂੰ ਤਰਜ਼ੀਹ ਦੇਣ ਨੂੰ ਪੰਜਾਬ ਦੇ ਲੋਕ ਸ਼ੁਭ ਸ਼ਗਨ ਸਮਝਦੇ ਸਨ। ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਨਾਲ ਕਾਂਗਰਸ ਪਾਰਟੀ ਵਿੱਚ ਆਸ ਦੀ ਕਿਰਨ ਜਾਗੀ ਸੀ। ਪ੍ਰੰਤੂ ਕਾਂਗਰਸ ਪਾਰਟੀ ਦੋ ਮਜ਼ਬੂਤ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ। ਕਾਂਗਰਸ ਦੀ ਪੁਰਾਣੀ ਲੀਡਰਸ਼ਿਪ ਜਿਨ੍ਹਾਂ ਵਿਚੋਂ ਮੁੱਖ ਤੌਰ ਤੇ ਪਰਤਾਪ ਸਿੰਘ ਬਾਜਵਾ ਕੈਪਟਨ ਅਮਰਿੰਦਰ ਸਿੰਘ ਨਾਲ ਆ ਕੇ ਖੜ੍ਹ ਗਏ ਹਨ, ਜਦੋਂ ਕਿ ਪਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਦਾ ਮੁੱਖ ਮੰਤਰੀ ਨਾਲ ਛੱਤੀ ਦਾ ਅੰਕੜਾ ਸੀ। ਸ਼ਮਸ਼ੇਰ ਸਿੰਘ ਦੂਲੋ ਅਤੇ ਰਾਜਿੰਦਰ ਕੌਰ ਭੱਠਲ ਚੁੱਪ ਕਰਕੇ ਤਮਾਸ਼ਾ ਵੇਖ ਰਹੇ ਹਨ। ਕਾਂਗਰਸੀ ਨੇਤਾ ਖ਼ਾਮਖਾਹ ਦੀ ਦੂਸ਼ਣਬਾਜ਼ੀ ਵਿੱਚ ਪਏ ਹੋਏ ਹਨ, ਜਿਸ ਵਿੱਚੋਂ ਕੱਢਣ ਪਾਉਣ ਨੂੰ ਕੁਝ ਵੀ ਨਹੀਂ ਮਿਲਣਾ। ਪ੍ਰਧਾਨ ਦਾ ਕੰਮ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨਾ ਹੁੰਦਾ ਹੈ। ਉਸਨੂੰ ਫਰੀ ਹੈਂਡ ਦੇਣਾ ਚਾਹੀਦਾ ਹੈ ਪ੍ਰੰਤੂ ਉਸਨੂੰ ਸਰਕਾਰ ਦੀ ਨੁਕਤਾਚੀਨੀ ਕਰਨ ਦੀ ਥਾਂ ਸਲਾਹ ਦੇਣੀ ਬਣਦੀ ਹੈ। ਮੁੱਖ ਮੰਤਰੀ ਨੇ ਉਸ ਦੀ ਸਲਾਹ ਅਨੁਸਾਰ ਪਾਰਟੀ ਦਾ ਚੋਣ ਮਨੋਰਥ ਪੱਤਰ ਲਾਗੂ ਕਰਨਾ ਹੁੰਦਾ ਹੈ। ਦੋਹਾਂ ਦੇ ਕਾਰਜ ਖੇਤਰ ਵੱਖਰੇ ਹਨ। ਇਸ ਲਈ ਦੋਹਾਂ ਦਾ ਸੁਚਾਰੂ ਤਾਲਮੇਲ ਹੋਣਾ ਅਤਿਅੰਤ ਜ਼ਰੂਰੀ ਹੈ। ਜੇਕਰ ਤਾਲਮੇਲ ਨਹੀਂ ਹੋਵੇਗਾ ਤਾਂ ਇਸੇ ਤਰ੍ਹਾਂ ਹੋਵੇਗਾ ਜਿਵੇਂ ਹੁਣ ਹੋ ਰਿਹਾ ਹੈ। ਇਸ ਤਰ੍ਹਾਂ ਦੁਬਾਰਾ ਕਾਂਗਰਸ ਪਾਰਟੀ ਦਾ ਸਰਕਾਰ ਬਣਾਉਣ 'ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਵਿਰੋਧੀ ਪਾਰਟੀਆਂ ਨੂੰ ਮੁੱਦਾ ਕਾਂਗਰਸੀ ਖੁਦ ਆਪ ਦੇ ਰਹੇ ਹਨ। ਆ ਬੈਲ ਮੁਝੇ ਮਾਰ ਵਾਲੀ ਨੀਤੀ ਅਪਣਾ ਰਹੇ ਹਨ। ਦੋਹਾਂ ਧੜਿਆਂ ਨੂੰ ਪੰਜਾਬ ਦੇ ਹਿਤ ਦਾ ਧਿਆਨ ਰੱਖਣਾ ਚਾਹੀਦਾ ਹੈ।

ਵਰਤਮਾਨ ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੀ ਮੁੱਖ ਦੋਸ਼ੀ ਕੇਂਦਰੀ ਕਾਂਗਰਸ ਪਾਰਟੀ ਹੈ। ਉਹ ਦੋਗਲੀ ਨੀਤੀ ਅਪਣਾ ਰਹੀ ਹੈ। ਜਿਹੜੀ ਉਨ੍ਹਾਂ ਨੂੰ ਪੁੱਠੀ ਪੈਂਦੀ ਦਿਸ ਰਹੀ ਹੈ ਕਿਉਂਕਿ ਲਗਪਗ ਪਿਛਲੇ 6 ਮਹੀਨੇ ਤੋਂ ਪੰਜਾਬ ਕਾਂਗਰਸ ਵਿੱਚ ਬਗਾਬਤ ਦੀ ਅੱਗ ਧੁਖ ਰਹੀ ਸੀ, ਜਿਹੜੀ ਹੁਣ ਭਾਂਬੜ ਬਣਕੇ ਮੱਚ ਰਹੀ ਹੈ। ਕੇਂਦਰੀ ਕਾਂਗਰਸ ਨੇ ਇਸ ਲੜਾਈ ਨੂੰ ਸੰਜੀਦਗੀ ਨਾਲ ਨਹੀਂ ਲਿਆ। ਉਹ ਦੋਹਾਂ ਧੜਿਆਂ ਨੂੰ ਹੱਲਾ ਸ਼ੇਰੀ ਦੇ ਰਹੇ ਹਨ। ਹਰ ਨੇਤਾ ਪਾਰਟੀ ਦੇ ਅਨੁਸ਼ਾਸ਼ਨ ਦੀਆਂ ਧਜੀਆਂ ਉਡਾ ਰਿਹਾ ਹੈ। ਪਾਰਟੀ ਦੇ ਮੰਚ 'ਤੇ ਗੱਲ ਕਰਨ ਦੀ ਥਾਂ ਅਖ਼ਬਾਰਾਂ ਜਾਂ ਟਵੀਟ ਕਰਕੇ ਇਕ ਦੂਜੇ 'ਤੇ ਦੋਸ਼ ਲਗਾ ਰਿਹਾ ਹੈ। ਕਾਂਗਰਸ ਗੂੜ੍ਹੀ ਨੀਂਦ ਸੁੱਤੀ ਪਈ ਹੈ। ਕੇਂਦਰੀ ਕਾਂਗਰਸ ਵਿਚ ਵੀ ਤਾਕਤ ਦੇ ਦੋ ਧੁਰੇ ਬਣ ਚੁੱਕੇ ਹਨ। ਇਕ ਪਾਸੇ ਸੋਨੀਆਂ ਗਾਂਧੀ ਹੈ ਅਤੇ ਦੂਜੇ ਪਾਸੇ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਹਨ। ਉਹ ਵੀ ਆਪਸ ਵਿੱਚ ਸਹਿਮਤ ਨਹੀਂ ਹਨ। ਜਿਵੇਂ ਕੈਪਟਨ ਅਮਰਿੰਦਰ ਸਿੰਘ ਕੇਂਦਰੀ ਕਾਂਗਰਸ ਦੇ ਗਲ ਵਿੱਚ ਗੂਠਾ ਦੇ ਕੇ ਪਰਤਾਪ ਸਿੰਘ ਬਾਜਵਾ ਦੀ ਥਾਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣੇ ਸਨ, ਬਿਲਕੁਲ ਉਸੇ ਤਰ੍ਹਾਂ ਨਵਜੋਤ ਸਿੰਘ ਸਿੱਧੂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਦੇ ਬਾਵਜੂਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਣਕੇ ਆਏ ਹਨ। ਇਸ ਲਈ ਦੋਵੇਂ ਆਪਣੇ ਆਪ ਨੂੰ ਤਾਕਤਵਰ ਸਮਝਦੇ ਹਨ। ਇਕ ਦੂਜੇ ਨੂੰ ਨੀਵਾਂ ਵਿਖਾਉਣ ਵਿੱਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਲੱਗੇ ਹੋਏ ਹਨ। ਇਕ ਗੱਲ ਤਾਂ ਸ਼ਪਸ਼ਟ ਹੈ ਕਿ ਪਹਿਲਾਂ ਬੇਸ਼ਕ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਦਾ ਵਿਰੋਧ ਕੀਤਾ ਹੈ ਪ੍ਰੰਤੂ ਉਨ੍ਹਾਂ ਦੇ ਪ੍ਰਧਾਨ ਬਣਨ ਤੋਂ ਬਾਅਦ ਉਹ ਸੰਜੀਦਗੀ ਨਾਲ ਮੰਝੇ ਹੋਏ ਸਿਆ-ਸਤਦਾਨ ਦੀ ਤਰ੍ਹਾਂ ਵਿਚਰ ਰਹੇ ਹਨ। ਪ੍ਰੰਤੂ ਨਵਜੋਤ ਸਿੰਘ ਸਿੱਧੂ ਆਪਣੀ ਰੜਕ ਬਰਕਰਾਰ ਰੱਖੀ ਬੈਠੇ ਹਨ। ਕਾਂਗਰਸੀ ਨੇਤਾਵਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਕੇਂਦਰੀ ਲੀਡਰਸ਼ਿਪ ਦੇ ਵਿਸ਼ਵਾਸ਼ ਤੋਂ ਬਿਨਾ ਕੋਈ ਮੁੱਖ ਮੰਤਰੀ ਨਹੀਂ ਬਣ ਸਕਦਾ, ਭਾਵੇਂ ਵਿਧਾਨਕਾਰਾਂ ਦਾ ਬਹੁਮਤ ਉਨ੍ਹਾਂ ਦੇ ਨਾਲ ਹੋਵੇ। ਇਹ ਵੀ ਸਮਝਣਾ ਚਾਹੀਦਾ ਹੈ ਕਿ ਕੋਈ ਵੀ ਪਾਰਟੀ ਅਨੁਸ਼ਾਸ਼ਨ ਤੋਂ ਬਗੈਰ ਸਫਲ ਨਹੀਂ ਹੋ ਸਕਦੀ। ਅਨੁਸ਼ਾਸ਼ਨ ਦੋਹਾਂ ਧੜਿਆਂ ਲਈ ਜ਼ਰੂਰੀ ਹੈ। ਬਿਆਨਬਾਜ਼ੀ ਹਮੇਸ਼ਾ ਨੁਕਸਾਨ ਦਾਇਕ ਹੁੰਦੀ ਹੈ। ਧੜੇਬੰਦੀ ਦੇ ਨਤੀਜੇ ਵਜੋਂ ਕਾਂਗਰਸ ਪਾਰਟੀ ਦਾ ਭਵਿਖ ਕੰਧ 'ਤੇ ਲਿਖਿਆ ਹੋਇਆ ਹੈ, ਜਿਸਨੂੰ ਕਾਂਗਰਸੀ ਪੜ੍ਹਨ ਦੀ ਕੋਸ਼ਿਸ਼ ਨਹੀਂ ਕਰ ਰਹੇ।

ਹੁਣ ਜਿਹੜੀ ਮੰਗ ਬਗਾਬਤੀ ਧੜਾ ਕੈਪਟਨ ਅਮਰਿੰਦਰ ਸਿੰਘ ਨੂੰ ਬਦਲਣ ਦੀ ਕਰ ਰਿਹਾ ਹੈ, ਉਹ ਅਸੰਭਵ ਲਗਦੀ ਹੈ ਕਿਉਂਕਿ ਸੰਵਿਧਾਨਿਕ ਤੌਰ 'ਤੇ ਹੁਣ ਡੋਰ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਵਿੱਚ ਹੈ।

ਜੇਕਰ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਬਦਲਣ ਦਾ ਸੋਚ ਲਿਆ ਤਾਂ ਕੈਪਟਨ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪਹਿਲਾਂ ਬਾਗੀ ਮੰਤਰੀਆਂ ਨੂੰ ਬਰਖਾਸਤ ਕਰ ਸਕਦੇ ਹਨ ਅਤੇ ਫਿਰ ਨਵੇਂ ਮੰਤਰੀ ਬਣਾਕੇ ਮੰਤਰੀ ਮੰਡਲ ਵਿੱਚ ਵਿਧਾਨ ਸਭਾ ਨੂੰ ਭੰਗ ਕਰਨ ਦਾ ਮਤਾ ਪਾ ਸਕਦੇ ਹਨ?

ਰਾਜਪਾਲ ਮੰਤਰੀ ਮੰਡਲ ਦੇ ਫ਼ੈਸਲੇ ਨੂੰ ਇਨਕਾਰ ਨਹੀਂ ਕਰ ਸਕਦਾ। ਬਸ਼ਰਤੇ ਕਿ ਕੇਂਦਰ ਸਰਕਾਰ ਬਦਲਵੀਂ ਸਰਕਾਰ ਬਣਾਉਣ ਦੇ ਹੱਕ ਵਿੱਚ ਨਾ ਹੋਵੇ ਕਿਉਂਕਿ ਆਖ਼ਰੀ ਫ਼ੈਸਲਾ ਕੇਂਦਰੀ ਮੰਤਰੀ ਮੰਡਲ ਦੇ ਹੱਥ ਹੁੰਦਾ ਹੈ। ਉਹ ਕੈਪਟਨ ਅਮਰਿੰਦਰ ਸਿੰਘ ਨੂੰ ਕੰਮ ਚਲਾਊ ਮੁੱਖ ਮੰਤਰੀ ਵੀ ਰੱਖ ਸਕਦੇ ਹਨ ਜਾਂ ਰਾਸ਼ਟਰਪਤੀ ਰਾਜ ਵੀ ਲਗਾ ਸਕਦੇ ਹਨ। ਕੇਂਦਰ ਕੋਲ ਤਿੰਨ ਆਪਸ਼ਨਾ ਹਨ। ਬਗ਼ਾਬਤ ਕਰਨ ਵਾਲੇ ਧੜੇ ਨੂੰ ਇਨ੍ਹਾਂ ਗੱਲਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

## ਸਕੂਲ ਵਲੋਂ ਸੇਵਾ ਮੁਕਤੀ 'ਤੇ ਮਾਸਟਰ ਕਮਲ ਸ਼ਰਮਾ ਨੂੰ ਨਿੱਘੀ ਵਿਦਾਈ ਦਿੱਤੀ

**ਪਾਤੜਾਂ-** ਸ਼੍ਰੀ ਕਮਲ ਸ਼ਰਮਾ ਡਰਾਇੰਗ ਮਾਸਟਰ ਦੀ ਸੇਵਾ ਮੁਕਤੀ ਸਮੇਂ ਸਕੂਲ ਵਲੋਂ ਉਨ੍ਹਾਂ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ ।ਉਨ੍ਹਾਂ ਨੇ ਆਪਣੀ ਪਹਿਲੀ ਸੇਵਾ 10 ਸਤੰਬਰ 2004 ਤੋਂ ਬਤੌਰ ਡਰਾਇੰਗ ਅਧਿਆਪਕ ਇਥੋਂ ਨੇੜੇ ਦੇ ਸਰਕਾਰੀ ਮਿਡਲ ਸਕੂਲ ਪਿੰਡ ਪੂਰਨਮਾਜਰਾ ਜਿਲ੍ਹਾ ਫਤਿਆਬਾਦ (ਹਰਿਆਣਾ) ਤੋ ਸ਼ੁਰੂ ਕਰਕੇ ਇਥੋਂ ਹੀ 31 ਅਗਸਤ 2021 ਨੂੰ ਸੇਵਾ ਮੁਕਤੀ ਪ੍ਰਾਪਤ ਕੀਤੀ । ਇਸ ਸੇਵਾ ਦੌਰਾਨ ਇਹਨਾਂ ਨੇ ਸਾਖਰਤਾ ਮੁਹਿੰਮ ਅਧੀਨ ਕੰਮ ਕੀਤਾ।ਇਹਨਾਂ ਨੇ ਸਾਰੇ ਪਿੰਡ ਨੂੰ ਲੋਕਾਂ ਦੇ ਸਹਿਯੋਗ ਨਾਲ ਪੂਰਨ ਸਾਖਰ ਬਨਾਇਆ।



ਉਨ੍ਹਾਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਦਾ ਹਮੇਸ਼ਾ ਯਤਨ ਕੀਤਾ ਅਤੇ ਸਫਲਤਾ ਪੂਰਵਕ ਆਪਣੀ ਡਿਊਟੀ ਨਿਭਾਈ ਵੀ।ਉਸ ਦੇ ਇਸ ਵਧੀਆ ਕੰਮ ਬਦਲੇ ਉਨ੍ਹਾਂ ਨੂੰ ਜਿਲ੍ਹਾ ਸਿਖਿਆ ਅਧਿਕਾਰੀ ਤੋਂ ਸਨਮਾਨ ਪੱਤਰ ਮਿਲਿਆ।

ਉਹ ਸਕੂਲ ਮਨੇਜਮੇਂਟ ਕਮੇਟੀ ਦਾ ਕੰਮ ਬੜੇ ਠਰ੍ਹੰਮੇ ਨਾਲ ਕਰਦੇ ਰਹੇ ।ਇਹਨਾਂ ਨੇ ਸਰਵਿਸ 'ਚ ਆਉਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਇੱਕੋ ਸਕੂਲ ਸ.ਮਿ.ਸ.ਪੂਰਨਮਾਜਰਾ (ਫਤਿਆਬਾਦ) ਵਿੱਚ 16 ਸਾਲ 11 ਮਹੀਨੇ 20 ਦਿਨ ਇਮਾਨਦਾਰੀ ਨਾਲ ਬੇਦਾਗ ਸਰਵਿਸ ਕੀਤੀ ਹੈ। ਸਕੂਲ ਵਲੋਂ ਉਨ੍ਹਾਂ ਦੇ ਰਿਟਾਰਿਮੈਂਟ ਸਮਾਰੋਹ 'ਤੇ ਉਨ੍ਹਾਂ ਨੂੰ ਸਕੂਲ ਮੁੱਖੀ ਸ਼੍ਰੀ ਦਲਵੀਰ ਸਿੰਘ, ਸਮੂਹ ਸਟਾਫ ਅਤੇ ਪਿੰਡ ਦੀ ਪੰਚਾਇਤ ਵਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਸਾਰਿਆਂ ਨੇ ਸ਼੍ਰੀ ਕਮਲ ਸ਼ਰਮਾ ਦੇ ਸਕੂ.ਲ ਪ੍ਰਤੀ ਕੀਤੇ ਕੰਮਾਂ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਦੇ ਉੱਜ਼ਲ ਭਵਿੱਖ ਦੀ ਕਾਮਨਾ ਕੀਤੀ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਲੀਡਰ ਕਲੱਬ ਦਾ ਫ਼ੁੱਟਬਾਲ ਖਿਡਾਰੀ-ਨਿਰੰਜਨ ਦਾਸ ਮੰਗੂਵਾਲ

ਨਿਰੰਜਨ ਦਾਸ ਭਗਤ ਫ਼ੁੱਟਬਾਲ ਦਾ ਤੇਜ਼-ਤਰਾਰ ਖਿਡਾਰੀ ਹੋਇਐ, ਜੋ ਸਕੂਲਾਂ, ਕਾਲਜ਼ਾਂ, ਯੂਨੀਵਰਸਿਟੀ ਅਤੇ ਜੇ ਸੀ ਟੀ ਤੋਂ ਬਾਅਦ ਪ੍ਰਸਿੱਧ ਕਲੱਬ ਲੀਡਰ ਵਲੋਂ ਖੇਡਿਆ। ਗਰੀਬ ਪਰਿਵਾਰ 'ਚ ਪੈਦਾ ਹੋ ਕੇ ਫ਼ੁੱਟਬਾਲ ਵਿਚ ਅਮੀਰੀ ਖੱਟੀ। ਇਲਾਕੇ ਦੇ ਖਿਡਾਰੀਆਂ ਦਾ ਹਮੇਸ਼ਾਂ ਉਹ ਚਾਨਣ ਮੁਨਾਰਾ ਰਿਹਾ। ਮੁੱਢਲੀ ਪੜ੍ਹਾਈ ਪਿੰਡੋਂ ਅਤੇ ਦਸਵੀਂ ਸੀਨੀਅਰ ਸੈਕੰਡਰੀ ਸਕੂਲ ਬੰਗਾ ਤੋਂ ਕੀਤੀ। ਖੇਡ ਵੀ ਬਰਾਬਰ ਚਲਦੀ ਰੱਖੀ।

ਪਿੰਡ ਦੇ ਸੀਨੀਅਰ ਖਿਡਾਰੀਆਂ ਨੂੰ ਖੇਡਦੇ ਵੇਖ ਅੱਗੇ ਤੋਂ ਅੱਗੇ ਖੇਡਦਾ ਗਿਆ ਤੇ ਗੇਮ ਨਿਖਰਦੀ ਗਈ। ਦਸਵੀਂ ਕਲਾਸ ਪੜ੍ਹਦਾ ਉਹ ਵਧੀਆ ਖਿਡਾਰੀਆਂ 'ਚ ਗਿਣਿਆਂ ਜਾਣ ਲੱਗਾ। ਚੰਗੀ ਗੇਮ ਵੇਖ ਐਸ ਐਨ ਕਾਲਜ਼ ਬੰਗਾ ਵਾਲੇ ਲੈ ਗਏ। ਚਾਰ ਸਾਲ ਬੰਗਾ ਕਾਲਜ਼ ਵਲੋਂ ਖੇਡ ਕੇ ਕਾਲਜ਼ ਦਾ ਮਾਣ ਵਿੱਚ ਵਾਧਾ ਕੀਤਾ। ਉਹ ਕਦੇ ਲੈਫ਼ਟ-ਹਾਫ਼ ਅਤੇ ਕਦੇ ਰਾਈਟ-ਹਾਫ਼ ਖੇਡਦਾ। ਗੋਰਾ ਨਿਛੋਹ ਰੰਗ, ਬਿੱਲੀਆਂ ਅੱਖਾਂ, ਬਣਦਾ ਫ਼ਬਦਾ ਗੱਭਰੂ ਨਿਰੰਜਨ 1968-69 ਵਿੱਚ ਪੰਜਾਬ ਯੂਨੀਵਰਸਿਟੀ ਵਲੋਂ ਆਲ-ਇੰਡੀਆਂ ਇੰਟਰ-ਵਰਸਿਟੀ ਅਲੀਗੜ੍ਹ ਖੇਡਣ ਗਿਆ। ਅਲੀਗੜ੍ਹ ਤੋਂ ਬਾਅਦ ਉਜੈਨ (ਮੱਧ ਪ੍ਰਦੇਸ਼)ਖੇਡਣ ਦਾ ਸਬੱਬ ਬਣਿਆਂ। ਮੁਕਾਬਲਿਆਂ ਉਥੇ ਨਾਰਥ,ਸਾਊਥ,ਈਸਟ, ਵੈਸਟ ਚਾਰੇ ਟੀਮਾਂ ਨੇ ਚੈਪੀਂਅਨਸ਼ਿਪ ਖੇਡੀ। ਉਲੰਪੀਂਅਨ ਸ. ਜਰਨੈਲ ਸਿੰਘ ਪਨਾਮ ਟੀਮ ਦੇ ਮੁੱਖ ਕੋਚ ਸਨ। ਉਥੋਂ ਮੁੱਖ ਮਹਿਮਾਨ ਵੀ ਸ. ਜਰਨੈਲ ਸਿੰਘ ਹੀ ਸਨ। ਉਸ ਚੈਪੀਂਅਨਸ਼ਿਪ ਵਿੱਚੋਂ ਉਨ੍ਹਾਂ ਦੀ ਟੀਮ ਸੈਕਿੰਡ ਰਹੀ। ਨਿਰੰਜਨ ਤੋਂ ਇਲਾਵਾ ਗੁਰਦੇਵ ਸਿੰਘ ਗਿੱਲ, ਜੋਗਿੰਦਰ ਝੁੱਟੀ, ਹਰਜਿੰਦਰ, ਮਨਜੀਤ ਸਿੰਘ ਖਰੜ-ਅਚਰਵਾਲ ਸਾਥੀ ਖਿਡਾਰੀ ਸਨ। ਨਿਰੰਜਨ ਨੇ ਦੱਸਿਆ ਮਨਜੀਤ ਭਾਰਤ ਦਾ ਬੜਾ ਤਕੜਾ ਖਿਡਾਰੀ ਸੀ। ਸੰਨ 1967 'ਚ ਬੰਗਲੌਰ ਉਹ ਤੇ ਮਨਜੀਤ 'ਕੱਠੇ ਖੇਡੇ। ਮਨਜੀਤ ਦੀ ਜ਼ਬਰਦਸਤ ਖੇਡ ਸਦਕਾ ਲੀਡਰ ਕਲੱਬ,ਪੰਜਾਬ ਪੁਲਿਸ, ਈਸਟ ਬੰਗਾਲ (ਮੋਹਣ ਬਗ਼ਾਨ) ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਮਹਿਕਮਿਆਂ ਵਾਲੇ ਸਾਰੇ ਡਿਮਾਂਡ ਕਰਦੇ ਸਨ। ਅਫ਼ਸੋਸ, ਮਨਜੀਤ ਇਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

1969-70 'ਚ ਨਿਰੰਜਨ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ਼ ਚਲੇ ਗਿਆ। 1971-72 'ਚ ਵਧੀਆ ਗੇਮ ਦੇ ਸਿਰ ਤੇ ਉਹ ਜੇ ਸੀ ਟੀ ਫ਼ਗਵਾੜਾ ਜਾ ਪਹੁੰਚਿਆ। ਜੇ ਸੀ ਟੀ ਤੋਂ ਫਿਰ ਉਸ ਨੂੰ ਲੀਡਰ ਕਲੱਬ ਵਾਲੇ ਲੈ ਗਏ। ਲੀਡਰ ਕਲੱਬ ਵਾਲਿਆਂ ਦਾ ਸਾਰੇ ਭਾਰਤ ਵਿੱਚ ਪਿੱਤਲ ਦਾ ਵੱਡਾ ਕਾਰੋਬਾਰ ਸੀ। ਉਨ੍ਹਾਂ ਦੇ ਸਮੁੰਦਰੀ ਜ਼ਹਾਜ਼ ਚਲਦੇ ਸਨ। ਡੇਅਰੀ-ਫ਼ਾਰਮ ਸੀ, ਜਿਥੋਂ ਖਿਡਾਰੀਆਂ ਨੂੰ ਰੋਜ਼ਾਨਾਂ ਖਾਣ ਲਈ ਅੰਡੇ ਅਤੇ ਦੁੱਧ ਬਗੈਰਾ ਮਿਲਦਾ। ਇਕ ਸਾਲ ਉਥੇ ਖੇਡਣ ਤੋਂ ਬਾਅਦ ਅਗਲੇ ਸਾਲ ਉਹ ਡੀ ਪੀ ਈ ਡਿਪਲੋਮਾ ਕਰਨ ਪਟਿਆਲੇ ਚਲਾ ਗਿਆ। ਡਿਪਲੋਮਾ ਕਰਦੇ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭੇ ਟੂਰਨਾਂਮੈਂਟ ਖੇਡਣ ਦਾ ਮੌਕਾ ਮਿਲਿਆ ਤੇ ਉਸ ਦੀ ਖੇਡ ਦੇ ਦੀਵਾਨੇਂ ਕਮੇਟੀ ਵਾਲਿਆਂ 'ਬੈਸਟ ਖਿਡਾਰੀ ਦਾ ਖਿਤਾਬ' ਦੇ ਕੇ ਮਾਣ ਦਿਤਾ।

ਉਚ ਕੋਟੀ ਦੇ ਖਿਡਾਰੀ ਦੇ ਨਾਲ ਨਾਲ ਉਹ ਉਚੀਸੁਰ ਤੇ ਸਰੀਲੀ ਅਵਾਜ਼ ਦਾ ਧਨੀ ਵੀ ਸੀ। ਉਹਦਾ ਪਿੰਡ



ਇਨਕਲਾਬੀ ਲਹਿਰ ਦਾ ਕੇਂਦਰ ਸੀ , ਕਦੇ। ਜਿਥੇ ਭਾਈ ਗੁਰਸ਼ਰਨ ਸਿੰਘ ਅਤੇ ਦੋਆਬਾ ਕਲਾ ਮੰਚ ਮੰਗੂਵਾਲ ਵਲੋਂ ਸਾਰੀ ਸਾਰੀ ਰਾਤ ਨਾਟਕ ਅਤੇ ਇਨਕਲਾਬੀ ਲਹਿਰ ਦੇ ਗੀਤ, ਕਵਿਤਾਵਾਂ ਤੇ ਗਰੀਬ, ਮਜ਼ਦੂਰਾਂ, ਕਿਰਤੀ, ਕਾਮਿਆਂ ਦੀ ਲੁੱਟ-ਖਸੁਟ ਵਿਰੁਧ ਸੰਘਰਸੀ ਡਰਾਮੇਂ ਚਲਦੇ ਰਹਿੰਦੇ। ਉਹ ਇਨ੍ਹਾਂ ਪ੍ਰੋਗਰਾਮਾਂ 'ਚ ਗੀਤਾਂ ਰਾਹੀਂ ਆਪਣੀਂ ਹਾਜ਼ਰੀ ਭਰਦਾ। ਉਹ ਸੰਤ ਰਾਮ ਉਦਾਸੀ ਅਤੇ ਜੈਮਲ ਪੱਡੇ ਦੇ ਬਰਾਬਰ ਦਾ ਇਨਕਲਾਬੀ ਗਾਇਕ ਸੀ। ਜਦੋਂ ਕਿਤੇ ਜੈਮਲ ਪੱਡੇ ਨੂੰ ਪ੍ਰੋਗਰਾਮ ਵਾਸਤੇ ਕਹਿਣ ਜਾਣਾ ਤਾਂ ਉਹਦਾ ਜਵਾਬ ਹੁੰਦਾ, ਨਿਰੰਜਨ ਦਾਸ ਤੁਹਾਡੇ ਕੋਲ ਹੈ ,ਮੇਰੀ ਕੀ ਲੋੜ ਐ ਉਥੇ?

ਉਹ ਜਦੋਂ ਐਮ ਪੀ ਐਡ ਪਟਿਆਲੇ ਕਰਨ ਗਿਆ ਤਾਂ ਮਸ਼ਹੂਰ ਗਾਇਕ ਗੁਰਦਾਸ ਮਾਨ ਨੇ ਵੀ ਉਹਦੇ ਨਾਲ ਹੀ ਐਮ ਪੀ ਐਡ ਕੀਤੀ। ਸਟੇਜ਼ਾਂ 'ਤੇ ਉਹਦਾ ਗੁਰਦਾਸ ਮਾਨ ਨਾਲ ਫ਼ਸਵਾਂ ਮੁਕਾਬਲਾ ਚਲਦਾ। ਗੁਰਦਾਸ ਮਾਨ ਆਸ਼ਕੀ ਮਾਸ਼ੂਕੀ ਦੇ ਗਾਣੇਂ ਗਾਉਂਦਾ ਜਦ ਕਿ ਨਿਰੰਜਨ ਇਨਕਲਾਬੀ ਅਤੇ ਦੇਸ਼ ਭਗਤੀ ਦੇ ਗੀਤ ਗਾਉਂਦਾ। ਫ਼ਾਈਨਲ ਵਿੱਚ 'ਕੱਠੇ ਪੜ੍ਹੇ ਅਤੇ ਸਟੇਜ਼ਾਂ 'ਤੇ 'ਕੱਠੇ ਗਾਉਂਦੇਂ ਰਹੇ ਕਰਕੇ ਅੱਜ ਵੀ ਜੇ ਕਿਤੇ ਗੁਰਦਾਸ ਮਾਨ ਮਿਲ ਪਵੇ ਤਾਂ ਬੜੇ ਨਿੱਘ ਤੇ ਨਿਮਰਤਾ ਨਾਲ ਹੱਥ ਜੋੜ ਕੇ ਮਿਲਦੈ। ਬੰਗੀਂ ਗੁਲਾਮੀਂ ਸ਼ਾਹ ਦੀ ਜਗ੍ਹਾ 'ਤੇ ਪ੍ਰੋਗਰਾਮ ਕਰਨ ਆਏ ਗੁਰਦਾਸ ਮਾਨ ਦੀ ਇਕ ਵਾਰ ਦੂਰੋਂ ਅਚਾਨਕ ਨਜ਼ਰੀਂ ਪੈ ਗਿਆ। ਸਾਰੇ ਲੋਕਾਂ ਵਿੱ-ਚੀਂ ਹੁੰਦਾ ਹੋਇਆ ਗੁਰਦਾਸ ਮਾਨ ਬੜੇ ਪਿਆਰ ਨਾਲ ਜਾ ਕੇ ਨਿ-ਰੰਜਨ ਨੂੰ ਮਿਲਿਆ।

ਨਿਰੰਜਨ ਦੀ ਗੇਮ ਕਰਕੇ ਪੰਜਾਬ ਪੁਲਿਸ ਵਲੋਂ ਨੌਕਰੀ ਦੀ ਪੇਸ਼ਕਸ਼ ਹੋਈ ਸੀ ਪਰ ਬਹੁਤੀ ਤਰੱਕੀ ਨਾ ਮਿਲਦੀ ਵੇਖ ਉਸ ਨੇ ਨਾਂਹ ਕਰ ਦਿਤੀ ਸੀ। ਫਿਰ ਉਹ ਐਮ ਪੀ ਐਡ ਕਰਕੇ ਡੀ ਪੀ ਈ ਲੱਗ ਗਿਆ ਸੀ। ਮਹਾਲੋਂ ਵਾਲਾ ਮਨਦੀਪ ਸਿੰਘ ਵੀਰ੍ਹੀ, ਹੈਡਮਾਸਟਰ ਗਿਆਨ ਸਿੰਘ ਜੱਬੋਵਾਲ ਤੇ ਕਾਹਮੇਂ ਵਾਲਾ ਬਿਹਾਰੀ ਉਹ ਦੇ ਵਧੀਆ ਮਿੱਤਰ ਖਿਡਾਰੀ ਸਨ। ਪਿੰਡਾਂ ਦੇ ਖੇਡ ਮੇਲਿਆਂ 'ਚ 'ਕੱਠੇ ਖੇਡਦੇ। ਪੰਜਾਬ ਦਾ ਹਰ ਤਕੜਾ ਖਿਡਾਰੀ ਨਿਰੰਜਨ ਨਾਲ ਖੇਡਿਆ। ਫ਼ਲਾਣੇਂ ਫ਼ਲਾਣੇਂ ਖਿਡਾਰੀ ਉਹਨੇਂ ਨਾਂ ਦੱਸਣ ਤੋਂ ਗੁਰੇਜ਼ ਕਰਦੇ ਕਿਹਾ ਕਿ ਗਰਾਂਊਂਡ ਤੋਂ ਬਾਹਰ ਬੈਠੇ ਹੁੰਦੇ ਸਨ ਜਦਕਿ ਉਹ ਟੀਮ ਦਾ ਖਿਡਾਰੀ ਹੁੰਦਾ ਸੀ। ਉਹਦੀ ਖੇਡ ਜੀਵਨ ਵਿੱਚ ਗਰੀਬੀ ਤੇ ਨਕਸਲਵਾੜੀ ਦਾ ਠੱਪਾ ਲੱਗਣ ਕਰਕੇ ਉਹ 'ਅਰਜਨ ਐਵਾਰਡੀ ਖਿਤਾਬ' ਖੁਣੋਂ ਵਾਂਝਾ ਰਹਿ ਗਿਐ।

1979 ਵਿੱਚ ਉਹਨੇਂ ਜੱਬੋਵਾਲ ਦੇ ਗੁਆਂਢੀ ਪਿੰਡ ਭੀਣ ਦੇ ਹਾਈ ਸਕੂਲ ਵਿਖੇ ਸਰੀਰਕ ਸਿਖਿਆ ਵਿਭਾਗ ਵਿੱਚ ਡੀ ਪੀ ਈ ਦੀ ਨੌਕਰੀ ਕੀਤੀ। ਜਦੋਂ ਮੈਂ (ਲੇਖਕ) ਕਦੇ ਪਿੰਡੋਂ ਸਾਇਕਲ 'ਤੇ ਨਵਾਂ-ਸ਼ਹਿਰ ਨੂੰ ਜਾਣਾ ਤਾਂ ਡੀ ਪੀ ਈ ਸਾਹਿਬ ਨੇ ਮੂਹਰਿਉਂ ਫ਼ਸਲਾਂ ਵਿੱਚੀ ਉਚੀ ਓਚੀ ਅਵਾਜ਼ ਵਿੱਚ ਗੀਤ ਗਾਉਂਦੇ ਨੇ ਆਉਂਦੇ ਹੋਣਾ। ਕਾਲੇ ਰੰਗ ਦੀ ਦਸਤਾਰ ਸਜਾਈ ਤੇਜ਼ੀ ਤੇਜ਼ੀ ਸਾਇਕਲ 'ਤੇ ਪੈਡਲ ਮਾਰਦੇ ਕੋਲ ਆ ਕੇ ਕਹਿਣਾ, ਕਿਦਾਂ ਛੋਟੇ ਚੱਲ ਪਿਆ, ਹੋਰ ਸਭ ਠੀਕ ਠਾਕ? ਭੀਣ ਤੋਂ ਬਾਅਦ ਉਹਨੇਂ ਸੀਨੀਅਰ ਸੈਕੰਡਰੀ ਸਕੂਲ ਬੰਗਾ ਦੀ ਨੌਕਰੀ ਜਾ ਸੰਭਾਲੀ। 1991 'ਚ ਜੁਆਇਨ ਕਰਕੇ 2006 ਵਿੱਚ 28 ਸਾਲਾਂ ਬਾਅਦ ਰਿਟਾਇਰ ਹੋਇਆ। ਜਿਸ ਬੰਗਾ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚੋਂ ਉਹਨੇਂ ਕਦੇ ਦਸਵੀਂ ਪਾਸ ਕੀਤੀ ਸੀ, ਹੁਣ ਉਸੇ ਹਾਈ ਸਕੂਲ ਤੋਂ ਲੈਕਚਰਾਰ ਪ੍ਰਮੋਟ ਹੋ ਕੇ ਸੇਵਾ ਮੁੱਕਤ ਹੋਇਆ ਸੀ।

ਆਪ ਦੇ ਪਤਨੀਂ ਮੈਡਮ ਕਮਲਜੀਤ ਕੌਰ ਅਧਿਆਪਕਾ ਰਹੇ ਨੇ। ਇਕ ਬੇਟਾ ਤੇ ਬੇਟੀ, ਦੋਵੇਂ ਬੱਚੇ ਖਿਡਾਰੀ ਰਹਿ ਚੁੱਕੇ ਹਨ। ਫ਼ੁੱਟਬਾਲ ਦਾ ਹੋਣਹਾਰ ਖਿਡਾਰੀ ਬੇਟਾ ਮਨਜੀਤ ਸਿੰਘ ਜੁਗਨੂੰ ਅੰਡਰ-14 ਮੇਘਾਲਿਆ,ਅੰਡਰ-17 ਬੰਗਾਲ, ਦੋ ਵਾਰ ਇੰਟਰ-ਕਾਲਜ਼,ਤਿੰਨ ਨੈਸ਼ਨਲ ,ਯੂਨੀਵਰਸਿਟੀ ਅਤੇ ਆਲ-ਇੰਡੀਆ ਇੰਟਰ-ਯੂਨੀਵਰਸਿਟੀ ਲਾਇਲਪੁਰ ਖਾਲਸਾ ਕਾਲਜ਼ ਜਲੰਧਰ ਅਤੇ ਜਿਲ੍ਹਾ ਚੈਪੀਂਅਨਸ਼ਿਪ ਖੇਡ ਚੁੱਕੈ। ਸਪੋਰਟਸ ਵਿੰਗ ਮਾਹਿਲਪੁਰ ਤੋਂ +2 ਦੀ ਪੜ੍ਹਾਈ ਕੀਤੀ ਅਤੇ ਫ਼ੁੱਟਬਾਲ ਖੇ-ਡਿਆ। ਬੇਟੀ ਰੁਪਿੰਦਰ ਕੌਰ ਸੋਨੂੰ ਸਕੂਲਾਂ 'ਚ ਪੰਜਾਬ ਯੂਨੀਵਰਸਿਟੀ ਦੀ ਸੌ ਮੀਟਰ ਅਤੇ ਚਾਰ ਸੌ ਮੀਟਰ ਦੀ ਅਥਲ਼ੀਟ ਰਹਿ ਚੁੱਕੀ ਹੈ। ਪਿਤਾ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਬੇਟੀ ਵਧੀਆ ਗਾਉਂਣ ਦੀ ਮੁਹਾਰਤ ਰੱਖਦੀ ਸੀ। ਬੇਟੀ, ਬੇਟਾ ਦੋਵੇਂ ਟਰਾਂਟੋਂ ਰਹਿੰਦੇ ਹਨ। ਮੈਂ ਟਰਾਂਟੋਂ ਕਿਸੇ ਵਿਆਹ-ਸਮਾਗਮ 'ਤੇ ਗਿਆ ਉਹਦੇ ਘਰ ਜਾ ਕੇ ਮਿਲਿਆ ਸਾਂ। ਮੇਰੇ ਵੱਡੇ ਵੀਰ ਹੈਡਮਾ-ਸਟਰ ਗਿਆਨ ਸਿੰਘ



ਇਕਬਾਲ ਸਿੰਘ ਜੱਬੋਵਾਲੀਆ
0019173756395

ਨਾਲ ਖੇਡਦਾ ਰਿਹਾ ਹੋਣ ਕਰਕੇ ਮੈਂ ਉਹਦੀ ਬੜੀ ਇਜ਼ਤ ਕਰਦਾ ਸੀ। ਟਰਾਂਟੋਂ ਦਾ ਪਿਸਟੂ ਸਟੂਡੀਓ ਗੁਰਸ਼ਿੰਦਰ ਸ਼ਿੰਦਾ ਵੀ ਮੇਰੇ ਨਾਲ ਸੀ। ਕਈ ਘੰਟੇ ਅਸੀਂ ਉਹਦੇ ਘਰ ਬੈਠੇ ਗੱਲਾਂ-ਬਾਤਾਂ ਕਰਦੇ ਰਹੇ। ਉਹ ਉਸ ਦਿਨ ਕਿਸੇ ਗੁਰੂ-ਘਰ ਦੀ ਸਟੇਜ਼ ਤੋਂ ਕੋਈ ਧਾਰਮਿਕ ਕਵਿਤਾ ਬੋਲ ਕੇ ਆਇਆ ਸੀ। ਸੇਹਿਤ ਕਾਫ਼ੀ ਕਮਜ਼ੋਰ ਸੀ।

ਪੁਰਾਣੇਂ ਖਿਡਾਰੀਆਂ ਦੀ ਗੱਲਾਂ ਚਲਦੀਆਂ ਰਹੀਆਂ। ਵੱਡੇ ਵੀਰ ਨਾਲ ਨਵੇਂ-ਸ਼ਹਿਰ ਦੀ ਗਰਾਂਊਂਡ ਵਿੱਚ ਹੋਏ ਫ਼ਸਵੇਂ ਮੈਚ ਦੀਆਂ ਗੱਲਾਂ ਕਰਦਾ ਰਿਹਾ। ਉਹਨੂੰ ਵੇਖ ਮਨ ਦੁੱਖੀ ਹੋਇਆ। ਸੇਹਿਤ ਪਹਿਲਾਂ ਵਾਲੀ ਨਹੀਂ ਸੀ। ਕੁਝ ਕੁ ਮਹੀਨਿਆਂ ਬਾਅਦ ਉਹਦੀ ਮੌਤ ਬਾਰੇ ਸੁਣ ਕੇ ਮਨ ਬੜਾ ਦੁਖੀ ਹੋਇਆ ਜਦੋਂ 5 ਅਕਤੂਬਰ 2019 ਨੂੰ ਸਦੀਵੀਂ ਵਿਛੋੜਾ ਦੇ ਗਿਆ ਸੀ। ਮੈਡਮ ਕਮਲਜੀਤ ਕੌਰ ਇਸ ਵੇਲੇ ਬੱਚਿਆਂ ਕੋਲ ਕੈਨੇਡਾ ਹਨ। ਘਰ ਪਰਿਵਾਰ ਦੇ ਕੰਮ ਸਾਰੇ ਚੱਲੀ ਜਾਣਗੇ ਪਰ ਘਾਟ ਉਹਦੀ ਹਮੇਸ਼ਾਂ ਖਟਕਦੀ ਰਹੇਗੀ।

ਵੱਡੇ ਖਿਡਾਰੀਆਂ ਨਾਲ ਟੱਕਰ ਲੈ ਬਹਿੰਦੈ।
ਚੜ੍ਹਿਆ ਪਿਤਾ ਨੂੰ ਸਦਾ ਸਰੂਰ ਰਹਿੰਦੈ।
ਪੁੱਤ ਜੁਗਨੂੰ ਹਨੇਰੇ 'ਚ ਟਿੰਮ ਟਮਾਉਂਣ ਲੱਗਾ।
ਖੇਡ ਮੈਦਾਨਾਂ 'ਚ ਗੇਮ ਚਮਕਾਉਂਣ ਲੱਗਾ।
ਮਾਂ-ਬਾਪ ਦੀ ਆਗਿਆ ਦਾ ਪਾਲਣ ਜੋ ਕਰ ਜਾਂਦੇ।
'ਇਕਬਾਲ ਸਿੰਹਾਂ'ਜਿੰਦਗੀ 'ਚ ਬੜਾ ਕੁਝ ਖੱਟ ਜਾਂਦੇ।

# ਕਰਨਾਲ ਕੋਲ ਕਿਸਾਨਾਂ 'ਤੇ ਹਰਿਆਣਾ ਸਰਕਾਰ ਵੱਲੋਂ ਜ਼ਾਲਮਾਨਾ ਹਮਲਾ

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਦੀ ਕਠਪੁਤਲੀ ਮਨੋਹਰ ਲਾਲ ਖੱਟਰ ਦੀ ਹਰਿਆਣਾ ਸਰਕਾਰ ਨੇ ਸ਼ਾਂਤਮਈ ਵਿਰੋਧ ਕਰਨ ਲਈ ਕਰਨਾਲ ਕੋਲ ਬਸਤਾੜਾ ਪਲਾਜ਼ਾ 'ਤੇ ਇਕੱਠੇ ਹੋਏ ਕਿਸਾਨਾਂ 'ਤੇ ਕਾਤਲਾਨਾ ਹਮਲਾ ਕਰਕੇ ਕਰਨਾਲ ਜਿਲੇ ਦੇ ਰਾਏਪੁਰ ਜਟਾਨਾ ਪਿੰਡ ਦੇ ਇਕ ਕਿਸਾਨ ਸੁਸ਼ੀਲ ਕਾਜ਼ਲ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ ਅਤੇ ਸੈਂਕੜੇ ਕਿਸਾਨਾਂ ਨੂੰ ਬੇਰਹਿਮੀ ਨਾਲ ਜ਼ਖ਼ਮੀ ਕਰਕੇ ਸਿਆਸੀ ਤਾਕਤ ਦੇ ਹੰਕਾਰ ਦਾ ਪ੍ਰਗਟਾਵਾ ਕੀਤਾ ਹੈ। 64 ਕਿਸਾਨ ਵੱਖ-ਵੱਖ ਹਸਪਤਾਲਾਂ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਸਿਆਸੀ ਤਾਕਤ ਵੀ ਲੋਕ ਜੇ ਦੇਣਾ ਜਾਣਦੇ ਹਨ, ਤਾਂ ਉਹ ਉਸਨੂੰ ਖੋਹਣਾ ਵੀ ਜਾਣਦੇ ਹਨ। ਹਰਿਆਣਾ ਸਰਕਾਰ ਦੀ ਇਹ ਅਣਮਨੁੱਖੀ ਕਾਰਵਾਈ ਖੱਟਰ ਸਰਕਾਰ ਦੀਆਂ ਜੜ੍ਹਾਂ ਵਿੱਚ ਤੇਲ ਦੇਣ ਦਾ ਕੰਮ ਕਰੇਗੀ। ਏਥੇ ਹੀ ਬਸ ਨਹੀਂ ਸਗੋਂ ਕੇਂਦਰ ਸਰਕਾਰ ਦੀ ਸ਼ਾਖ਼ ਨੂੰ ਵੀ ਅਜਿਹਾ ਖ਼ੋਰਾ ਲਾਏਗੀ, ਜਿਸ ਨੇ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਸਰਕਾਰ ਦੇ ਦੁਬਾਰਾ ਬਣਨ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਕਿਉਂਕਿ ਦੇਸ਼ ਦਾ ਕੋਈ ਵੀ ਨਾਗਰਿਕ ਹਰਿਆਣਾ ਸਰਕਾਰ ਦੀ ਇਹ ਅਣਮਨੁੱਖੀ ਬੇਹੂਦਗੀ ਨੂੰ ਪਸੰਦ ਨਹੀਂ ਕਰੇਗਾ। ਜਿਹੜੀ ਖੱਟਰ ਸਰਕਾਰ ਨੇ ਖ਼ੂਨ ਦੀ ਹੋਲੀ ਖੇਡੀ ਹੈ, ਉਸਦਾ ਇਵਜਾਨਾ ਉਸਨੂੰ ਹਰ ਹਾਲਤ ਵਿੱਚ ਭੁਗਤਣਾ ਪਵੇਗਾ। ਪਰਜਾਤੰਤਰ ਵਿੱਚ ਸ਼ਾਂਤਮਈ ਵਿਰੋਧ ਕਰਨਾ ਜੁਰਮ ਨਹੀਂ ਹੈ। ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਵਿੱਚ ਜਨਰਲ ਓਡਵਾਇਰ ਰੂਹ ਪ੍ਰਵੇਸ਼ ਕਰ ਗਈ ਹੈ, ਜਿਸਨੂੰ ਭਾਰਤੀ ਕਿਸਾਨਾਂ ਦੀ ਆਜ਼ਾਦੀ ਤੋਂ ਖ਼ਤਰਾ ਪੈਦਾ ਹੋ ਗਿਆ ਹੈ। ਖ਼ੂਨ ਨਾਲ ਲੱਥ ਪੱਥ ਹੋਏ ਕਿਸਾਨਾਂ ਨੂੰ ਵੇਖਕੇ ਅੰਗਰੇਜ਼ਾਂ ਦੇ ਰਾਜ ਦਾ ਭੁਲੇਖਾ ਪੈਣ ਲੱਗ ਗਿਆ। ਗ਼ਲਤੀ ਲਈ ਮੁਆਫ਼ੀ ਮੰਗਣ ਦੀ ਥਾਂ ਮਨੋਹਰ ਲਾਲ ਖੱਟਰ ਅਜੇ ਵੀ ਹੰਕਾਰ ਵਿੱਚ ਕਿਸਾਨਾਂ ਨੂੰ ਚੇਤਾਵਨੀ ਦੇ ਰਹੇ ਹਨ। ਪਰਜਾਤੰਤਰ ਵਿੱਚ ਸਿਵਲ ਅਤੇ ਪੁਲਿਸ ਅਧਿਕਾਰੀ ਤੇ ਕਰਮਚਾਰੀ ਲੋਕਾਂ ਦੇ ਸੇਵਕ ਹੁੰਦੇ ਹਨ। ਉਹਨਾਂ ਦੀ ਪਰਜਾ ਦੇ ਜਾਨ ਮਾਲ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ ਪਰੰਤੂ ਹਰਿਆਣਾ ਸਰਕਾਰ ਦੇ ਸਬ ਡਵੀਜ਼ਨਲ ਮੈਜਿਸਟਰੇਟ ਆਯੂਸ਼ ਸਿਨਹਾ ਵਿੱਚ ਕਾਤਲਾਂ ਦੀ ਰੂਹ ਪ੍ਰਵੇਸ਼ ਕਰ ਗਈ ਹੈ, ਜਿਹਨਾਂ ਆਨ ਰਿਕਾਰਡ ਕਿਹਾ ਹੈ ਕਿ ਕਿਸਾਨ ਮਜ਼ਦੂਰਾਂ ਦੇ ਸਿਰ ਪਾੜ ਦਿਓ, ਜੋ ਵੀਡੀਓ ਵਿੱਚ ਸੁਣਾਈ ਦਿੰਦਾ ਹੈ। ਆਯੂਸ਼ ਸਿਨਹਾ ਕਹਿ ਰਹੇ ਹਨ'' ਜੇਕਰ ਕਿਸਾਨ ਮਜ਼ਦੂਰ ਬੈਰੀਕੇਡ ਦੇ ਸਾਹਮਣੇ ਆ ਜਾਂਦੇ ਹਨ ਤਾਂ ਉਹਨਾਂ ਦੇ ਸਿਰ ਪਾੜ ਦਿਓ, ਜੇਕਰ ਕੋਈ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦੇ ਡਾਂਗਾਂ ਮਾਰੋ। ਮੈਂ ਉਹਨਾਂ ਦੇ ਸਿਰ ਪਾੜਨ ਦੇ ਆਦੇਸ਼ ਦਿੰਦਾ ਹਾਂ। ਕਿਸੇ ਲਿਖਤੀ ਦਿਸ਼ਾ ਨਿਰਦੇਸ਼ ਦੀ ਜ਼ਰੂਰਤ ਨਹੀਂ। ਇਸ ਬਲਾਕ ਨੂੰ ਕਿਸੇ ਵੀ ਹਾਲਤ ਵਿੱਚ ਟੁੱਟਣ ਨਹੀਂ ਦਿੱਤਾ ਜਾਵੇਗਾ। ਪਿਛੋਂ ਹੋਰ ਫ਼ੋਰਸ ਲੱਗੀ ਹੋਈ ਹੈ। ਹੈਲਮਟ ਪਹਿਨੋ ਇਥੋਂ ਤੱਕ ਕਿ ਇਕ ਵੀ ਵਿਅਕਤੀ ਨੂੰ ਜਾਣ ਨਾ ਦੇਵੋ। ਜੇ ਉਹ ਜਾਂਦਾ ਹੈ ਤਾਂ ਉਸਦਾ ਸਿਰ ਪਾਟਣਾ ਚਾਹੀਦਾ ਹੈ।'' ਹੈਰਾਨੀ ਇਸ ਗੱਲ ਦੀ ਹੈ ਕਿ ਇਹ ਹੁਕਮ ਇਕ ਆਈ ਏ ਐਸ ਅਧਿਕਾਰੀ ਦੇ ਰਿਹਾ ਹੈ, ਜਿਸਦੀ ਜ਼ਿੰਮੇਵਾਰੀ ਸੰਵਿਧਾਨ ਅਨੁਸਾਰ ਪਰਜਾ ਦੇ ਹਿਤਾਂ ਦੀ ਰਾਖੀ ਕਰਨੀ ਹੁੰਦੀ ਹੈ। ਉਹ ਖੁਦ ਹੀ ਸੰਵਿਧਾਨ ਦੀਆਂ ਧੱਜੀਆਂ ਉਡਾ ਰਿਹਾ ਹੈ। ਇਹ ਹੁਕਮ ਮੈਜਿਸਟਰੇਟ ਬਿਨਾ ਕਿਸੇ ਪ੍ਰੋ-ਵੋਕੇਸ਼ਨ ਤੋਂ ਪਹਿਲਾਂ ਹੀ ਦੇ ਰਿਹਾ ਜਿਸ ਤੋਂ ਇਕ ਗਿਣੀ ਮਿਥੀ ਸਾਜ਼ਿਸ਼ ਦਾ ਪਤਾ ਲੱਗਦਾ ਹੈ। ਜੇਕਰ ਕਿਸਾਨ ਕੋਈ ਟਕਰਾਓ ਵਾਲੀ ਕਾਰਵਾਈ ਕਰਦੇ ਫਿਰ ਤਾਂ ਉਹ ਅੱਥਰੂ ਗੈਸ ਛੱਡਣ ਦੇ ਹੁਕਮ ਦਿੰਦਾ। ਉਸਨੇ ਤਾਂ ਪਹਿਲਾਂ ਹੀ ਇਹ ਹੁਕਮ ਸੁਣਾ ਦਿੱਤੇ ਉਦੋਂ ਤਾਂ ਅਜੇ ਕਿਸਾਨ ਇਕੱਠੇ ਵੀ ਨਹੀਂ ਹੋਏ ਸਨ। ਆਈ ਏ ਐਸ ਅਧਿਕਾਰੀ ਨੂੰ ਚੁਣੇ ਜਾਣ ਤੋਂ ਬਾਅਦ ਟਰੇਨਿੰਗ ਦਿੱਤੀ ਜਾਂਦੀ ਹੈ ਕਿ ਕਿਸ ਪ੍ਰਕਾਰ ਉਹਨਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹਨ। ਕੀ ਉਹ ਅਧਿਕਾਰੀ ਸਾਰੇ ਆਈ ਏ ਐਸ ਅਧਿਕਾਰੀਆਂ ਨੂੰ ਬਦਨਾਮ ਨਹੀਂ ਕਰ ਰਿਹਾ? ਉਹ ਆਈ ਏ ਐਸ ਅਧਿਕਾਰੀ



ਕਹਾਉਣ ਦਾ ਹੱਕਦਾਰ ਹੀ ਨਹੀਂ। ਅਜਿਹੇ ਅਧਿਕਾਰੀ ਨੂੰ ਤਾਂ ਨੌਕਰੀ ਵਿੱਚੋਂ ਬਰਖ਼ਾਸਤ ਕਰਨ ਦੀ ਮੰਗ ਸੰਯੁਕਤ ਕਿਸਾਨ ਮੋਰਚਾ ਕਰ ਰਿਹਾ ਹੈ। ਇਕ ਗੱਲ ਸੋਚਣ ਵਾਲੀ ਹੈ ਕਿ ਉਹ ਅਧਿਕਾਰੀ ਬਿਨਾ ਸਰਕਾਰ ਦੇ ਹੁਕਮਾਂ ਤੇ ਅਜਿਹਾ ਨਹੀਂ ਕਰ ਸਕਦਾ। ਅਜਿਹੀ ਹਰਿਆਣਾ ਦੀ ਗ਼ੈਰ ਇਖ਼ਲਾਕੀ ਪੁਲਿਸ ਦੀ ਨਫਰੀ ਹੈ, ਜਿਹੜੀ ਗ਼ੈਰ ਕਾਨੂੰਨੀ ਹੁਕਮਾਂ ਦੀ ਪਾਲਣਾ ਕਰਕੇ ਆਪਣੇ ਅੰਨ ਦਾਤਾਵਾਂ 'ਤੇ ਲਾਠੀਆਂ ਵਰਾਉਂਦੀ ਹੋਈ, ਉਹਨਾਂ ਦੇ ਸਿਰ ਪਾੜ ਕੇ ਲਹੂ ਲੁਹਾਣ ਕਰ ਦਿੰਦੀ ਹੈ। ਕਾਨੂੰਨ ਦੇ ਰਖਵਾਲੇ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ। ਨਿਰਦੋਸ਼ ਅਤੇ ਸ਼ਾਂਤਮਈ ਧਰਨਾ ਦੇ ਰਹੇ ਕਿਸਾਨਾਂ ਦਾ ਡੁਲਿਆ ਖ਼ੂਨ ਅਜਾਈਂ ਨਹੀਂ ਜਾਵੇਗਾ। ਇਸ ਖ਼ੂਨ ਦੀ ਹੋਲੀ ਨੇ ਸਮੁੱਚੇ ਦੇਸ਼ ਦੇ ਕਿਸਾਨਾਂ ਦਾ ਹੀ ਨਹੀਂ ਸਾਰੇ ਨਾਗਰਿਕਾਂ ਖ਼ੂਨ ਖੌਲਣ ਲਾ ਦਿੱਤਾ ਹੈ। ਹਰਿਆਣਾ ਸਰਕਾਰ ਦੀ ਬੇਹੂਦਗੀ ਨੇ 100 ਸਾਲ ਪਹਿਲਾਂ ਅੰਗਰੇਜ਼ਾਂ ਵੱਲੋਂ ਜਲਿਆਂ ਵਾਲੇ ਬਾਗ ਵਿੱਚ ਖੇਡੀ ਖ਼ੂਨ ਦੀ ਹੋਲੀ ਯਾਦ ਕਰਵਾ ਦਿੱਤੀ ਹੈ। ਹਰਿਆਣਾ ਸਰਕਾਰ ਆਪਣੀ ਪਰਜਾ ਨੂੰ ਵੀ ਅੰਗਰੇਜ਼ੀ ਸਰਕਾਰ ਦੀ ਤਰਾਂ ਵਿਵਹਾਰ ਕਰ ਰਹੀ ਹੈ। ਇਕ ਪਾਸੇ ਉਸੇ ਦਿਨ ਦੇਸ਼ ਦਾ ਪ੍ਰਧਾਨ ਮੰਤਰੀ ਜਲਿਆਂ ਵਾਲੇ ਬਾਗ ਦੀ ਯਾਦਗਾਰ ਦੇ ਨਵੀਨੀਕਰਨ ਦਾ ਉਦਘਾਟਨ ਕਰ ਰਿਹਾ ਹੈ। ਦੂਜੇ ਪਾਸੇ ਹਰਿਆਣਾ ਸਰਕਾਰ ਜਲਿਆਂ ਵਾਲਾ ਬਾਗ ਦੀ ਘਟਨਾ ਨੂੰ ਦੁਹਰਾ ਰਹੀ ਹੈ। ਅਸਲ ਵਿੱਚ ਕੇਂਦਰ ਸਰਕਾਰ ਪਿਛਲੇ 9 ਮਹੀਨੇ ਤੋਂ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸ਼ਾਂਤਮਈ ਚਲ ਰਹੇ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬੁਖਲਾਈ ਹੋਈ ਹੈ, ਜਿਸ ਕਰਕੇ ਉਹਨਾਂ ਮਨੋਹਰ ਲਾਲ ਖੱਟਰ ਰਾਹੀਂ ਕਿਸਾਨਾਂ ਨੂੰ ਸਬਕ ਸਿਖਾਉਣ ਅਤੇ ਡਰਾਉਣ ਲਈ ਜ਼ਾਲਮਾਨਾ ਕਾਰਵਾਈ ਕੀਤੀ ਹੈ। ਕਿਉਂਕਿ ਕਿਸਾਨਾਂ ਨੇ ਪੱਛਮੀਂ ਉਤਰ ਪ੍ਰਦੇਸ਼ ਦੇ ਮੁਜ਼ੱਫ਼ਰ ਨਗਰ ਵਿਖੇ 5 ਸਤੰਬਰ ਨੂੰ ਮਹਾਂ ਕਿਸਾਨ ਪੰਚਾਇਤ ਰੱਖੀ ਹੈ, ਜਿਸ ਵਿੱਚ ਲੱਖਾਂ ਕਿਸਾਨਾਂ ਦੇ ਸ਼ਾਮਲ ਹੋਣ ਦਾ ਡਰ ਸਰਕਾਰ ਨੂੰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕੇਂਦਰ ਸਰਕਾਰ ਦੇ ਗਲੇ ਦੀ ਹੱਡੀ ਬਣ ਚੁੱਕਿਆ ਹੈ। ਉਹਨਾਂ ਨੂੰ ਫਰਵਰੀ 2022 ਦੀਆਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਡਰ ਸਤਾ ਰਿਹਾ ਹੈ। ਕਿਸੇ ਵੀ ਸਤਿਕਾਰਤ ਢੰਗ ਨਾਲ ਕਿਸਾਨ ਅੰਦੋਲਨ ਖ਼ਤਮ ਕਰਵਾਉਣਾ ਚਾਹੁੰਦੇ ਹਨ। ਪਰੰਤੂ ਕਰਨਾਲ ਦੀ ਘਟਨਾ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਜਿਸ ਨਾਲ ਕਿਸਾਨ ਅੰਦੋਲਨ ਹੁਣ ਹੋਰ ਮਜ਼ਬੂਤ ਹੋਵੇਗਾ। ਹਰਿਆਣਾ ਸਰਕਾਰ ਨੂੰ ਇਸ ਜ਼ੁਲਮ ਦਾ ਇਵਜਾਨਾ ਭੁਗਤਣਾ ਪਵੇਗਾ। ਹਾਲਾਂ ਕਿ ਕਿਸਾਨ ਅਜੇ ਬਸਤਾੜਾ ਟੋਲ ਪਲਾਜ਼ਾ 'ਤੇ ਇਕੱਠੇ ਹੋ ਰਹੇ ਸਨ। ਕਰਨਾਲ ਦੇ ਡਿਪਟੀ ਕਮਿਸ਼ਨਰ ਬਿਆਨ ਦੇ ਰਹੇ ਹਨ ਕਿ ਕਿਸਾਨ ਹਾਈਵੇ ਬੰਦ ਕਰ ਰਹੇ ਸਨ ਅਤੇ ਮੁੱਖ ਮੰਤਰੀ ਦੇ ਜਲਸੇ ਨੂੰ ਰੋਕਣ ਲਈ ਜਾ ਰਹੇ ਸਨ। ਇਹ ਸਾਰੀ ਗ਼ਲਤ ਬਿਆਨੀ ਹੈ। ਮੁੱਖ ਮੰਤਰੀ ਦਾ ਪ੍ਰੋਗਰਾਮ ਲਾਠੀਚਾਰਜ ਵਾਲੇ ਥਾਂ ਤੋਂ 15 ਕਿਲੋਮੀਟਰ ਦੂਰ ਸੀ। ਇਕ ਪਾਸੇ ਡੀ ਸੀ ਕਹਿ ਰਹੇ ਹਨ ਕਿ ਸ਼ਾਮ ਨੂੰ ਨੈਸ਼ਨਲ ਹਾਈਵੇ ਕਿਸਾਨਾਂ ਨੇ ਤਿੰਨ ਘੰਟੇ ਲਈ ਬੰਦ ਕਰ ਦਿੱਤਾ ਸੀ। ਫਿਰ ਸਵੇਰੇ ਨੈਸ਼ਨਲ ਹਾਈਵੇ ਕਿਉਂ ਬੰਦ ਨਹੀਂ ਕਰਨ ਦਿੱਤਾ? ਜੇ ਕਿਸਾਨਾਂ ਤੇ ਲਾਠੀ ਚਾਰਜ ਨਾ ਕਰਦੇ ਤਾਂ ਫਿਰ ਇਹ ਹਾਲਤ ਨਾ ਬਣਦੀ। ਬਜ਼ੁਰਗ ਕਿਸਾਨਾਂ ਨੂੰ ਵੀ ਪਾਣੀ ਪੀ ਪੀ ਕੇ ਭਜ ਭਜਾ ਕੇ ਬੁਰੀ ਤਰਾਂ ਕੁੱਟਿਆ ਗਿਆ ਹੈ। ਗੁਰਜੰਟ ਸਿੰਘ ਕਿਸਾਨ ਜਿਸਦੀ ਆਪਣੀ ਅੱਖ ਲਾਠੀਆਂ ਨਾਲ ਭੰਨ ਦਿੱਤੀ ਨੇ ਦੱਸਿਆ ਕਿ ਉਹ ਬਜ਼ੁਰਗ ਕਿਸਾਨਾਂ ਨੂੰ ਬਚਾਉਣ ਲਈ ਉਹਨਾਂ ਦ ਉਪਰ ਪੈ ਗਿਆ ਸੀ। ਤਾਊ ਮਹਿੰਦਰ ਸਿੰਘ ਖ਼ੂਨ ਨਾਲ ਲੱਥ ਪੱਥ ਹੋਣ ਦੇ ਬਾਵਜੂਦ ਚੜਦੀ ਕਲਾ ਵਿੱਚ ਵਿਖਾਈ ਦੇ ਰਿਹਾ ਹੈ। ਪਰਜਾਤੰਤਰ ਦੇ ਤਿੰਨ ਮਹੱਤਵਪੂਰਨ ਅੰਗ ਹੁੰਦੇ ਹਨ। ਵਿਧਾਨਕਾਰ, ਐਗਜੈਕਟਿਵ ਅਤੇ ਜੁਡੀਸ਼ਰੀ। ਵਿਧਾਨਕਾਰ ਅਤੇ ਕਾਰਜਕਾਰਨੀ ਆਪਣੇ ਫਰਜ਼ਾਂ ਤੋਂ ਕੋਤਾਹੀ ਕਰ ਰਹੇ ਹਨ। ਇਸ ਲਈ ਜੁਡੀਸ਼ਰੀ ਦਾ ਫਰਜ ਬਣਦਾ ਹੈ ਕਿ ਉਹ ਵਾਇਰਲ ਹੋਈਆਂ ਵੀਡੀਓਜ਼ ਅਤੇ ਅਖ਼ਬਾਰਾਂ ਦੀ ਖ਼ਬਰਾਂ ਦੇ ਆਧਾਰ ਤੇ ਆਪ ਹੀ ਨੋਟਿਸ ਲੈ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰੇ ਕਿਉਂਕਿ ਜਿਹੜੇ ਅਧਿਕਾਰੀਆਂ ਨੇ ਪਰਜਾ ਦੇ ਹਿਤਾਂ ਦੀ ਰੱਖਿਆ ਕਰਨੀ ਹੁੰਦੀ ਹੈ, ਉਹ ਕਹਿ ਰਿਹਾ ਹੈ ਕਿ ਕਿਸਾਨ ਮਜ਼ਦੂਰਾਂ ਦੇ ਸਿਰ ਪਾੜ ਦਿਓ। ਲੋਕਾਂ ਨੂੰ ਇਨਸਾਫ ਕਿਵੇਂ ਮਿਲੇਗਾ ਜਦੋਂ ਚੋਰ ਤੇ ਕੁੱਤੀ ਆਪਸ



ਉਜਾਗਰ ਸਿੰਘ
91-94178-13072

ਵਿੱਚ ਮਿਲ ਜਾਣ। ਹਰਿਆਣਾ ਦੇ ਕਿਸਾਨਾਂ ਨੇ ਨੂੰਹ ਵਿਖੇ ਮਹਾਂ ਪੰਚਾਇਤ ਕਰਕੇ ਮਹੱਤਵਪੂਰਨ ਫ਼ੈਸਲੇ ਲਏ ਹਨ, ਜਿਹੜੇ ਹਰਿਆਣਾ ਸਰਕਾਰ ਦੀਆਂ ਜੜ੍ਹਾਂ ਵਿੱਚ ਕਿੱਲ ਠੋਕਣਗੇ। ਹੈਰਾਨੀ ਇਸ ਗੱਲ ਦੀ ਹੈ ਕਿ ਖੱਟਰ ਸਰਕਾਰ ਦੀ ਸਹਿਯੋਗੀ ਪਾਰਟੀ ਜੇ ਜੇ ਪੀ ਦੇ ਮੁੱਖੀ ਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਕਿਸਾਨਾਂ ਦੇ ਹਿਤਾਂ ਤੇ ਪਹਿਰਾ ਦੇਣ ਦੀ ਗੱਲ ਕਰ ਰਹੇ ਹਨ। ਇਕ ਕਿਸਮ ਨਾਲ ਲਾਠੀ ਚਾਰਜ ਦੀ ਕਾਰਵਾਈ ਨੂੰ ਸਹੀ ਦਰਸਾ ਰਹੇ ਹਨ। ਇਹ ਵੀ ਕਹਿ ਰਹੇ ਹਨ ਕਿ ਆਯੂਸ਼ ਸਿਨਹਾ ਦੇ ਵਿਰੁਧ ਕਾਰਵਾਈ ਕੀਤੀ ਜਾਵੇਗੀ। ਜੇ ਦੁਸ਼ਿਅੰਤ ਚੌਟਾਲਾ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਖੱਟਰ ਸਰਕਾਰ ਦੀ ਸਪੋਰਟ ਵਾਪਸ ਲੈ ਕੇ ਕਿਸਾਨਾਂ ਨਾਲ ਖੜੇ ਹੋ ਜਾਣ। ਜੇਕਰ ਉਹ ਇੰਝ ਨਹੀਂ ਕਰਦੇ ਤਾਂ ਮੁੜਕੇ ਜੇ ਜੇ ਪੀ ਦਾ ਹਰਿਆਣਾ ਵਿੱਚ ਸਫਾਇਆ ਹੋ ਜਾਵੇਗਾ। ਵੈਸੇ ਜੇ ਜੇ ਪੀ ਵਿੱਚੋਂ ਬਗਾਵਤ ਸ਼ੁਰੂ ਹੋ ਗਈ ਹੈ। ਸੀਨੀਅਰ ਨੇਤਾ ਬੀਬੀ ਸੰਤੋਸ਼ ਦਾਹੀਆ ਨੇ ਕਿਸਾਨਾਂ ਤੇ ਅਣਮਨੁੱਖੀ ਵਿਵਹਾਰ ਕਰਨ ਕਰਕੇ ਅਸਤੀਫਾ ਦੇ ਦਿੱਤਾ ਹੈ। ਹੋਰ ਵੀ ਅਸਤੀਫ਼ੇ ਆਉਣਗੇ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਜੋ ਅੱਜ ਕਲ ਮੇਘਾਲਿਆ ਦੇ ਰਾਜਪਾਲ ਹਨ, ਉਹਨਾਂ ਨੇ ਇਕ ਟੀ ਵੀ ਦੇ ਨੁਮਾਇੰਦੇ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸ਼ਹਿ ਤੋਂ ਬਿਨਾ ਐਸ ਡੀ ਐਮ ਅਜਿਹੀ ਹਰਕਤ ਨਹੀਂ ਕਰ ਸਕਦਾ। ਉਹਨਾਂ ਉਸ ਅਧਿਕਾਰੀ ਦੀ ਬਰਖ਼ਾਸਤਗੀ ਦੀ ਮੰਗ ਕੀਤੀ ਹੈ। ਜੇ ਜੇ ਪੀ ਦੇ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਹਾਲਾਤ ਬਣੀ ਹੋਈ ਹੈ। ਜੇਕਰ ਹਰਿਆਣਾ ਸਰਕਾਰ ਨੇ ਜ਼ਿੰਮੇਵਾਰ ਅਧਿਕਾਰੀਆਂ ਵਿਰੁਧ ਕਾਰਵਾਈ ਨਾ ਕੀਤੀ ਤਾਂ ਹਰਿਆਣਾ ਦੇ ਕਿਸਾਨ ਹਰਿਆਣਾ ਸਰਕਾਰ ਦੇ ਨੱਕ ਵਿੱਚ ਦਮ ਕਰ ਦੇਣਗੇ।

### ਆਦਮਕੱਦ ਬੁੱਤ ਲੱਗਣ 'ਤੇ ਵਿਸ਼ੇਸ਼

# ਜੋਬਨ ਰੁੱਤੇ ਤੁਰਿਆ-ਕਬੱਡੀ ਸਟਾਰ ਮਾਣਕ ਜੋਧਾਂ




ਕਬੱਡੀ ਦੇ ਬਹੁਤ ਚਰਚਿਤ ਅਤੇ ਅੰਤਰ ਰਾਸ਼ਟਰੀ ਕਬੱਡੀ ਸਟਾਰ ਮਾਣਕ ਜੋਧਾਂ ਜਿਸਦੀ 18 ਦਸੰਬਰ 2020 ਨੂੰ ਇਕ ਹਾਦਸੇ ਵਿਚ ਮੌਤ ਹੋ ਗਈ ਸੀ। ਉਹ 44 ਵਰ੍ਹਿਆਂ ਦੇ ਸਨ। ਸਮੂਹ ਇਲਾਕਾ ਨਿਵਾਸੀਆਂ ਵਲੋਂ ਕਬੱਡੀ ਸਟਾਰ ਮਾਣਕ ਜੋਧਾਂ ਦੀ ਯਾਦ ਨੂੰ ਸਦੀਵੀ ਰੱਖਣ ਲਈ ਜਰਖੜ ਖੇਡ ਸਟੇਡੀਅਮ ਵਿਖੇ ਉਨ੍ਹਾਂ ਦਾ ਆਦਮਕੱਦ ਬੁੱਤ ਸਥਾਪਤ ਕੀਤਾ ਜਾ ਰਿਹਾ ਹੈ ਜਿਸ ਦਾ ਉਦਘਾਟਨ ਭਲਕੇ 29 ਅਗਸਤ ਦਿਨ ਐਤਵਾਰ ਨੂੰ ਖੇਡ ਦਿਵਸ ਮੌਕੇ ਤੇ ਸ਼ਾਮ 5 ਵਜੇ ਹੋਵੇਗਾ।

ਕੁਲਦੀਪ ਸਿੰਘ ਦੇ ਨਾਮ ਨਾਲ ਇਕ ਸਧਾਰਨ ਪਰਿਵਾਰ ਵਿਚ ਪੈਦਾ ਹੋਇਆ ਕਬੱਡੀ ਖੇਡ ਦਾ ਮਾਣਕ ਜੋਧਾਂ ਦੇ ਨਾਮ ਨਾਲ ਜਾਣਿਆ ਜਾਣ ਲੱਗਿਆ ਕਬੱਡੀ ਦਾ ਹੋਣਹਾਰ ਖਿਡਾਰੀ ਬਣਿਆ। ਜਿਸਨੇ ਪਿੰਡ ਪੱਧਰ ਦੀ ਕੱਬਡੀ ਤੋਂ ਆਪਣਾ ਖੇਡ ਕੈਰੀਅਰ ਸ਼ੁਰੂ ਕਰਕੇ ਕਬੱਡੀ ਦੇ ਖੇਤਰ ਵਿੱਚ



ਕੈਨੇਡਾ, ਅਮਰੀਕਾ, ਇੰਗਲੈਂਡ ਆਸਟ੍ਰੇਲੀਆ ਅਤੇ ਕਈ ਯੂਰਪੀਨ ਮੁਲਕਾਂ ਵਿੱਚ ਆਪਣੇ ਖੇਡ ਹੁਨਰ ਦੀ ਧਾਂਕ ਜਮਾਈ। ਜਦੋਂ ਗਰਾਊਂਡ ਵਿੱਚੋਂ ਅਵਾਜ਼ ਆਉਂਦੀ "ਲੇ ਬਾਈ ਪੈਨ ਲੱਗੀ ਹੈ ਮਾਣਕ ਜੋਧਾਂ ਦੀ ਰੇਡ "ਤਾਂ ਦਰਸ਼ਕ ਗਰਾਊਂਡ ਦੇ ਬਾਹਰ ਖੜ੍ਹੇ ਪੱਬਾਂ ਭਰ ਹੋ ਜਾਂਦੇ ਸੀ। ਕਿਉਂਕਿ ਉਹ ਬੜੀ ਫੁਰਤੀ ਨਾਲ ਰੈਂਡ ਪਾਉਂਦਾ ਸੀ, ਭਾਵੇਂ ਉਹ ਜਾਫੀਆਂ ਦੇ ਕਲਾਵੇ ਵਿਚ ਤਾਂ ਨਹੀਂ ਆਉਂਦਾ ਸੀ ਪਰ ਮੌਤ ਨੇ ਉਸਨੂੰ ਓਨੀ ਹੀ ਤੇਜ਼ੀ ਨਾਲ ਆਪਣੇ ਕਲਾਵੇ ਵਿਚ ਲਈ ਲਿਆ। ਮੌਤ ਵੀ ਇਕ ਛੋਟਾ ਜਿਹਾ ਬਹਾਨਾ ਬਣ ਕੇ ਆਈ ਕਿ ਮਾਣਕ ਜੋਧਾਂ ਇਕ ਨਿੱਕੇ ਜਿਹੇ ਹਾਦਸੇ ਵਿੱਚ ਹੀ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ ।

ਮਾਣਕ ਜੋਧਾਂ ਬਹੁਤ ਹੀ ਮਿਲਾਪੜੇ, ਸਾਊ ਸੁਭਾਅ ਦੇ, ਮਿੱਠ ਬੋਲੜਾ ਅਤੇ ਕਬੱਡੀ ਨੂੰ ਸਮਰਪਿਤ ਸ਼ਖ਼ਸੀਅਤ ਦਾ ਮਾਲਕ ਸੀ।ਕਬੱਡੀ ਦਾ ਖਿਡਾਰੀ ਹੋਣ ਦੇ ਨਾਲ ਨਾਲ ਕਬੱਡੀ ਦਾ ਪ੍ਰਬੰਧਕ ਤੇ ਉੱਘਾ ਸਮਾਜ ਸੇਵੀ ਸੀ। ਉਸਦੀ ਬੇਵਕਤੀ ਮੌਤ ਨੇ ਉਸਦੇ ਪਰਿਵਾਰ ਉਸਦੇ ਅੰਗੀ ਸਾਥੀਆਂ ਅਤੇ ਇਲਾਕੇ ਨੂੰ ਝਿੰਜੋੜ ਕੇ ਰੱਖ ਦਿੱਤਾ ਸੀ।

ਮਾਣਕ ਜੋਧਾਂ ਦੇ ਅਦਬ ਅਤੇ ਸਤਿਕਾਰ ਨੂੰ ਕਬੱਡੀ ਖੇਡ ਵਿੱਚ ਬਰਕਰਾਰ ਰੱਖਣ ਲਈ ਕਬੱਡੀ ਪ੍ਰੇਮੀਆਂ ਵੱਲੋਂ ਜਰਖੜ ਸਟੇਡੀਅਮ ਵਿਖੇ ਉਨ੍ਹਾਂ ਦੇ ਆਦਮਕੱਦ ਬੁੱਤ ਲਗਾਉਣ ਦੇ ਸਮਾਗਮ ਮੌਕੇ 29 ਅਗਸਤ ਨੂੰ ਕਬੱਡੀ ਅਤੇ ਖੇਡ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ ਉਥੇ ਮਾਣਕ ਜੋਧਾਂ ਦੇ ਪਰਿਵਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਜਾਵੇਗਾ।

# ਜਰਖੜ ਸਟੇਡੀਅਮ ਵਿੱਚ ਕਬੱਡੀ ਸਟਾਰ ਮਾਣਕ ਜੋਧਾਂ ਦੇ ਆਦਮਕੱਦ ਬੁੱਤ ਤੋਂ ਪਰਦਾ ਉਠਾ ਕੇ ਲੋਕਾਂ ਨੂੰ ਕੀਤਾ ਸਮਰਪਿਤ









**ਲੁਧਿਆਣਾ–** ਨੌਜਵਾਨ ਕਬੱਡੀ ਸਟਾਰ ਸਵਰਗੀ ਮਾਣਕ ਜੋਧਾਂ ਦਾ ਆਦਮ ਕੱਦ ਬੁੱਤ ਜੋ ਜਰਖੜ ਖੇਡ ਸਟੇਡੀਅਮ ਵਿਖੇ ਸਥਾਪਿਤ ਕੀਤਾ ਗਿਆ ਅੱਜ ਉਸ ਬੁੱਤ ਤੋਂ ਪਰਦਾ ਹਟਾ ਕੇ ਉਸ ਨੂੰ ਲੋਕਾਂ ਲਈ ਸਮਰਪਿਤ ਕੀਤਾ ਗਿਆ। ਇਸ ਮੌਕੇ ਜਰਖੜ ਖੇਡ ਕੰਪਲੈਕਸ ਵਿਖੇ ਹੋਏ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੈਪਟਨ ਸੰਦੀਪ ਸਿੰਘ ਸੰਧੂ ਰਾਜਸੀ ਸਕੱਤਰ ਮੁੱਖ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਪੁੱਜੇ, ਇਸ ਤੋਂ ਇਲਾਵਾ ਆਦਮ ਕੱਦ ਬੁੱਤ ਤੋਂ ਪਰਦਾ ਉਠਾਉਣ ਦੀ ਰਸਮ ਮੌਕੇ ਮਾਣਕ ਜੋਧਾਂ ਦੇ ਪਿਤਾ ਮਹਿੰਦਰ ਸਿੰਘ ਗਰੇਵਾਲ,ਮਾਤਾ ਤੇਜ ਕੌਰ, ਪਤਨੀ ਹਰਪ੍ਰੀਤ ਕੌਰ ਤੋਂ ਇਲਾਵਾ ਪੂਰਾ ਪਰਿਵਾਰ ਅਤੇ ਕਬੱਡੀ ਦੇ ਰਹਿਨੁਮਾ ਕੋਚ ਅਤੇ ਸਾਬਕਾ ਜ਼ਿਲ੍ਹਾ ਖੇਡ ਅਫਸਰ ਦੇਵੀ ਦਿਆਲ, ਸੁਰਿੰਦਰਪਾਲ ਸਿੰਘ ਟੋਨੀ ਕਾਲਖ , ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਤਰਸੇਮ ਸਿੰਘ ਜੋਧਾਂ ਸਾਬਕਾ ਵਿਧਾਇਕ, ਹਾਕਮ ਸਿੰਘ ਟੋਨਾ ਬਾਰੇਵਾਲਾ ਇਲਾਵਾ ਕਬੱਡੀ ਦੀਆਂ ਤਿੰਨੇ ਖੇਡ ਫੈਡਰੇਸ਼ਨਾਂ ਅਤੇ ਪਿੰਡ ਜੋਧਾਂ ਦੀਆਂ ਪੰਚਾਇਤਾ ਅਤੇ ਕਬੱਡੀ ਕਲੱਬਾਂ ਨੇ ਕਬੱਡੀ ਸਟਾਰ ਮਾਣਕ ਜੋਧਾਂ ਦੇ ਆਦਮਕੱਦ ਬੁੱਤ ਉਤੇ ਫੁੱਲ ਮਾਲਾ ਭੇਟ ਕੀਤੀ , ਹਾਰ ਅਤੇ ਲੋਈਆਂ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਮਾਣਕ ਜੋਧਾਂ ਦੀਆਂ ਕਬੱਡੀ ਪ੍ਰਤੀ ਅਤੇ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਸ ਨੂੰ 21ਵੀ ਸਦੀ ਦੇ ਪਹਿਲੇ ਦਹਾਕੇ ਦਾ ਮਹਾਨ ਖਿਡਾਰੀ ਐਲਾਨਿਆ। ਇਸ ਮੌਕੇ ਮਾਣਕ ਜੋਧਾਂ ਦੇ ਪਰਿਵਾਰ ਨੂੰ ਕੈਪਟਨ ਸੰਦੀਪ ਸਿੰਘ ਸੰਧੂ ਨੇ ਵਿਸ਼ੇਸ਼ ਐਵਾਰਡ ਨਾਲ ਸਨਮਾਨਤ ਕੀਤਾ। ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਬਿੱਲਾ ਲਲਤੋਂ ਨੇ ਆਏ ਮਹਿਮਾਨਾਂ ਅਤੇ ਖਿਡਾਰੀਆਂ ਨੂੰ ਜੀ ਆਇਆ ਆਖਿਆ। ਇਸ ਮੌਕੇ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਦੇ ਮੁੱਖ ਪ੍ਰਬੰਧਕ ਮੋਹਣਾਂ ਜੋਧਾਂ ਅਤੇ ਕਬੱਡੀ ਸਟਾਰ ਪਾਲਾ ਜਲਾਲਪੁਰ ਨੇ ਜਰਖੜ ਟਰੱਸਟ ਅਤੇ ਜੋਧਾ ਨਿਵਾਸੀਆਂ ਨੂੰ ਮਾਣਕ ਜੋਧਾਂ ਦਾ ਆਦਮਕੱਦ ਬੁੱਤ ਸਥਾਪਤ ਹੋਣ ਤੇ ਵਿਸ਼ੇਸ ਵਧਾਈ ਦਿੱਤੀ। ਇਸ ਮੌਕੇ ਮਾਣਕ ਜੋਧਾਂ ਦੇ ਆਦਮਕੱਦ ਬੁੱਤ ਨੂੰ ਵੇਖਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਕਬੱਡੀ ਪ੍ਰੇਮੀ ਅਤੇ ਖਿਡਾਰੀ ਉਮੜੇ। ਇਸ ਮੌਕੇ ਸਰਪੰਚ ਅਮਰਜੀਤ ਸਿੰਘ ਜੋਧਾਂ, ਜਗਦੇਵ ਸਿੰਘ ਸਾਬਕਾ ਸਰਪੰਚ, ਤਰਨ ਜੋਧਾਂ, ਰਾਣਾ ਜੋਧਾਂ, ਮੰਦਰ ਜੋਧਾਂ,ਅੰਤਰਰਾਸ਼ਟਰੀ ਕਬੱਡੀ ਕੁਮੈਂਟੇਟਰ ਰੁਪਿੰਦਰ ਸਿੰਘ ਜਲਾਲ, ਉੱਘੇ ਕਬੱਡੀ ਲੇਖਕ ਸਰਬਾ ਦਿਓਲ, ਮਨਜੀਤ ਸਿੰਘ ਮੋਹਲਾ ਖਡੂਰ, ਨਿਰਮਲ ਸਿੰਘ ਨਿੰਮਾ ਸਰਪੰਚ ਡੇਹਲੋਂ, ਮਨਜੀਤ ਸਿੰਘ ਜਵੰਧਾ ਸ਼ੰਕਰ, ਪ੍ਰੇਮ ਝੁਨੇਰ, ਇੰਸਪੈਕਟਰ ਬਲਵੀਰ ਸਿੰਘ ਹੀਰ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਰਪੰਚ ਪਹਿਲਵਾਨ ਉਪਦੇਸ਼ ਸਿੰਘ, ਮਲਕੀਤ ਸਿੰਘ ਆਲਮਗੀਰ, ਸਰਪੰਚ ਤਰਲੋਚਨ ਸਿੰਘ ਲਲਤੋਂ ਕਲਾਂ, ਚੰਨੀ ਬੀਹਲਾ, ਗੁਰਮੀਤ ਸਿੰਘ ਬੂਟਾ ਗਿੱਲ, ਰਾਜਵਿੰਦਰ ਸਿੰਘ ਗਿੱਲ ਸ਼ਾਮ ਲਾਲ ਢੀਂਗਰਾ , ਪਹਿਲਵਾਨ ਹਰਮੇਲ ਸਿੰਘ ਕਾਲਾ, ਕੁਮੈਂਟੇਟਰ ਗੁਰਪ੍ਰੀਤ ਸਿੰਘ ਬੇਰਕਲਾਂ, ਬਲਕਾਰ ਸਿੰਘ ਲਲਤੋਂ ਕਲਾਂ, ਬਾਸੀ ਲਲਤੋਂ, ਰਣਜੀਤ ਸਿੰਘ ਲੱਲ ਕਲਾਂ, ਹਰਜੀਤ ਸਿੰਘ ਲੱਲਕਲਾਂ, ਦਿਲਬਾਗ ਸਿੰਘ ਗਰੇਵਾਲ ,ਸਰਬੀ ਥਰੀਕੇ, ਹਰਜੀਤ ਚੋਹਲਾ, ਪਵਿੱਤਰ ਖੰਨਾ, ਧਨਜੀਤ ਸਿੰਘ ਜੋਧਾਂ, ਚਮਕੌਰ ਸਿੰਘ ਉੱਭੀ, ਦਵਿੰਦਰ ਲਲਤੋਂ, ਦਵਿੰਦਰ ਰਾਏਕੋਟ ,ਗੀਤਾ ਸੁਧਾਰ, ਸੰਦੀਪ ਜੰਡ, ਸਿਕੰਦਰ ਭਲਵਾਨ ਅਕਾਲਗੜ੍ਹ, ਜਸਵਿੰਦਰ ਦਾਦ, ਸਰਪੰਚ ਸੰਨੀ ਫੁੱਲਾਂਵਾਲ, ਸੰਦੀਪ ਸੇਖੋਂ ,ਹਨੀ ਗਿੱਲ ਸੰਦੀਪ ਧਾਲੀਵਾਲ, ਹੀਪਾ ਰੰਗੀ, ਸੰਦੀਪ ਜੋਧਾ, ਮਾਣਕ ਜੋਧਾਂ ਦੇ ਦਾਦਾ ਬਚਿੱਤਰ ਸਿੰਘ, ਚਾਚਾ ਮੇਜਰ ਸਿੰਘ, ਸਹੁਰਾ ਬੇਅੰਤ ਸਿੰਘ ,ਕੁਲਦੀਪ ਸਿੰਘ, ਹਰੀ ਸਿੰਘ ਅੜੈਚਾਂ ਹਰਭਜਨ ਸਿੰਘ, ਡਾ ਜਸਕਰਨ ਸਿੰਘ ਬੇਟੀ ਗੁਰਸਹਿਜ ਕੌਰ, ਕਬੱਡੀ ਸਟਾਰ ਜਸ਼ਨ ਆਲਮਗੀਰ, ਬਿੰਦੂ ਰਣੀਆ ਸੰਤੂ ਰੱਤੋਵਾਲ, ਜੱਸਾ ਭਲਵਾਨ, ਮਨਦੀਪ ਗਰੇਵਾਲ ,ਹਨੀ ਕਿਲ੍ਹਾ ਰਾਏਪਰ ,ਜੱਸੀ ਕਿਲਾ ਰਾਇਪੁਰ, ਰਾਣਾ ਬੀਕਾਨੇਰੀਆ ਜੋਧਾਂ, ਰਾਣਾ ਆੜ੍ਹਤੀਆ, ਕਬੱਡੀ ਸਟਾਰ ਗੋਗੀ ਜੋਧਾਂ, ਗਗਨ ਜੋਧਾਂ, ਸਤੀਸ਼ ਜੋਧਾਂ, ਮੀਕਾ ਜੋਧਾਂ, ਮਨਦੀਪ ਸਿੰਘ ਗਰੇਵਾਲ ਜਿੰਮ ,ਸਾਬਕਾ ਕਬੱਡੀ ਸਟਾਰ ਦੇਵ ਖਡੂਰ, ਸਰਬਾ ਕੁਰੜ, ਪਰਮਜੀਤ ਪੰਮਾ ਜੋਧਾ, ਸੋਨੀ ਲਲਤੋਂ, ਗੁਰਜੀਤ ਸਿੰਘ ਜੋਧਾਂ, ਅਰਸ਼ ਖਡੂਰ, ਮਿੱਠਾ ਦੇਧਨਾ, ਕਾਕਾ ਦੇਧਨਾ ਗੁਰਭਵਨ ਕੁਲਾਰ, ਹਰਪ੍ਰੀਤ ਸਿੱਧੂ, ਸਿਮਰਨਜੀਤ ਜਾਂਗਪੁਰ, ਪਿੰਦਰ ਸੇਖੋਂ ਹਰਪ੍ਰੀਤ ਸਿੰਘ ਟੂਸੇ ਗੁਰਸਤਿੰਦਰ ਸਿੰਘ ਪਰਗਟ ,ਸਰਬਜੀਤ ਸਿੰਘ ਸਾਬੀ ਜਰਖੜ ਰਜਿੰਦਰ ਸਿੰਘ ਜਰਖੜ, ਲਖਬੀਰ ਸਿੰਘ ਜਰਖੜ, ਯਾਦਵਿੰਦਰ ਸਿੰਘ ਤੂਰ ਆਦਿ ਹੋਰ ਇਲਾਕੇ ਦੀਆਂ ਸ਼ਖਸੀਅਤਾਂ ਖੇਡ ਪ੍ਰੇਮੀ ਵੱਡੀ ਗਿਣਤੀ ਵਿਚ ਹਾਜ਼ਰ ਸਨ ਇਸ ਮੌਕੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਵਾਰ ਦਸੰਬਰ ਮਹੀਨੇ ਵਿੱਚ ਮਾਣਕ ਜੋਧਾਂ ਨੂੰ ਸਮਰਪਿਤ ਕਬੱਡੀ ਕੱਪ ਅਤੇ ਆਲ ਇੰਡੀਆ ਪੱਧਰ ਦਾ ਮਹਿੰਦਰਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਟੂਰਨਾਮੈਂਟ ਅਤੇ ਜਰਖੜ ਖੇਡ ਫੈਸਟੀਵਲ ਵੱਡੇ ਪੱਧਰ ਤੇ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਸਮਰਪਿਤ ਖੇਡ ਦਿਵਸ ਨੂੰ ਵੀ ਖੇਡ ਭਾਵਨਾ ਦੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਇਆ ਗਿਆ।

**– ਜਗਰੂਪ ਸਿੰਘ ਜਰਖੜ**

# ਜਰਖੜ ਹਾਕੀ ਅਕੈਡਮੀ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਨ ਖੇਡ ਭਾਵਨਾ ਨਾਲ ਮਨਾਇਆ

**ਲੁਧਿਆਣਾ** – ਜਰਖੜ ਹਾਕੀ ਅਕੈਡਮੀ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਨ ਖੇਡ ਦਿਵਸ ਵਜੋਂ ਖੇਡ ਭਾਵਨਾ ਅਤੇ ਬਹੁਤ ਹੀ ਸਤਿਕਾਰ ਨਾਲ ਮਨਾਇਆ। ਜਰਖੜ ਖੇਡ ਸਟੇਡੀਅਮ ਵਿਖੇ ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਸਥਾਪਤ ਆਦਮਕੱਦ ਬੁੱਤ ਉੱਤੇ ਅਕੈਡਮੀ ਦੇ ਖਿਡਾਰੀਆਂ ਨੇ ਫੁੱਲਮਾਲਾ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਕੈਪਟਨ ਸੰਦੀਪ ਸਿੰਘ ਸੰਧੂ ਰਾਜਸੀ ਸਕੱਤਰ ਮੁੱਖ ਮੰਤਰੀ ਪੰਜਾਬ ਨੇ ਵੀ ਧਿਆਨ ਚੰਦ ਦੀ ਮੂਰਤੀ ਨੂੰ ਸਿਜਦਾ ਕੀਤਾ ਅਤੇ ਬੱਚਿਆਂ ਨੂੰ ਹਾਕੀ ਦੇ ਮਹਾਨ



ਖਿਡਾਰੀ ਬਣਨ ਲਈ ਪ੍ਰੇਰਿਆ। ਜਰਖੜ ਹਾਕੀ ਅਕੈਡਮੀ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਹਾਕੀ ਦਾ ਇੱਕ ਪ੍ਰਦਰਸ਼ਨੀ ਮੈਚ ਵੀ ਕਰਵਾਇਆ ਗਿਆ ਜਿਸ ਵਿੱਚ ਜਰਖੜ ਅਕੈਡਮੀ ਅਤੇ ਘਵੱਦੀ ਸਕੂਲ ਦੀਆਂ ਟੀਮਾਂ 3-3 ਗੋਲਾਂ ਤੇ ਬਰਾਬਰ ਖੇਡੀਆਂ।

ਇਸ ਮੌਕੇ ਜਰਖੜ ਕੈਨੇਡਾ ਦੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਕੋਚ ਗੁਰਸਤਿੰਦਰ ਸਿੰਘ ਪਰਗਟ, ਰਾਜਿੰਦਰ ਸਿੰਘ ਜਰਖੜ਼, ਸੰਦੀਪ ਸਿੰਘ ਪੰਧੇਰ , ਪ੍ਰੋ ਰਜਿੰਦਰ ਸਿੰਘ ਖ਼ਾਲਸਾ ਕਾਲਜ ਲੁਧਿਆਣਾ, ਲਖਵੀਰ ਸਿੰਘ ਜਰਖੜ ਰਜਿੰਦਰ ਸਿੰਘ ਜਰਖੜ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਤਰਨ ਜੋਧਾਂ, ਰਾਣਾ ਜੋਧਾਂ, ਸਾਹਿਬਜੀਤ ਸਾਬੀ ਜਰਖੜ, ਜਤਿੰਦਰਪਾਲ ਸਿੰਘ ਵਿੱਕੀ, ਗੁਰਿੰਦਰਪਾਲ ਸਿੰਘ ਗੁਰੀ ਜਰਖੜ, ਰਘਵੀਰ ਸਿੰਘ ਡੰਗੋਰਾ, ਲਵਜੀਤ ਸਿੰਘ, ਜਗਦੇਵ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿਚ ਹਾਜ਼ਰ ਸਨ।


# ਚਰਨਜੀਤ ਸਿੰਘ ਪਨੂੰ ਦਾ 'ਮਿੱਟੀ ਦੀ ਮਹਿਕ' ਪਾਕਿਸਤਾਨ ਸਫ਼ਰਨਾਮਾ

ਪੰਜਾਬੀ ਸਾਹਿਤ ਵਿੱਚ ਜਾਣਿਆ ਪਛਾਣਿਆ ਨਾਂ ਹੈ ਸ. ਚਰਨਜੀਤ ਸਿੰਘ ਪਨੂੰ, ਹੁਣ ਤੱਕ 8 ਸਫ਼ਰਨਾਮੇ ਸਹਿਤ ਜਗਤ ਦੀ ਝੋਲੀ ਪਾ ਚੁੱਕੇ ਹਨ, 25 ਦੇ ਲਗਭਗ ਉਹਨਾਂ ਦੀਆਂ ਪੁਸਤਕਾਂ ਆ ਚੁੱਕੀਆਂ ਹਨ, ਜਿਹਨਾਂ ਵਿੱਚ ਨਾਵਲ,ਸਫ਼ਰਨਾਮਾ ਕਹਾਣੀ ਸੰਗ੍ਰਹਿ, ਕਾਵਿ ਸੰਗ੍ਰਹਿ ਹਿੰਦੀ ਸਫ਼ਰਨਾਮਾ,ਲੇਖਕ ਕੇਵਲ ਬਾਹਰੀ ਅੱਖਾਂ ਨਾਲ ਹੀ ਨਹੀਂ ਦੇਖਦਾ ਤੇ ਦਿਮਾਗ ਨਾਲ ਹੀ ਨਹੀਂ ਸੋਚਦਾ ,ਬਲਕਿ ਉਹ ਤਾਂ ਮਨ ਦੀਆਂ ਅੱਖਾਂ ਨਾਲ ਵੀ ਨੀਝ ਲਾ ਕੇ ਹਰ ਸ਼ੈਅ ਨੂੰ ਵੱਖਰੇ ਨਜ਼ਰੀਏ ਨਾਲ ਦੇਖਦਾ ਹੈ।

ਚਰਨਜੀਤ ਸਿੰਘ ਪਨੂੰ ਦੀ ਪਾਕਿਸਤਾਨ ਫੇਰੀ ਦਾ ਇਹ ਨਿਵੇਕਲਾ ਚਿਤਰਣ ਰੀਝ ਨਾਲ ਪੜਨ ਤੇ ਵਿਚਾਰਨਯੋਗ ਹੈ । ਇਸ ਵਿੱਚ 1947 ਦੀ ਭਾਰਤ ਪਾਕਿਸਤਾਨ ਵੰਡ ਦੌਰਾਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਵੇਰਵਿਆਂ ਨੂੰ ਦਰਸਾਇਆ ਗਿਆ ਹੈ। 1947 ਦੀ ਵੰਡ ਨੇ ਐਸੀ ਲਕੀਰ ਖਿੱਚੀ ਕਿ ਭਰਾਵਾਂ ਵਾਂਗੂੰ ਵੱਸਦੇ ਸੱਤ ਬੇਗਾਨੇ ਹੋ ਗਏ । ਹਕੂਮਤ ਨੇ ਪਾਕ ਪਵਿੱਤਰ ਰਿਸ਼ਤਿਆਂ ਵਿਚੋਂ ਆਪਣੀਆਂ ਰੋਟੀਆਂ ਸੇਕੀਆਂ । ਬਹੁਤ ਸਾਰੇ ਬਜ਼ੁਰਗ ਆਪਣੀ ਜੰਮਣ ਭੋਇੰ ਨੂੰ ਵੇਖਣ ਤੋਂ ਤਰਸਦੇ ਹੀ ਰੁਖ਼ਸਤ ਹੋ ਗਏ।

ਦੇਸ਼ ਦੀ ਵੰਡ ਦਾ ਸਭ ਤੋਂ ਵੱਡਾ ਘਾਟਾ ਸਿੱਖਾ ਨੂੰ ਪਿਆ। ਜ਼ਿਆਦਾ ਤੀਰਥ ਅਸਥਾਨ ਪਾਕਿਸਤਾਨ ਵਿੱਚ ਰਹਿ ਗਏ ਜਦ ਕਿ ਸਿੱਖ ਭਾਰਤ ਆ ਗਏ। ਸਿੱਖਾਂ ਦਾ ਇਤਿਹਾਸ, ਸੱਭਿਆਚਾਰ, ਅਮੀਰ ਵਿਰਸੇ ਦੀ ਜੜ ਪਾਕਿਸਤਾਨ ਵਿੱਚ ਹੈ। ਲਾਹੌਰ, ਨਨਕਾਣਾ ਸਾਹਿਬ, ਕਰਤਾਰਪੁਰ, ਪੰਜਾ ਸਾਹਿਬ ਤੇ ਹੋਰ ਬਹੁਤ ਸਾਰੇ ਗੁਰਦਵਾਰੇ ਪਾਕਿਸਤਾਨ ਵਿੱਚ ਹੈ।

ਪੰਜਾਬੀ ਭਾਸ਼ਾ ਸਹਿਤ ਤੇ ਸੱਭਿਆਚਾਰ ਦਾ ਵਿਰਸਾ ਅਜੇ ਵੀ ਪਾਕਿਸਤਾਨ ਨੇ ਸੰਭਾਲ ਕੇ ਰੱਖਿਆ ਹੋਇਆ ਹੈ। ਲਾਹੌਰ ਕਿਸੇ ਸਮੇਂ ਸਰਕਾਰੇ ਖ਼ਾਲਸਾ ਦੀ ਰਾਜਧਾਨੀ ਰਿਹਾ ਹੈ ਸਿੱਖ ਰਾਜ ਆਖਰੀ ਨਿਸ਼ਾਨੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਕਿਲਾ ਅੱਜ ਵੀ ਬਹੁਤ ਸੰਭਾਲ ਕੇ ਰਖਿਆ ਹੋਇਆ ਹੈ। ਚਰਨਜੀਤ ਸਿੰਘ ਪਨੂੰ ਜੀ ਆਪਣੇ ਪਰਿਵਾਰ ਨਾਲ ਇਹ ਯਾਤਰਾ 15 ਦਸੰਬਰ ਤੋਂ 24 ਦਸੰਬਰ 2016 ਨੂੰ ਕੀਤੀ




ਆਪਣੀ ਮਾਤਾ ਜੀ ਨੂੰ ਲੈ ਕੇ ਗਏ ਜੋ 2016 ਵਿੱਚ 93 ਵਰਿਆਂ ਦੇ ਸਨ ਉਹਨਾਂ ਨੂੰ ਪਿੰਡ ਸਖੀਰਾ ਵਿਖਾਉਣਾ ਸੀ, ਅਤੇ ਪੇਕਾ ਪਿੰਡ ਜਗਦੇਵ ਚੱਕ 41। ਸਫ਼ਰਨਾਮਾ ਵਿੱਚ 10 ਚੈਪਟਰ ਹਨ ਜਿਸ ਵਿੱਚ ਸਫ਼ਰ ਦਾ ਸਬੱਬ ਕਿਉਂ ਬਣਿਆ, ਗੁਰਦੁਆਰਾ ਬੇਰ ਸਾਹਿਬ , ਜਨਮ ਅਸਥਾਨ ਗੁਰੂ ਰਾਮਦਾਸ ਜੀ, ਗੁਰਦੁਆਰਾ ਲਾਲ ਖੂਹ, ਜਨਮ ਅਸਥਾਨ ਨਨਕਾਣਾ ਸਾਹਿਬ, ਵਾਹਗਾ ਬਾਰਡਰ ਵੱਲ ਤਿਆਰੀ, ਕਾਨਾ ਪਿੰਡ ਦੀ ਬੋਗੋ ਨਾਰ, ਛੱਜੂ ਦਾ ਚੁਬਾਰਾ ਦਿੱਲੀ ਗੇਟ, ਸਮਾਧ ਮਹਾਰਾਜਾ ਰਣਜੀਤ ਸਿੰਘ, ਟੋਭਾ ਟੇਕ ਸਿੰਘ, ਬੁੱਲੇ ਸ਼ਾਹ, ਸ਼ਹੀਦ ਭਗਤ ਸਿੰਘ, ਸੰਧੂ ਹਵੇਲੀ ਬੰਗਾ,ਮਾਂ ਬੋਲੀ ਰਿਸਰਚ ਸੈਂਟਰ ਲਾਹੌਰ ।



**ਅਰਵਿੰਦਰ ਸੰਧੂ**
**ਸਿਰਸਾ, ਹਰਿਆਣਾ**

ਇਹ ਸਫ਼ਰਨਾਮਾ ਸਵੈ ਜੀਵਨੀ, ਨਿਬੰਧ ਕਵਿਤਾ, ਕਹਾਣੀ, ਇਤਿਹਾਸ, ਪੁਸਤਕ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦੀ ਵਿਚਲੀ ਸਰਲ ਭਾਸ਼ਾ ਹੈ ਜੋ ਕਿ ਪਾਠਕ ਨੂੰ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ,ਇਸ ਤਰਾਂ 10 ਦਿਨਾਂ ਦੀ ਯਾਤਰਾ ਦੌਰਾਨ ਨਾ ਭੁੱਲਣਯੋਗ ਯਾਦਾਂ ਦਾ ਸਰਮਾਇਆ ਤੇ ਸੱਜਣਾਂ ਦੀ ਬੇਤਹਾਸ਼ਾ ਮੁਹੱਬਤ ਦਿਲਾਂ ਵਿੱਚ ਲੈ ਕੇ,ਫੇਰ ਮਿਲਣ ਦੀ ਤਾਂਘ ਨਾਲ ਲਹਿੰਦੇ ਪੰਜਾਬ ਤੋਂ ਚਰਨਜੀਤ ਸਿੰਘ ਪਨੂੰ ਹੁਣਾਂ ਵਿਦਾਇਗੀ ਲਈ ।

ਦੁਆ ਕਰਦੀ ਹਾਂ ਚਰਨਜੀਤ ਸਿੰਘ ਪਨੂੰ ਦੀ ਕਲਮ ਨਿਰੰਤਰ ਕਾਰਜਸ਼ੀਲ ਰਹੇ ਅੰਤ ਵਿੱਚ ਸ਼ੁੱਭ-ਕਾਮਨਾਵਾਂ!

# ਬਸਪਾ ਦੀ ਫਗਵਾੜਾ ਰੈਲੀ ਦੇ ਸੰਦਰਭ ਵਿੱਚ (ਅੱਖੀਂ ਡਿੱਠਾ ਹਾਲ ਤੇ ਅਨੁਭਵ)

**(ਸਫਾ 6 ਦੀ ਬਾਕੀ)**

**ਪੰਜਾਬ 'ਚ ਪਹਿਲਾ ਗਠਜੋੜ ਬਣਿਆ**

12 ਜੂਨ 2021 ਨੂੰ ਚੰਡੀਗੜ੍ਹ ਵਿਖੇ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਤੋਂ ਬਾਅਦ ਸ੍ਰੀ ਸਤੀਸ਼ ਕੁਮਾਰ ਮਿਸ਼ਰਾ ਨੇ ਪੰਜਾਬ ਵਿੱਚ ਬਸਪਾ ਤੇ ਅਕਾਲੀ ਦਲ ਦਾ ਸਾਲ 2022 ਦੀਆਂ ਚੋਣਾਂ ਲਈ ਗਠਜੋੜ ਦਾ ਐਲਾਨ ਕੀਤਾ ਸੀ ਜਿਸ ਤਹਿਤ 117 ਵਿਧਾਨ ਸਭਾ ਵਾਲੀ ਵਿਧਾਨ ਸਭਾ ਲਈ 97 ਸੀਟਾਂ ਤੇ ਅਕਾਲੀ ਦਲ ਤੇ 20 ਸੀਟਾਂ ਤੇ ਬੀ.ਐਸ.ਪੀ. ਵਲੋਂ ਲੜਨ ਦਾ ਫੈਸਲਾ ਕੀਤਾ ਗਿਆ ਸੀ। ਜਿਸ ਉਪਰੰਤ ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ ਤੇ ਹੋਰ ਕਈ ਨੇਤਾਵਾਂ ਵਲੋਂ ਗਠਜੋੜ ਤੇ ਟਿੱਪਣੀ ਕਰਦਿਆਂ ਬੀ.ਐਸ.ਪੀ ਨੂੰ ਚਮਕੌਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਵਾਲੀਆਂ ਸੀਟਾਂ ਦੇ ਸੰਦਰਭ ਵਿੱਚ ਅਪਵਿੱਤਰ ਗੈਰ ਪੰਥਕ ਵਰਗੇ ਘਟੀਆ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ ਤੇ ਆਪ ਆਗੂ ਵਲੋਂ ਭਾਰਤੀ ਸੰਵਿਧਾਨ ਨੂੰ ਹੀ ਗਲਤ ਕਹਿਣ ਤੇ 'ਅਲਖ ਜਗਾਓ' ਰੈਲੀ ਨੂੰ ਜਨਮ ਦਿੱਤਾ, ਉੱਥੇ ਇਹ ਰੈਲੀ ਪੰਜਾਬ ਦੀ ਰਾਜਨੀਤੀ 'ਚ ਕਿਸੇ ਪਾਰਟੀ ਵਲੋਂ ਕੀਤੀ ਪਹਿਲੀ ਵੱਡੀ ਰੈਲੀ ਗਠਜੋੜ ਦੀ ਮਹਾਂ ਰੈਲੀ 'ਚ ਤਬਦੀਲ ਹੋ ਗਈ।

**ਨਵਾਂ ਸਿਆਸੀ ਮਾਹੌਲ**

ਜਿੱਥੇ ਇਹ ਗਠਜੋੜ ਦੀ ਪਹਿਲੀ ਹੀ ਵੱਡੀ ਇਤਿਹਾਸਕ ਰੈਲੀ ਹੋ ਨਿਬੜੀ, ਉੱਥੇ ਜੈ ਭੀਮ-ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਦੇ ਜੈਕਾਰੇ ਲੱਗਦੇ ਰਹੇ। ਉੱਥੇ ਦੋਵੇਂ ਪਾਰਟੀਆਂ ਦੇ ਨੀਲੇ ਤੇ ਪੀਲੇ ਝੰਡੇ ਧਿਆਨ ਖਿੱਚ ਰਹੇ ਸਨ, ਉੱਥੇ ਟੈਂਟ ਵੀ ਨੀਲੇ ਪੀਲੇ ਰੰਗ 'ਚ ਰੰਗਿਆ ਹੋਇਆ ਨਜਰ ਆਇਆ। ਹਾਲ ਦੀ ਘੜੀ ਬਸਪਾ ਤੇ ਸ੍ਰੋਮਣੀ ਅਕਾਲੀ ਦਲ ਗਠਜੋੜ ਪਹਿਲੀ ਵੱਡੀ ਕਾਨਫਰੰਸ ਕਰਨ 'ਚ ਪਹਿਲਕਦਮੀ ਕਰ ਗਿਆ।

**ਗਾਇਕਾਂ ਵਲੋਂ ਜਾਗਣ ਦਾ ਵੇਲਾ...**

(1) ਸਿੰਗਰ ਰੂਪ ਲਾਲ ਧੀਰ (ਜਾਗੋ ਜਾਗਣ ਦਾ ਵੇਲਾ), (2) ਰਾਜ ਦਦਰਾਲ (ਜੇ ਸਾਥੀਓ ਰੰਗਲਾ ਪੰਜਾਬ ਚਾਹੁੰਦੇ ਹੋ), (3) ਬਲਵਿੰਦਰ ਬਿੱਟੂ, (4) ਮਾਨਵ ਬੰਗੜ ਦਲਿਤਾ ਜਾਗ ਬਈ ਹੁਣ ਜਾਗੋ ਆਈ ਆ, (5) ਮਨਦੀਪ ਮਨੀ ਮਾਲਵਾ ਘਰ-2 ਅਲਖ ਜਗਾਈਏ ਹੁਣ ਹਾਥੀ ਤੇ ਚੜ੍ਹਕੇ, (6) ਪ੍ਰੇਮ ਲਤਾ ਬਾਬਾ ਸਾਹਿਬ ਦੀ ਉਂਗਲੀ ਦਾ ਸਮਝੋ ਸੰਸਦ ਵੱਲ ਇਸ਼ਾਰਾ, (7) ਕਮਲ ਤੱਲਣ ਤਖਤ ਬਦਲ ਦਿਓ ਤਾਜ ਬਦਲ ਦਿਓ ਬੇਇਮਾਨਾਂ ਦਾ ਰਾਜ ਬਦਲ ਦਿਓ, (8) ਮਲਕੀਤ ਬੰਬੇਲ ਗੱਭਰੂ ਚੋਂ ਬੋਲੇ ਕਾਂਸ਼ੀ ਰਾਮ ਸੂਰਮਾ, (9) ਰਾਣੀ ਅਰਮਾਨ ਜੈ ਜੈ ਕਾਰ ਭੀਮ ਮਹਾਨ ਦੀ, (10) ਹਰਨਾਮ ਸਿੰਘ ਬਹਿਲਪੁਰੀ ਕਾਂਸ਼ੀ ਰਾਮ ਸੂਰਮਾ ਆਦਿ ਗਾਇਕਾਂ ਨੇ ਮਿਸ਼ਨਰੀ ਗੀਤਾਂ ਰਾਹੀਂ ਵਰਕਰਾਂ ਦਾ ਮਨੋਬਲ ਵਧਾਇਆ।

**ਗੜ੍ਹੀ ਲਈ ਚੁਣੌਤੀਆਂ ਤੇ ਪਰਖ ਦਾ ਵੇਲਾ**

ਐਨਾ ਸੌਖਾ ਨਹੀਂ ਜਸਵੀਰ ਗੜ੍ਹੀ ਲਈ ਗਠਜੋੜ ਦੀ ਰਾਜਨੀਤੀ ਦਾ ਸਫਰ। ਬਹੁਤ ਸਾਰੀਆਂ ਚਣੌਤੀਆਂ ਹਨ। ਸਮਝੌਤੇ ਤਹਿਤ 20 ਸੀਟਾਂ ਤੇ ਜਿੱਤ ਪ੍ਰਾਪਤ ਕਰਨੀ ਤੇ ਖੁਦ ਦੀ ਫਗਵਾੜਾ ਸੀਟ ਬਚਾਉਣੀ।

ਬੇਸ਼ੱਕ ਗੜ੍ਹੀ ਦੂਰ ਅੰਦੇਸ਼ੀ ਹੈ ਤੋੜਨ ਨਾਲੋਂ ਜੋੜਨ ਨੂੰ ਤਰਜੀਹ ਦਿੰਦਾ ਹੈ ਪਰ ਅਜੇ ਵੀ ਨਰਾਜਗੀਆਂ ਪੂਰੀ ਤਰ੍ਹਾਂ ਦੂਰ ਨਹੀਂ ਹੋਈਆਂ ਕਿਉਂ ਕਿ ਹਰ ਮੋੜ ਤੇ ਸਲੀਖਾਂ, ਹਰ ਮੋੜ ਤੇ ਹਨੇਰਾ ਫਿਰ ਵੀ ਅਸੀਂ ਰੁਕੇ ਨਾ ਤੂੰ ਸਾਡਾ ਵੇਖ ਜੇਰਾ ਦਾ ਇੱਥੇ ਜਿਕਰ ਕਰਨਾ ਕਾਬਲੇ ਗੌਰ ਹੈ। ਕਦੇ ਹਨੇਰੇ ਨੇ ਚਾਨਣ ਨੂੰ ਕਿਹਾ ਕਿ ਤੂੰ ਨਾ ਚੜ੍ਹ।

# ਟੋਕਿਓ ਪੈਰਾਓਲੰਪਿਕ 'ਚ ਚੀਨ ਪਹਿਲੇ, ਅਮਰੀਕਾ ਦੂਜੇ ਸਥਾਨ 'ਤੇ

**ਟੋਕੀਓ (ਬਿਊਰੋ)-** ਟੋਕੀਓ ਵਿਖੇ ਚੱਲ ਰਹੀਆਂ ਪੈਰਾਉਲੰਪਿਕ ਖੇਡਾਂ ਵਿਚ ਹੁਣ ਤੱਕ 64 ਗੋਲਡ ਮੈਡਲ ਜਿੱਤ ਕੇ ਚੀਨ ਪਹਿਲੇ ਸਥਾਨ ਤੇ ਹੈ, ਜਦਕਿ 29 ਗੋਲਡ ਮੈਡਲ ਜਿੱਤ ਕੇ ਅਮਰੀਕਾ ਦੂਜੇ ਸਥਾਨ 'ਤੇ ਹੈ। ਇਹਨਾਂ ਖੇਡਾਂ ਵਿਚ ਭਾਰਤ ਨੂੰ ਹੁਣ ਤੱਕ 10 ਮੈਡਲ ਮਿਲੇ ਹਨ।



ਭਾਰਤ ਦਾ ਟੋਕਿਓ ਪੈਰਾਓਲੰਪਿਕ 'ਚ ਸ਼ਾਨਦਾਰ ਪ੍ਰਦਰਸ਼ਨ ਜਾਰੀ ਹੈ। ਭਾਰਤੀ ਐਥਲੀਟ ਮਰੀਯੱਪਨ ਨੇ ਉੱਚੀ ਛਲਾਂਗ 'ਚ ਦੇਸ਼ ਨੂੰ ਸਿਲਵਰ ਮੈਡਲ ਦਿਵਾਇਆ ਹੈ। ਮੰਗਲਵਾਰ ਨੂੰ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਫਾਈਨਲ 'ਚ ਥਾਂ ਬਣਾਉਣ ਵਾਲੇ ਪੈਰਾ ਐਥਲੀਟ ਨੇ ਪੁਰਸ਼ਾਂ ਦੀ ਉੱਚੀ ਛਾਲ ਟੀ 63 'ਚ ਸਿਲਵਰ ਮੈਡਲ 'ਤੇ ਕਬਜ਼ਾ ਜਮਾਇਆ। ਇਸੀ ਇਵੈਂਟ 'ਚ ਸ਼ਰਦ ਕੁਮਾਰ ਨੇ ਤੀਸਰਾ ਸਥਾਨ ਹਾਸਿਲ ਕਰਦੇ ਹੋਏ ਕਾਂਸੇ ਦਾ ਤਮਗਾ ਆਪਣੇ ਨਾਮ ਕੀਤਾ। ਪੋਡੀਅਮ 'ਤੇ ਦੋ ਭਾਰਤੀਆਂ ਨੇ ਥਾਂ ਬਣਾਉਂਦੇ ਹੋਏ ਦੇਸ਼ ਦਾ ਨਾਮ ਰੋਸ਼ਨ ਕੀਤਾ। ਜਾਪਾਨ ਦੀ ਰਾਜਧਾਨੀ ਟੋਕਿਓ 'ਚ ਜਾਰੀ ਪੈਰਾਓਲੰਪਿਕ 'ਚ ਭਾਰਤ ਨੇ ਹੁਣ ਤਕ ਦਾ ਸਭ ਤੋਂ ਬਿਹਤਰੀਨ ਖੇਡ ਦਿਖਾਉਂਦੇ ਹੋਏ ਮੈਡਲਾਂ ਦੀ ਗਿਣਤੀ ਦੋਹਰੇ ਅੰਕ ਤਕ ਪਹੁੰਚਾ ਦਿੱਤੀ ਹੈ। ਭਾਰਤ ਨੇ ਮੰਗਲਵਾਰ ਨੂੰ ਉੱਚੀ ਛਾਲ ਮੁਕਾਬਲੇ 'ਚ ਮਰੀਯੱਪਨ ਅਤੇ ਸ਼ਾਦਕ ਦੇ ਮੈਡਲ ਦੀ ਬਦੌਲਤ 10ਵਾਂ ਮੈਡਲ ਹਾਸਿਲ ਕੀਤਾ। ਮਰੀਯੱਪਨ ਦੂਸਰੇ ਸਥਾਨ 'ਤੇ ਰਹੇ ਜਦਕਿ ਸ਼ਰਦ ਨੇ ਤੀਸਰਾ ਸਥਾਨ ਹਾਸਿਲ ਕੀਤਾ।

## ਮੈਡਲ ਲਿਸਟ

| ਮੁਲਕ | ਗੋਲਡ | ਸਿਲਵਰ | ਕਾਂਸੀ | ਕੁੱਲ |
|---|---|---|---|---|
| ਚੀਨ | 64 | 39 | 32 | 135 |
| ਯੁਨਾਈਟਡ ਕਿੰਗਡਮ | 29 | 23 | 30 | 82 |
| ਰੁਸੀ ਕਮੇਟੀ | 26 | 17 | 34 | 77 |
| ਸੰਯੁਕਤ ਰਾਸ਼ਟਰ | 24 | 25 | 17 | 66 |
| ਨੀਦਰਲੈਂਡਜ਼ | 16 | 9 | 10 | 35 |
| ਯੁਕਰੇਨ | 15 | 34 | 21 | 70 |
| ਬ੍ਰਾਜ਼ੀਲ | 14 | 11 | 19 | 44 |
| ਆਸਟਰੇਲੀਆ | 13 | 21 | 21 | 55 |
| ਇਟਲੀ | 11 | 19 | 15 | 45 |
| ਅਜ਼ਰਬੇਜ਼ਾਨ | 10 | 1 | 4 | 15 |
| ਸਪੇਨ | 9 | 12 | 6 | 27 |
| ਇਰਾਨ | 8 | 6 | 1 | 15 |
| ਫਰਾਂਸ | 7 | 10 | 21 | 38 |
| ਜਰਮਨੀ | 6 | 7 | 14 | 27 |




## ਗੂਗਲ

ਗੂਗਲ ਦਾ ਜਨਮ ਥੋੜਾ ਸਮਾਂ ਪਹਿਲਾਂ ਹੀ ਹੋਇਆ
ਮਾਂ ਤੋਂ ਵੀ ਜ਼ਿਆਦਾ ਫਿਕਰ ਕਰਦਾ
ਬੱਚੇ ਜਵਾਨ ਬੁੱਢੇ
ਸਭ ਦਾ ਧਿਆਨ ਰੱਖਦਾ ਇਹ।

ਹਰ ਚੀਜ਼ ਦਾ ਇਲਾਜ
ਅੰਗੂਠਾ ਮਾਰਣ ਦੀ ਦੇਰ ਹੈ
ਸਿਆਣੀ ਨੂੰਹ ਧੀ ਵਾਂਗ
ਹੱਲ ਕੱਢ ਦੇਂਦਾ ਇਹ।

ਬਹੁਤ ਸਿਆਣਾ ,ਸਭ ਰਾਹ ਜਾਣਦੈ
ਕਿਸੇ ਨੂੰ ਗੱਡੀ ਵਿੱਚ ਬੈਠ ਰਸਤਾ ਨਹੀਂ ਪੁੱਛਣਾ ਪੈਂਦਾ
ਠੀਕ ਜਗਾ ਤੇ ਪੁਚਾ ਦੇਵੇ ਇਹ।

ਮਸਲੇ ਸਾਰੇ ਹਲ ਕਰ ਦੇਂਦਾ
ਨੌਕਰੀਆਂ ਤੱਕ ਲੱਭ ਹੈ ਦੇਂਦਾ
ਦਿਨ ਰਾਤ ਇੱਕ ਕਰ
ਕਈਆਂ ਦੇ ਕੰਮ ਨਿਪਟਾਉਂਦਾ ਇਹ।

ਦੱਸ ਬੰਦਿਆਂ ਦਾ ਕੰਮ
ਇੱਕਲਾ ਹੀ ਕਰ ਦੇਵੇ
ਕਿੰਨੇ ਵੱਡੇ ਵੱਡੇ
ਉਦਯੋਗਪਤੀ ਬਣਾ ਗਿਆ ਇਹ।

ਸ਼ਾਬਾਸ਼ੀ ਸਾਰੇ ਦਿਓ ਇਹਨੂੰ
ਧੱਕੇ ਬਾਹਰ ਨਹੀਂ ਖਾਣੇ ਪੈਂਦੇ
ਸਭ ਨੂੰ ਘਰਾਂ ਵਿੱਚ
ਬੰਦ ਕਰ ਗਿਆ ਇਹ।

**- ਕੰਵਲਜੀਤ ਕੌਰ ਜੁਨੇਜਾ**

## ਆਸਟਰੇਲੀਆ 'ਚ ਸਿੱਖ ਫ਼ੌਜੀਆਂ ਦੇ ਲੱਗਣਗੇ ਬੁੱਤ


**ਮੈਲਬੌਰਨ-** ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਖੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਦੌਰਾਨ ਸ਼ਹੀਦ ਹੋਏ ਬਹਾਦਰ ਸਿੱਖ ਫੌਜੀਆਂ ਦੀ ਯਾਦ ਨੂੰ ਸਮਰਪਿਤ ਇੱਕ ਯਾਦਗਾਰ ਬਨਾਉਣ ਨੂੰ ਪ੍ਰਵਾਨਗੀ ਮਿਲ ਗਈ ਹੈ ਜਿਸ ਦੇ ਚਲਦਿਆਂ ਆਉਂਦੇ ਦਿਨਾਂ ਵਿੱਚ ਯਾਦਗਾਰ ਵਿੱਚ ਸਿੱਖ ਫੌਜੀ ਦਾ ਬੁੱਤ ਸਥਾਪਤ ਕੀਤਾ ਜਾਵੇਗਾ। ਇਹ ਯਾਦਗਾਰ ਸਿਡਨੀ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਬਲੈਕਟਾਊਨ ਕੌਂਸਲ ਦੇ ਇਲਾਕੇ ਗਲੈਨਵੁੱਡ ਵਿਖੇ ਬਣਾਈ ਜਾਵੇਗੀ। ਜਿਕਰਯੋਗ ਹੈ ਕਿ ਆਸਟਰੇਲੀਆ ਅਤੇ ਨਿਊਜ਼ੀਲੈਂਡ ਭਰ ਵਿੱਚ ਸਿੱਖ ਫ਼ੌਜ ਦੀ ਬਹਾਦਰੀ ਨੂੰ ਦਰਸਾਉਂਦਾ ਇਹ ਪਹਿਲਾ ਬੁੱਤ ਹੋਵੇਗਾ। ਇਸ ਯਾਦਗਾਰ ਨੂੰ ਬਣਵਾਉਣ ਦੇ ਲਈ ਫਤਿਹ ਫਾਊਂਡੇਸ਼ਨ ਨੂੰ ਕਾਫੀ ਲੰਮਾ ਸੰਘਰਸ਼ ਵੀ ਕਰਨਾ ਪਿਆ ਫਤਿਹ ਫਾਊਂਡੇਸ਼ਨ ਦੇ ਅਮਰਿੰਦਰ ਸਿੰਘ ਬਾਜਵਾ,ਹਰਕੀਰਤ ਸਿੰਘ ਸੰਧਰ, ਦਵਿੰਦਰ ਸਿੰਘ ਧਾਰੀਆ,ਗੈਰੀ ਸਿੰਘ ਸਾਹਣੀ ਤੇ ਨਵਤੇਜ ਸਿੰਘ ਬਸਰਾ ਦੇ ਯਤਨਾਂ ਤੇ ਬਲੈਕਟਾਊਨ ਕੌਂਸਲ ਦੇ ਸਹਿਯੋਗ ਦੇ ਸਦਕਾ ਇਹ ਯਾਦਗਾਰ ਬਣਨੀ ਸੰਭਵ ਹੋ ਪਾਈ ਹੈ ਜਿਸ ਦੇ ਲਈ ਫਤਿਹ ਫਾਊਂਡੇਸ਼ਨ ਨੂੰ ਕਰੀਬ ਚਾਰ ਸਾਲ ਦੇ ਕਰੀਬ ਚਾਰਾਜੋਈ ਕਰਨੀ ਪਈ ਤੇ ਵੱਖ-ਵੱਖ ਪੱਖ 'ਤੇ

# ਇੰਜੀਨੀਅਰਿੰਗ ਅਤੇ ਕਲਾ ਦਾ ਸੁਮੇਲ ਇੰਜੀ: ਰਾਕੇਸ਼ ਰੰਚਨ



ਮੇਜਰ ਸਿੰਘ ਨਾਭਾ
91-94635-53962

ਕਲਾ ਦੀ ਜਿੰਦਗੀ ਵਿਚ ਮਹੱਤਵਪੂਰਨ ਥਾਂ ਹੈ ਬੱਚੇ ਅੰਦਰ ਬਚਪਨ ਵਿਚ ਕਲਾਤਮਿਕ ਕ੍ਰਿਆਵਾਂ ਦਾ ਪ੍ਰਗਟਾਵਾ ਹੋਣਾ ਸੁਰੂ ਹੋ ਜਾਂਦਾ ਹੈ। ਬੱਚਿਆਂ ਵਾਲੇ ਘਰਾਂ ਵਿਚ ਆਮ ਹੀ ਰੰਗ ਬਰੰਗੀਆਂ ਲਕੀਰਾਂ/ਅਕ੍ਰਿਤੀਆਂ ਦਿਸਣਗੀਆਂ । ਬੱਚੇ ਅੰਦਰ ਦੀਆਂ ਇਹ ਕਲਾਤਮਿਕ ਕ੍ਰਿਆਵਾਂ ਕਈ ਵਾਰੀ ਦਬ ਕਿ ਹੀ ਰਹਿ ਜਾਂਦੀਆਂ ਹਨ ਅਤੇ ਵੱਡੇ ਹੋਣ ਤੇ ਉਸ ਦੀ ਸ਼ਖਸ਼ੀਅਤ ਦਾ ਇੱਕ ਭਾਗ ਅਧੂਰਾ ਰਹਿ ਜਾਂਦਾ ਹੈ। ਪਰ ਕਈ ਬੱਚੇ ਆਪਣੀ ਅੰਦਰਲੀ ਕਲਾ ਨੂੰ ਉਜਾਗਰ ਕਰਕੇ ਵਾਧੂ ਸਮੇਂ ਨੂੰ ਬਤੀਤ ਕਰਨ ਲਈ ਸੌਂਕ ਵਜੋਂ ਪਾਲਦੇ ਰਹਿੰਦੇ ਹਨ। ਇਹੋ ਜਿਹੀ ਇੱਕ ਵਿਲੱਖਣ ਸ਼ਖਸ਼ੀਅਤ ਹੈ ਸ੍ਰੀ ਰਾਕੇਸ਼ ਰੰਚਨ ਜੋ ਕਿ ਪੀ.ਡਬਲਿਊ.ਡੀ. ਬੀ.ਐਂਡ.ਆਰ ਵਿਭਾਗ, ਪੰਜਾਬ ਵਿਚੋਂ ਰਿਟਾਇਰ ਹੋਏ ਹਨ ਅਤੇ ਉਹ ਆਪਣੀ ਬਚਪਨ ਵਿਚ ਪਾਲੀ ਕਲਾਕਾਰੀ ਨੂੰ ਇੱਕ ਪੇਂਟਰ/ਚਿੱਤਰਕਾਰ ਵਜੋਂ ਪਾਲ ਰਹੇ ਹਨ ।ਉਨ੍ਹਾਂ ਦਾ ਜਨਮ 22 ਫਰਵਰੀ 1963 ਵਿਚ ਪਿੰਡ ਗਾਜੇਵਾਸ ਜਿਲ੍ਹਾ ਪਟਿਆਲਾ ਵਿਖੇ ਹੋਇਆ ਜਿਥੇ ਕਿ ਉਨ੍ਹਾਂ ਦੇ ਪਿਤਾ ਸ੍ਰੀ ਪ੍ਰੇਮ ਸਾਗਰ ਜੀ ਪਿੰਡ ਦੇ ਸਕੂਲ ਵਿਚ ਹੈੱਡ ਟੀਚਰ ਵਜੋਂ ਸਰਕਾਰੀ ਸੇਵਾ ਵਿਚ ਸਨ ਜੋ ਕਿ ਬਹੁਤ ਹੀ ਇਮਾਨਦਾਰ ਤੇ ਮਿਹਨਤੀ ਅਧਿਆਪਕ ਸਨ ਅਤੇ ਬਾਅਦ ਵਿਚ ਤਰੱਕੀ ਲੈਣ ਉਪਰੰਤ ਬਤੌਰ ਬੀ.ਈ.ਓ ਰਿਟਾਇਰ ਹੋਏ।




ਵੱਖ-ਵੱਖ ਸਮੇਂ ਦੇ ਕੀਤੇ ਸਲਾਘਾਯੋਗ ਕੰਮਾਂ ਲਈ ਉਨ੍ਹਾਂ ਨੂੰ ਤਿੰਨ ਵਾਰੀ ਮੁੱਖ ਮੰਤਰੀ ਪੰਜਾਬ ਵੱਲੋਂ ਆਜਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦਾ ਵਿਆਹ 1988 ਵਿੱਚ ਸ੍ਰੀਮਤੀ ਨੀਲਮ ਸ਼ਰਮਾ (ਐਮ.ਏ. ਹਿੰਦੀ) ਨਾਲ ਹੋਇਆ ਜੋ ਕਿ ਬਹੁਤ ਹੀ ਚੰਗੇ ਸੁਭਾਅ ਵਾਲੇ ਹਨ। ਬੱਚਿਆਂ ਦੇ ਵਧੀਆ ਪਾਲਣ-ਪੋਸ਼ਣ ਦੇ ਕਾਰਨ ਉਨ੍ਹਾਂ ਕੋਈ ਸਰਕਾਰੀ ਨੌਕਰੀ ਨਹੀਂ ਕੀਤੀ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਨ੍ਹਾਂ ਦੇ ਬੱਚੇ ਲੜਕਾ ਅੰਕਿਤ ਸ਼ਰਮਾ (ਬੀ.ਟੈਕ, ਐਮ.ਟੈਕ) ਜੋ ਕਿ ਕੈਨੇਡਾ ਵਿਚ (ਸਰੀ ) ਹੈ ਅਤੇ ਲੜਕੀ ਅਕ੍ਰਿਤੀ ਸ਼ਰਮਾ (ਬੀ. ਕਾਮ, ਐਮ. ਕਾਮ) ਪੰਜਾਬ ਸਰਕਾਰ ਵਿਚ ਆਡਿਟ ਇੰ-ਸਪੈਕਟਰ ਦੇ ਤੇ ਤੇ ਕੰਮ ਕਰ ਰਹੀ ਹੈ। ਉਨ੍ਹਾਂ ਦੇ ਦੋ ਭਰਾ ਪ੍ਰਦੀਪ ਕੁਮਾਰ ਅਤੇ ਅਸ਼ੋਕ ਕੁਮਾਰ ਪਟਿਆਲਾ ਵਿਚ ਹੀ ਬਿਜ਼ਨੈਸ ਕਰ ਰਹੇ ਹਨ। ਉਨ੍ਹਾਂ ਦੀ ਵੱਡੀ ਭੈਣ ਊਸ਼ਾ ਕਿਰਨ ਅਤੇ ਜੀਜਾ ਜੀ ਬਿਜਲੀ ਬੋਰਡ ਵਿਚੋਂ ਸੀਨੀਅਰ ਅਹੁਦੇ ਤੋਂ ਰਿਟਾਇਰ ਹੋਏ ਹਨ।

ਇੰਜੀਨੀਅਰ ਹੋਣ ਦੇ ਨਾਤੇ ਉਨ੍ਹਾਂ ਦਾ ਰੁਝਾਨ ਪੇਂਟਿੰਗ ਅਤੇ ਸੈਰ ਸਪਾਟੇ ਵਿਚ ਬਹੁਤ ਰਿਹਾ। ਉਨ੍ਹਾਂ ਨੇ ਕੈਨੇਡਾ, ਦੁਬਈ, ਥਾਈਲੈਂਡ, ਨੇਪਾਲ ਅਤੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਦੀ ਯਾਤਰਾ ਕੀਤੀ। ਪੇਂਟਿੰਗ ਵਿਚ ਉਨ੍ਹਾਂ ਨੇ ਆਇਲ ਪੇਂਟਿੰਗ, ਰਿਜ, ਅਲੱਗ-ਅਲੱਗ ਜਾਨ-ਵਰਾਂ ਦੇ ਚਿੱਤਰ ਵੀ ਬਣਾਏ ਹੋਏ ਹਨ। ਉਨ੍ਹਾਂ ਦੇ ਹੱਥ ਵਿਚ ਇੱਕ ਅਜੀਬ ਕਲਾ ਹੈ ਕਿ ਉਹ ਬਿਨ੍ਹਾਂ ਕਿਸੇ ਟ੍ਰੇਨਿੰਗ ਤੋਂ ਪੇਂਟਿੰਗ / ਚਿੱਤਰ ਕਾਰੀ ਵਿਚ ਇੰਨੇ ਮਾਹਿਰ ਹਨ ਕਿ ਦੇਖਦੇ ਦੇਖਦੇ ਹੀ ਸਕੈਚ ਬਣਾ ਦਿੰਦੇ ਹਨ। ਉਹ ਹੁਣ 35 ਸਾਲ ਦੀ ਸਰਵਿਸ ਕਰਨ ਉਪਰੰਤ ਰਿਟ-ਾਇਰ ਹੋਣ ਤੋਂ ਬਾਅਦ ਆਪਣਾ ਪੂਰਾ ਸਮਾਂ ਤਸਵੀਰਾਂ ਬਣਾਉਣ ਦੇ ਵਿਚ ਲੱਗੇ ਰਹਿੰਦੇ ਹਨ। ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਸਕੈਚ/ਤਸਵੀਰਾਂ ਬਿਨਾਂ ਕਿਸੇ ਲਾਲਚ ਤੋਂ ਬਣਾਉਂਦੇ ਹਨ। ਕਈ ਚਿੱਤਰਕਾਰੀ ਨੁਮਾਇੰਸਾਂ ਵਿਚ ਉਨ੍ਹਾਂ ਦੀਆਂ ਕਲਾਕ੍ਰਿਤਾਂ ਅਖਬਾਰਾਂ ਦੀਆਂ ਸੁਰਖੀਆਂ ਵਿਚ ਆ ਚੁੱਕੀਆਂ ਹਨ। ਸ੍ਰੀ ਕਾਲੀ ਮਾਤਾ ਦੀ ਕ੍ਰਿਪਾ ਸਦਕਾ ਹੀ ਇਨ੍ਹਾਂ ਨੂੰ ਸ੍ਰੀ ਕਾਲੀ ਮਾਤਾ ਮੰਦਿਰ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ। ਉਹ ਹੁਣ ਦਿਲ ਲਗਾ ਕੇ ਮਾਤਾ ਦੇ ਮੰਦਿਰ ਵਿਚ ਡਿਵੈਲਪਮੈਂਟ ਵਿਚ ਜੁਟੇ ਹੋਏ ਹਨ।

ਉਹ ਸ੍ਰੀ ਕਾਲੀ ਮਾਤਾ ਮੰਦਿਰ ਵਿਚ ਐਡਵਾਜ਼ਿਰੀ
















ਰਾਕੇਸ਼ ਰੰਚਨ ਦੀ ਮੁੱਢਲੀ ਵਿੱਦਿਆ ਗੌਰਮਿੰਟ ਸੀਨੀ. ਸੈਕੰ.ਸਕੂਲ ਸਿਵਲ ਲਾਈਨ ਪਟਿਆਲਾ ਵਿਖੇ ਹੋਈ ਅਤੇ ਪੋਲੀਟੈਕਨੀਕਲ ਡਿਪਲੋਮਾ ਥਾਪਰ ਪੋਲੀਟੈਕਨੀਕਲ ਪਟਿਆਲਾ ਤੋਂ ਕੀਤੀ ਅਤੇ ਬਾਅਦ ਵਿਚ ਏ.ਐਮ.ਆਈ.ਈ. ਇੰਡਿਆ ਕਲਕੱਤਾ ਤੋਂ ਸਿਵਿਲ ਇੰਜੀਨੀ-ਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਉਹ ਬਹੁਤ ਹੀ ਮਿਹਨਤੀ ਅਤੇ ਲਗਨ ਨਾਲ ਪੜ੍ਹਾਈ ਵਿਚ ਲੱਗੇ ਰਹਿੰਦੇ।ਉਨ੍ਹਾਂ ਦੀ ਮਾਤਾ ਜੀ ਸ੍ਰੀਮਤੀ ਆਗਿਆ ਰਾਣੀ ਜੋ ਕਿ ਹੁਣ 83 ਸਾਲ ਦੇ ਹਨ ਬਹੁਤ ਹੀ ਸਮਝਦਾਰ ਤੇ ਕੋਮਲ ਹਿਰਦੇ ਵਾਲੇ ਹਨ। ਉਨ੍ਹਾਂ ਨੇ ਦਸਿਆ ਕਿ ਰਾਕੇਸ਼ ਛੋਟੇ ਹੁੰਦੇ ਹੀ ਰੇਡੀਓ, ਸਾਈਕਲ, ਖਿਲੌਣੇ ਘਰ ਵਿਚ ਬੈਠੇ ਖੋਲ ਲੈਂਦੇ ਸਨ। ਉਨ੍ਹਾਂ ਦਾ ਰੁਝਾਨ ਬਚਪਨ ਤੋਂ ਹੀ ਟੈਕਨੀਕਲ ਚੀਜ਼ਾਂ ਦੇ ਵਿਚ ਬਹੁਤ ਜ਼ਿਆਦਾ ਸੀ ਅਤੇ ਬਹੁਤ ਹੀ ਸ਼ਰਾਰਤੀ ਸੁਭਾਅ ਦੇ ਹਨ।

1984 ਵਿਚ ਉਨ੍ਹਾਂ ਨੂੰ ਥਾਪਰ ਕਾਲਜ ਵਿਚੋਂ ਬੈਸਟ ਆਲ ਰਾਊਂਡਰ ਸਟੂਡੈਂਟ ਚੁਣਨ ਦੇ ਨਾਲ ਪਹਿਲੇ ਇਨਾਮ ਦੀ ਟ੍ਰਾਫੀ ਵੀ ਮਿਲੀ। ਇੰਟਰ ਕਾਲਜ ਪੇਂਟਿੰਗ ਐਂਡ ਫੋਟੋਗ੍ਰਾਫ਼ੀ ਐਕਜ਼ੀਕਿਊਸ਼ਨ ਵਿਚੋਂ ਫਸਟ ਪ੍ਰਾਈਜ਼ ਮਿਲਿਆ। ਉਨ੍ਹਾਂ ਨੇ ਪਹਿਲੀ ਸਰਕਾਰੀ ਨੌਕਰੀ 1985 ਵਿਚ ਬਤੌਰ ਜੇ.ਈ. ਪਟਿਆਲਾ ਵਿਖੇ .ਐਨ.ਆਈ. ਐਸ .ਵਿਚ ਕਰ ਲਈ । ਉਨ੍ਹਾਂ ਨੇ 1986 ਵਿਚ ਪੀ.ਡਬਲਿਯੂ.ਡੀ ਵਿਭਾਗ ਵਿਚ ਬਤੌਰ ਜੇ.ਈ. ਨਿਯੁਕਤੀ ਹੋਣ ਤੇ ਇਸ ਵਿਭਾਗ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਵੱਖ-ਵੱਖ ਸ਼ਹਿਰਾਂ ਰਾਮਪੁਰਾ ਫੂਲ, ਨਾਭਾ, ਪਟਿਆਲਾ, ਪਾਤੜਾਂ ਆਦਿ ਸ਼ਹਿਰਾਂ ਵਿਚ ਪੀ. ਡਬਲਿਯੂ. ਡੀ ਵਿਭਾਗ ਵਿਚ ਬਤੌਰ ਜੇ.ਈ. ਬੜੀ ਹੀ ਇਮਾਨਦਾਰੀ ਅਤੇ ਮਿਹਨਤ ਨਾਲ ਸੇਵਾ ਨਿਭਾਈ। ਲੋਕ ਨਿਰਮਾਣ ਵਿਭਾਗ ਤੋਂ ਇਲਾਵਾ ਉਨ੍ਹਾਂ ਨੇ ਡੈਪੂਟੇਸ਼ਨ ਤੇ ਰਹਿ ਕੇ ਸਪਿੰਨਫੈਡ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਿਚ ਕਈ ਵਕਾਰੀ ਪ੍ਰਾਜੈਕਟ ਮੁਕੰਮਲ ਕਰਵਾਏ । ਸਾਲ 2003 ਵਿਚ ਉਹ ਸਹਾਇਕ ਇੰਜਨੀਅਰ ਬਣ ਗਏ। ਬਤੌਰ ਸਹਾਇਕ ਇੰਜਨੀਅਰ ਉਨ੍ਹਾਂ ਨੇ ਮਹਿਕਮੇ ਵਿਚ ਸਾਨਦਾਰ ਸੇਵਾਵਾਂ ਨਿਭਾਈਆਂ ਅਤੇ ਸਾਲ 2008 ਵਿਚ ਉਹ ਬਤੌਰ ਉੱਪ ਮੰਡਲ ਇੰਜਨੀਅਰ ਪਦ ਉਨਤ ਹੋ ਗਏ।ਪਟਿਆਲਾ ਵਿਚ ਤੈਨਾਤੀ ਦੌਰਾਨ ਉਨ੍ਹਾਂ ਵੱਲੋਂ ਸ਼ਹਿਰ ਦੇ ਮਹੱਤਵਪੂਰਨ ਕੰਮ ਜਿਨ੍ਹਾਂ ਵਿਚ ਰਜਿੰਦਰਾ ਝੀਲ ਦਾ ਨਵੀਨੀਕਰਨ, ਏਵੀਏਸ਼ਨ ਕਲੱਬ ਦੀ ਏਅਰ ਸਟਰਿੱਪ ਦਾ ਕੰਮ, ਜੈਕਬ ਡ੍ਰੇਨ ਦਾ ਪੁੱਲ, ਪਟਿਆਲਾ ਸ਼ਹਿਰ ਦੇ ਅੰਦਰ ਦੀਆਂ ਸੜਕਾਂ, ਰੇਹੜੀ ਮਾਰਕੀਟ ਦੀ ਉਸਾਰੀ, ਪੋਸ ਗਰਾਊਂਡ, ਆਯ-ੁਰਵੈਦਿਕ ਕਾਲਜ ਅਤੇ ਗਰਲਜ ਕਾਲਜ ਦੀ ਉਸਾਰੀ ਦੇ ਕੰਮਾਂ ਨੂੰ ਸਫਲਤਾਪੂਰਵਕ ਕਰਵਾਕੇ ਮਹਿਕਮੇ ਦਾ ਨਾਮ ਰੋਸ਼ਨ ਕੀਤਾ।



ਐਕਰੈਲਿਕ ਪੇਂਟਿੰਗ, ਚਾਕ ਪੇਂਟਿੰਗ, ਪੈਨਸਿਲ ਸਕੈਚਿੰਗ ਵਿਚ ਤਸਵੀਰਾਂ ਬਣਾਈਆਂ ਹਨ। ਜ਼ਿਆਦਾ ਆਪ ਦੀਆਂ ਪੇਂਟਿੰਗ / ਤਸਵੀਰਾਂ ਇਤਿਹਾਸਕ ਇਮਾਰਤਾਂ ਜਿਨ੍ਹਾਂ ਵਿਚ ਪਟਿਆਲਾ ਦਾ ਕਿਲ੍ਹਾ ਮੁਬਾਰਕ, ਸ਼ੀਸ਼ ਮਹਿਲ, ਬਾਰਾਂ-ਦਰੀ ਗਾਰਡਨ, ਮਹਾਰਾਣੀ ਕਲੱਬ, ਸੈਂਟਰਲ ਸਟੇਟ ਲਾਇਬ੍ਰੇਰੀ, ਸ਼ੇਰਾਂ ਵਾਲਾ ਗੇਟ, ਸੁਨਾਮੀ ਗੇਟ ਆਦਿ ਸਕੈੱਚ ਬਣਾਏ ਹਨ। ਆਪਣੀ ਮਾਤਾ ਜੀ ਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਦਗੁਰ ਜੀ ਮਹਾਰਾਜਾ, ਸੁਪਰੀਮ ਇੰਜੀ. ਵਿਸ਼ਵੇਸ਼ਵਰ ਰਾਏ, ਜਿਸ ਦੇ ਨਾਂ ਤੇ ਇੰਜੀਨੀਅਰ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਦੇ ਚਿੱਤਰ / ਪੇਂਟਿੰਗ ਬਹੁਤ ਹੀ ਖੂਬਸੂਰਤ ਬਣਾਏ ਹਨ। ਨੌਕਰੀ ਦੇ ਨਾਲ-ਨਾਲ ਇਨ੍ਹਾਂ ਨੇ ਇਸ ਸ਼ੌਂਕ ਨੂੰ ਵੀ ਮਨੋਰੰਜਨ ਦੇ ਤੌਰ 'ਤੇ ਜਾਰੀ ਰੱਖਿਆ। ਉਨ੍ਹਾਂ ਦਾ ਇੱਕ ਕਮਰਾ ਪੇਂਟਿੰਗਜ਼ ਨਾਲ ਭਰਿਆ ਪਿਆ ਹੈ ਜਿਸ ਵਿਚ ਕਸ਼ਮੀਰ, ਘਾਟੀਆਂ, ਬਾਰਾਂਦਰੀ ਬਾਗ, ਸ਼ਿਮਲਾ ਕਮੇਟੀ ਦੇ ਟੈਕਨੀਕਲ ਐਡਵਾਈਜ਼ਰ ਵਜੋਂ ਨਿਸ਼ਕਾਮ ਸੇਵਾ ਕਰ ਰਹੇ ਹਨ।

ਇਸ ਸਬੰਧੀ ਉਨ੍ਹਾਂ ਨੂੰ ਡੀ.ਸੀ. ਪਟਿਆਲਾ ਵਲੋਂ ਨਿਯੁਕਤੀ ਪੱਤਰ ਦਿੱਤਾ ਗਿਆ ਉਹ ਹੁਣ ਪਟਿਆਲਾ ਵਿਖੇ ਆਪਣੇ ਪਰਿਵਾਰ ਨਾਲ ਮਜੀਠੀਆ ਏਨਕਲੇਵ ਦੇ ਵਿਚ ਰਹਿ ਰਹੇ ਹਨ। ਪ੍ਰਮਾਤਮਾ ਉਨ੍ਹਾਂ ਦੀ ਉਮਰ ਲੰਬੀ ਕਰੇ ਅਤੇ ਚਿੱਤਰਕਾਰੀ ਦੇ ਸ਼ੌਂਕ ਵਿਚ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰਨ।

# ਕਵੀ ਦਰਬਾਰ 'ਚ ਕਿਸਾਨੀ ਅੰਦੋਲਨ, ਸਮਾਜਿਕ ਵਿਤਕਰੇ ਤੇ ਹੋਰ ਨਵੇਕਲੀਆਂ ਕਵਿਤਾਵਾਂ, ਗੀਤ ਗ਼ਜ਼ਲਾਂ ਪੇਸ਼ ਕੀਤੀਆਂ

**ਫਗਵਾੜਾ 31 ਅਗਸਤ-** ਸਕੇਪ ਸਾਹਿਤਕ ਸੰਸਥਾ ਵਲੋਂ ਮਹੀਨਾਵਾਰ 72ਵਾਂ ਕਵੀ ਦਰਬਾਰ ਲੇਖਕ ਅਤੇ ਸੰਸਥਾ ਪ੍ਰਧਾਨ ਰਵਿੰਦਰ ਚੋਟ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਸਿਧ ਗ਼ਜ਼ਲਗੋ ਭਜਨ ਵਿਰਕ ਅਤੇ ਮਨੋਜ ਫਗਵਾੜਵੀ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਗੁਰਮੀਤ ਸਿੰਘ ਪਲਾਹੀ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕਿਹਾ ਕਿ ਸਰਕਾਰਾਂ ਅਤੇ ਸਮਾਜ ਨੂੰ ਸੇਧ ਦੇਣ ਲਈ ਬੁੱਧੀਜੀਵੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਸਾਹਿਤਕ ਸਮਾਗਮ ਵਿੱਚ ਕਰੀਬ ਦੋ ਦਰਜਨ ਤੋਂ ਵਧ ਪ੍ਰਸਿੱਧ ਸ਼ਾਇਰਾਂ, ਲੇਖਕਾਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਕਵੀ ਦਰਬਾਰ ਦੌਰਾਨ ਕਿਸਾਨੀ ਅੰਦੋਲਨ, ਸਮਾਜਿਕ ਵਿਤਕਰੇ ਅਤੇ ਹੋਰ ਵੱਖ-ਵੱਖ ਸਰੋਕਾਰਾਂ ਸਬੰਧਤ ਨਵੇਕਲੀਆਂ ਕਵਿਤਾਵਾਂ, ਗੀਤ ਗ਼ਜ਼ਲਾਂ ਸੁਣਾਈਆਂ ਗਈਆਂ। ਕਵੀ ਦਰਬਾਰ ਵਿੱਚ ਬਲਦੇਵ



ਰਾਜ ਕੋਮਲ, ਸੁਖਦੇਵ ਸਿੰਘ ਗੰਢਵਾ, ਲਛਕਰ ਢੰਡਵਾੜਵੀ, ਗੁਰਨਾਮ ਬਾਵਾ, ਦਿਲਬਹਾਰ ਸ਼ੌਕਤ, ਦੇਵਰਾਜ ਦਾਦਰ, ਰਵਿੰਦਰ ਸਿੰਘ ਰਾਏ, ਸੁਬੇਗ ਸਿੰਘ ਹੰਝਰਾਂ, ਬੀਬਾ ਕੁਲਵੰਤ, ਕਮਲੇਸ਼ ਸੰਧੂ, ਸੁਨੀਲ, ਗੁਰਮੀਤ ਸਿੰਘ ਰੱਤੂ, ਲਸ਼ਕਰ ਢੰਡਵਾੜਵੀ, ਜਸਵਿੰਦਰ ਹਮਦਰਦ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਮੇਂ ਨੂੰ ਬੰਨ ਰਖਿਆ। ਮਾਸਟਰ ਮਨਦੀਪ ਸਿੰਘ ਆਏ ਹੋਏ ਲੇਖਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਰਵਿੰਦਰ ਚੋਟ ਨੇ ਪ੍ਰਧਾਨਗੀ ਭਾਸ਼ਣ 'ਚ ਕਰਨਾਲ ਵਿਖੇ ਹੋਏ ਕਿਸਾਨਾਂ ਤੇ ਹੋਏ ਲਾਠੀਚਾਰਜ ਦੀ ਸਖ਼ਤ ਨਿੰਦਾ ਕਰਨ ਦਾ ਮਤਾ ਪੇਸ਼ ਕੀਤਾ ਜਿਸ ਨੂੰ ਹਾਜਰ ਲੇਖਕ ਅਤੇ ਬੁੱਧੀਜੀਵੀਆਂ ਨੇ ਪ੍ਰਵਾਨਗੀ ਦਿੱਤੀ ਅਤੇ ਨਾਲ ਹੀ ਉਹਨਾਂ ਕਿਹਾ ਕਿ ਲੇਖਕ ਸਿਦਕ ਦਿਲੀ ਨਾਲ ਆਪਣੀ ਲੇਖਣੀ ਲੋਕ ਹਿਤੈਸ਼ੀ ਬਣਾਉਣ ਦਾ ਅਹਿਦ ਕਰਨ।

ਇਸ ਮੌਕੇ ਪਰਵਿੰਦਰ ਜੀਤ ਸਿੰਘ ਨੇ ਆਏ ਸਭਨਾ ਦਾ ਧੰਨਵਾਦ ਕੀਤਾ ਅਤੇ ਸਟੇਜ ਸੰਚਾਲਣ ਦੀ ਭੂਮਿਕਾ ਬਾਖ਼ੂਬੀ ਨਿਭਾਈ। ਸਮਾਗਮ 'ਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। **- ਬੀ.ਕੇ.ਰੱਤੂ**

# ਕੀ, ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਨਵਜੋਤ ਸਿੰਘ ਸਿੱਧੂ ਲੈ ਡੁੱਬੇਗਾ?



ਜੰਗ ਸਿੰਘ
91-94170-95965

ਕੈਪਟਨ ਅਮਰਿੰਦਰ ਸਿੰਘ ਨੇ 2017 ਵਿੱਚ ਪੰਜਾਬ ਨੂੰ ਜਿੱਤਣ ਲਈ ਕਈ ਕਰੋੜਾਂ ਰੁਪਏ ਖਰਚ ਕੇ ਇਕ ਨੀਤੀਗਾੜਾ ਲਿਆਂਦਾ ਸੀ। ਉਸ ਦੇ ਦਸੇ ਮਾਰਗ ਦਰਸ਼ਨ ਤੇ ਚਲਦਿਆਂ ਇਸੇ ਕੈਪਟਨ ਸਾਹਿਬ ਨੇ ਲੋਕਾਂ ਕੋਲ ਵਾਅਦਿਆਂ ਦੀ ਝੱੜੀ ਲਗਾ ਦਿਤੀ ਸੀ ਕਿ ਕੱਚੇ ਮੁਲਾਜਮ ਪੱਕੇ ਕੀਤੇ ਜਾਣਗੇ, ਠੇਕੇਦਾਰੀ ਸਿਸਟਮ ਖਤਮ ਕੀਤਾ ਜਾਵੇਗਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, ਮੁਲਾਜਮਾਂ ਦਾ ਛੇਵਾਂ ਤਨਖਾਹ ਕਮਿਸ਼ਨ ਲਾਗੂ ਕੀਤਾ ਜਾਵੇਗਾ, ਮਹਿੰਗਾਈ ਤੇ ਕਾਬੂ ਪਾਇਆ ਜਾਵੇਗਾ, ਸੂਬੇ ਵਿੱਚੋਂ ਭ੍ਰਿਸ਼ਟਾਚਾਰ ਖਤਮ ਕੀਤਾ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਫੜ੍ਹ ਕੇ ਜੇਲੀਂ ਸੁਟਿਆ ਜਾਵੇਗਾ, ਕਿਸਾਨਾਂ ਦੇ ਸਾਰੇ ਕਰਜੇ ਚਾਹੇ ਉਹ ਸਰਕਾਰੀ ਬੈਂਕਾਂ ਦੇ ਹਨ ਜਾਂ ਫਿਰ ਪ੍ਰਾਈਵੇਟ ਬੈਂਕਾਂ ਦੇ ਹੋਣ ਨਾਲ ਪ੍ਰਾਈਵੇਟ ਆੜਤੀਆਂ ਦੇ ਕਿਉਂ ਨਾ ਹੋਣ ? ਇਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ, ਕਿਸਾਨਾਂ ਨੂੰ ਕਿਸੇ ਕਿਸਮ ਦਾ ਫਿਕਰ ਕਰਨ ਦੀ ਜਰੂਰਤ ਨਹੀਂ। ਜਿਵੇਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਦੀਆਂ ਚੋਣਾਂ ਸਮੇਂ ਕਾਂਗਰਸ ਪਾਰਟੀ ਕੋਲੋਂ ਗੱਦੀ ਹਥਿਆਉਣ ਲਈ ਬੇਸ਼ੁਮਾਰ ਵਾਅਦੇ ਲੋਕਾਂ ਨਾਲ ਕੀਤੇ। ਇਕ ਵਾਅਦੇ ਵਿੱਚ ਇਹ ਕਿਹਾ ਗਿਆ ਕਿ ਵਿਦੇਸ਼ਾਂ ਦੇ ਬੈਂਕਾਂ ਵਿੱਚ ਪਿਆ ਭਾਰਤੀ ਧੰਨ ਮੰਗਵਾ ਕੇ ਹਰੇਕ ਪੰਜ ਮੈਂਬਰੀ ਪ੍ਰੀਵਾਰ ਵਾਲਿਆਂ ਦੇ ਖਾਤੇ ਵਿੱਚ 15 -15 ਲੱਖ ਰੁਪਏ ਪਾਏ ਜਾਣਗੇ। ਪਰ ਚੋਣਾਂ ਜਿੱਤਣ ਉਪਰੰਤ ਮੋਦੀ ਸਾਹਿਬ ਸਰੇਆਮ ਇਹ ਆਖ ਕੇ ਮੁੱਕਰ ਗਏ ਕਿ ਇਹ ਤਾਂ ਚੁਣਾਵੀ ਜੁੱਮਲੇ ਸਨ। ਬਿਲਕੁਲ ਇੰਝ ਹੀ ਕੈਪਟਨ ਸਾਹਿਬ ਵੀ ਚੋਣ ਜਿੱਤਣ ਉਪਰੰਤ ਕਿਸਾਨਾਂ ਦੇ ਸਾਰੇ ਕਰਜੇ ਮੁਆਫ ਕਰਨ ਤੋਂ ਮੁੱਕਰ ਗਏ ਕਿ ਸਾਨੂੰ ਨਹੀਂ ਸੀ ਪਤਾ ਕਿ ਉਪੰਜਾਬ ਸਰਕਾਰ ਦਾ ਖਜਾਨਾ ਖਾਲੀ ਹੈ''।ਇਸ ਲਈ ਅਸੀ ਕਿਸਾਨਾਂ ਦੇ ਦੋ ਲੱਖ ਤਕ ਦੇ ਬੈਂਕਾਂ ਦੇ ਕਰਜੇ ਹੀ ਮੁਆਫ ਕਰ ਸਕਾਂਗੇ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦੱਬੀ ਕਰਨ ਵਾਲੇ ਦੋਸ਼ੀਆਂ ਨੂੰ ਫੜ੍ਹਣ ਦੇ ਨਾਲ ਬਹਿਬੱਲ ਕਲਾਂ ਤੇ ਕੋਟਕਪੁਰਾ ਗੋਲੀ ਕਾਂਡ ਦੇ ਦੋਸ਼ੀ ਭਾਵੇਂ ਉਹ ਕਿੰਨੇ ਹੀ ਵੱਡੇ ਲੋਕ ਕਿਉਂ ਨਾ ਹੋਣ ਜੇਲ੍ਹ ਦੀਆ ਸਲਾਖਾਂ ਪਿੱਛੇ ਕੀਤੇ ਜਾਣਗੇ? ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਇਤਨੇ ਧੂੰਆਂਧਾਰ ਭਾਸ਼ਨ ਦੇ ਕੇ ਲੋਕਾਂ ਨੂੰ ਵਿਸ਼ਵਾਸ਼ ਦਿੱਤਾ ਸੀ ਕਿ ਤੁਸੀ ਕਾਂਗਰਸ ਪਾਰਟੀ ਦੀ ਸਰਕਾਰ ਬਣਾਉ । ਅਸੀਂ ਪੰਜਾਬ ਦੀ ਕਾਇਆ ਕਲਪ ਕਰ ਦਿਆਂਗੇ।ਚੋਣਾਂ ਦੇ ਅਖੀਰਲੇ ਦਿਨਾਂ ਵਿੱਚ ਤਾਂ ਉਨਾਂ ਨੇ ਗੁਰਬਾਣੀ ਦਾ ਗੁੱਟਕਾ ਹੱਥ ਵਿੱਚ ਫੜ੍ਹ ਕੇ ਇਥੋਂ ਤਕ ਸਹੁੰ ਖਾਹ ਮਾਰੀ ਸੀ ਕਿ ਉਹ ਪੰਜਾਬ ਵਿਚਲੇ ਨਸ਼ਿਆਂ ਨੂੰ ਚਾਰ ਹਫਤਿਆਂ ਵਿੱਚ ਬਿਲਕੁਲ ਜੜ੍ਹ ਤੋਂ ਖਤਮ ਕਰ ਦੇਣਗੇ।ਅੱਜ ਪੰਜਾਬ ਦੇ ਲੋਕ ਸਰਕਾਰ ਤੋਂ ਮੂੰਹੋਂ ਮੂੰਹੀਂ ਪੁੱਛ ਰਹੇ ਹਨ ਕਿ ''ਕੈਪਟਨ ਸਾਹਿਬ ਤੁਸੀਂ ਕਿਹਾ ਸੀ ਕਿ ਘਰ ਘਰ ਰੁੱਜਗਾਰ ਦਿੱਤੇ ਜਾਣਗੇ, ਨੌਜੁਆਨਾਂ ਨੂੰ ਯਕੀਨ ਦੁਆਉਣ ਲਈ, ਉਨਾਂ ਨੂੰ ਨੌਕਰੀਆਂ ਦੇਣ ਦੇ ਧੜਾ ਧੜ ਫਾਰਮ ਵੀ ਭਰਵਾਏ ਗਏ ਸਨ। ਅੱਜ ਨੌਜੁਆਨ ਮੁਜਾਹਰੇ ਕਰ ਕਰ ਕੇ ਸਰਕਾਰ ਕੋਲੋਂ ਪੁੱਛ ਰਹੇ ਹਨ ਕਿ ਕਿਥੇ ਗਏ ਸਾਡੇ ਰੁੱਜਗਾਰ? ਜਦੋਂ ਕਿ ਪੰਜਾਬ ਸਰਕਾਰ ਦਾ ਪੰਜ ਸਾਲ ਤਕ ਦਾ ਕਾਰਜ ਕਾਲ ਐਨ ਮੁੱਕਣ ਕਿਨਾਰੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦੱਬੀ ਕਰਨ ਵਾਲੇ ਦੋਸ਼ੀਆਂ ਨੂੰ ਫੜ੍ਹਣ ਦੇ ਨਾਲ ਬਹਿਬੱਲ ਕਲਾਂ ਤੇ ਕੋਟਕਪੁਰਾ ਗੋਲੀ ਕਾਂਡ ਦੇ ਦੋਸ਼ੀਆਂ ਭਾਵੇਂ ਉਹ ਕਿੰਨੇ ਹੀ ਵੱਡੇ ਕਿਉਂ ਨਾ ਹੋਣ ਜੇਲ ਦੀਆਂ ਸੀਖਾਂ ਪਿਛੇ ਦਿੱਤੇ ਜਾਣਗੇ।ਪਰ ਹੁਣ ਤਕ ਕਿਸੇ ਨੂੰ ਨਾ ਤਾਂ ਫੜ੍ਹਿਆ ਗਿਆ ਹੈ ਨਾ ਹੀ ਕਿਸੇ ਨੂੰ ਜੇਲ੍ਹ ਭੇਜਿਆ ਗਿਆ। ਕੈਪਟਨ ਸਾਹਿਬ ਬਾਰੇ ਇਹ ਚਰਚਾ ਵੀ ਪਿਛਲੇ ਸਮੇਂ ਤੋਂ ਜੋਰਾਂ ਤੇ ਹੋ ਰਹੀ ਹੈ ਕਿ ਉਹ ਬਾਦਲਾਂ ਦੇ ਨਾਲ ਰੱਲੇ ਹੋਏ ਹਨ। ਇਸੇ ਕਰਕੇ ਉਨਾਂ ਨੇ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ। ਇਹ ਵੀ ਚਰਚਾ ਹੈ ਕਿ ਜੇ ਕਰ ਨਵੇਂ ਬਣੇ ਪ੍ਰਧਾਨ ਨਾਲ ਕੈਪਟਨ ਸਾਹਿਬ ਦੀ ਬਣਦੀ ਨਾ ਹੋਣ ਦੇ ਕਾਰਨ ਕਾਂਗਰਸ ਪਾਰਟੀ ਨੇ ਜੇ ਕੈਪਟਨ ਸਾਹਿਬ ਨੂੰ ਗੱਦੀ ਤੋਂ ਲਾਹ ਦਿੱਤਾ ਤਾਂ ਉਹ ਵਿੱਚੋਂ ਵਿੱਚ ਮੋਦੀ ਨਾਲ ਵੀ ਆਂਠ ਸਾਂਠ ਕਰੀ ਬੈਠੇ ਲਗਦੇ ਹਨ।ਇਸ ਸੂਰਤ ਵਿੱਚ ਉਹ ਝੱਟ ਛਾਲ ਮਾਰ ਕੇ ਭਾਜਪਾ ਵਿੱਚ ਵੀ ਸ਼ਾਮਲ ਹੋ ਸਕਦੇ ਹਨ! ਕਾਂਗਰਸ ਪਾਰਟੀ ਵਲੋਂ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੀ ਤਰਾਂ ਝੂਠੇ ਸਾਬਿਤ ਹੋਏ ਹਨ । ਪੰਜਾਬ ਦੇ ਲੋਕ ਭ੍ਰਿਸ਼ਟ-ਾਚਾਰ, ਮਹਿੰਗਾਈ, ਬੇਰੁਜਗਾਰੀ ਆਦਿ ਵਿੱਚ ਪਿੱਸਦੇ ਆ ਰਹੇ ਹਨ ਤੇ ਜਦੋਂ ਕਿ ਰਾਜਨੀਤਕ ਆਗੂ ਹਰੇਕ ਪ੍ਰਕਾਰ ਦੀਆਂ ਮੌਜਾਂ ਕਰਨ ਦੇ ਨਾਲ ਗੁੱਲਛਰੇ ਉਡਾਉਂਦੇ ਆ ਰਹੇ ਹਨ। ਇਨਾਂ ਆਗੂਆਂ ਵਿੱਚੋਂ ਸ਼ਰਮ ਹਯਾ ਤਾਂ ਬਿਲਕੁਲ ਮੁੱਕ ਚੁੱਕੀ ਲਗਦੀ ਹੈ। ਇਨਾਂ ਨੂੰ ਕੋਈ ਪੁੱਛ ਕੇ ਵੇਖੇ ਕਿ ਕੋਈ ਮੁਲਾਜਮ ਜਾਂ ਇਨਸਾਨ ਜਿਸ ਦਾ ਪੰਜਾਂ ਜੀਆਂ ਦਾ ਪ੍ਰੀਵਾਰ ਹੋਵੇ, ਕੀ ਉਹ ਅੱਠ , ਦੱਸ ਜਾਂ ਬਾਰਾਂ, ਪੰਦਰਾਂ ਹਜਾਰ ਰੁਪਏ ਮਹੀਨੇ ਵਿੱਚ ਇਤਨੀ ਮਹਿੰਗਾਈ ਵਿੱਚ ਸਾਰੇ ਪ੍ਰੀਵਾਰ ਦਾ ਗੁਜਾਰਾ ਕਰ ਸਕਦਾ ਹੈ? ਇਨਾਂ ਰਾਜਨੀਤਕਾਂ ਨੂੰ ਤਾਂ ਸਿਰਫ ਆਪਣੇ ਢਿੱਡ ਭਰਨ ਦੀ ਪਈ ਹੋਈ ਹੈ ਕਿ ਸਭ ਕੁਝ ਅਸੀਂ ਹੜੱਪ ਕਰ ਲਈਏ।ਪਿਛਲੇ 10,10-15,15 ਸਾਲਾਂ ਤੋਂ ਵਧੇਰੇ ਸਮੇਂ ਤੋਂ ਚੰਗੀਆਂ ਚੰਗੀਆਂ ਯੋਗਤਾਵਾਂ ਰੱਖਣ ਵਾਲੇ ਗੋਲਡ ਮੈਡਲ ਹਾਸਲ ਕਰੀ ਬੈਠੇ ਨੌ-ਜੁਆਨ ਇਨਾਂ ਮਾਮੂਲੀ ਜਿਹੀਆਂ ਤਨਖਾਹਾਂ ਵਾਲੇ ਰੁਜਗਾਰਾਂ ਉਤੇ ਧੱਕੇ ਖਾ ਰਹੇ ਹਨ। ਨਾ ਤਾਂ ਪਿਛਲੀ ਦਸ ਸਾਲ ਤਕ ਰਾਜ ਕਰ ਚੁੱਕਸੀ ਅਕਾਲੀ ਭਾਜਪਾ ਸਰਕਾਰ ਨੇ ਤੇ ਨਾ ਹੀ ਹੁਣ ਦੀ ਕਾਂਗਰਸ ਸਰਕਾਰ ਨੇ ਉਨਾਂ ਮੁਲਾਜਮਾਂ ਨੂੰ ਪੱਕਾ ਕੀਤਾ ਹੈ।ਕੀ ਪੰਜਾਬ ਦੇ ਮੁਲਾਜਮ ,ਕੀ ਪੈਨਸ਼ਨਰਜ, ਕੀ ਆਂਗਣਵਾੜੀ ਵਰਕਰ ,ਕੀ ਠੇਕੇਦਾਰੀ ਸਿਸਟਮ ਰਾਹੀਂ ਭਰਤੀ ਕੀਤੇ ਮੁਲਾਜਮ ਇਥੋਂ ਤਕ ਕਿ ਨਰਸਾਂ ਤੇ ਡਾਕਟਰਾਂ ਤਕ ਨੂੰ ਆਪਣੀਆ ਮੰਗਾਂ ਨੂੰ ਮਨਵਾਉਣ ਲਈ ਵੱਡੀਆਂ ਵੱਡੀਆਂ ਹੜਤਾਲਾਂ ਤੇ ਮੁਜਾਹਰੇ ਕਰਨੇ ਪੈ ਰਹੇ ਹਨ।ਪੰਜਾਬ ਦੇ ਹਰ ਵਰਗ ਦੇ ਮੁਲਾਜਮਾਂ ਨੂੰ ਆਪਣੀਆ ਮੰਗਾਂ ਨੂੰ ਹੱਲ ਕਰਾਉਣ ਲਈ ਜਦੋਜਹਿਦ ਕਰਕੇ ਪਟਿਆਲੇ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨੇ ਮੁਜਾਹਰੇ ਕਰਨੇ ਪੈ ਰਹੇ ਹਨ।ਪਰ ਇਨਸਾਫ ਮਿਲਣ ਦੀ ਥਾਂ ਤੇ ਉਨਾਂ ਤੇ ਪੰਜਾਬ, ਚੰਡੀਗੜ੍ਹ ਦੀ ਪੁਲੀਸ ਅੰਨਾ ਤਸ਼ੱਦਦ ਕਰਦੀ ਆ ਰਹੀ ਹੈ । ਨੌਜੁਆਨ ਲੜਕੀਆਂ ਤੇ ਮਰਦ ਪੁਲੀਸ ਵਲੋਂ ਜੁਲਮ ਢਾਹੁਣ ਤੇ ਵੀ ਸਰਕਾਰ ਨੂੰ ਸ਼ਰਮ ਨਹੀਂ ਆ ਰਹੀ। ਅਕਾਲੀ ਭਾਜਪਾ ਸਰਕਾਰ ਸਮੇਂ ਬੀਬੀ ਹਰਸਿਮਰਤ ਕੌਰ ਵਲੋਂ ਕੀਤੇ ਜਾ ਰਹੇ ਇਕ ਸਮਾਗਮ ਸਮੇਂ ਰੋਸ ਪ੍ਰਗਟ ਕਰਨ ਲਈ ਗਏ ਕਰਮਚਾਰੀਆਂ ਜਿਨਾਂ ਵਿੱਚ ਇਕ ਬਦਕਿਸਮਤ ਲੜਕੀ ਵੀ ਸੀ ਨੂੰ ਰੋਸ ਪ੍ਰਗਟ ਕਰਦਿਆਂ ਉਸੇ ਪਿੰਡ ਦੇ ਸਰਪੰਚ ਨੇ ਥੱਪੜ੍ਹ ਜੜ੍ਹ ਦਿੱਤਾ ਸੀ ਟੀ ਵੀ ਚੈਨਲਾਂ ਤੇ ਲੜਕੀਆਂ ਦੇ ਹੱਕ ਵਿੱਚ ਬੜਾ ਗੱਜ ਵੱਜ ਕੇ ਪ੍ਰਚਾਰ ਕਰਨ ਵਾਲੀ, ਇਸੇ ਬੀਬੀ ਬਾਦਲ ਨੇ ਇਸ ਘਟਨਾ ਦੀ ਨਿੰਦਾ ਤਾਂ ਕੀ ਕਰਨੀ ਸੀ , ਉਸ ਸਰਪੰਚ ਨੂੰ ਪੁੱਛਣ ਤਕ ਦੀ ਹਿੰਮਤ ਵੀ ਨਹੀਂ ਸੀ ਕੀਤੀ ਕਿ ਉਸ ਨੇ ਇਹ ਸ਼ਰਮਨਾਕ ਕਾਰਾ ਕਿਉਂ ਕੀਤਾ ਹੈ? ਹਰ ਰੋਜ ਲੜਕੇ ਲੜਕੀਆਂ ਕਦੇ ਚੰਡੀਗੜ੍ਹ, ਕਦੇ ਜਿਲਾ ਹੈਡ ਕੁਆਰਟਰਾਂ ਤੇ ਕਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਅੱਗੇ ਧਰਨੇ ਮੁਜਾਹਰੇ ਕਰਦੇ ਆ ਰਹੇ ਹਨ ।ਉਨਾਂ ਨੂੰ ਇਨਸਾਫ ਮਿਲਣ ਦੀ ਥਾਂ ਤੇ ਪੁਲੀਸ ਦਾ ਅੰਨਾ ਤਸ਼ੱਦਦ ਝਲਣਾ ਪੈ ਰਿਹਾ ਹੈ, ਕਈ ਵਾਰੀ ਮਹਿਲਾ ਮੁਲਾਜਮਾਂ ਉਤੇ ਮਰਦ ਪੁਲੀਸ ਵਲੋਂ ਜਬਰ ਢਾਹੇ ਜਾਣ ਦੀਆ ਖਬਰਾਂ ਹੁਣ ਆਮ ਹੀ ਮਿਲਣ ਲੱਗ ਪਈਆਂ ਹਨ ।ਸਾਡੇ ਲੀਡਰ ਜੋ ਕਹਿੰਦੇ ਹਨ ਉਨਾਂ ਤੋਂ ਲੋਕਾਂ ਦਾ ਵਿਸ਼ਵਾਸ਼ ਬਿਲਕੁਲ ਉੱਡ ਪੁੱਡ ਗਿਆ ਹੈ। ਲੋਕਾਂ ਲਈ ਪੰਜਾਬ ਸਰਕਾਰ ਦਾ ਖਜਾਨਾ ਖਾਲੀ ਹਰ ਵੇਲੇ ਖਾਲੀ ਹੀ ਹੁੰਦਾ ਹੈ ਪਰ ਜਦੋਂ ਇਨਾਂ ਮੰਤਰੀਆਂ ਤੇ ਵਿਧਾਨ ਸਭਾ ਮੈਂਬਰਾਂ ਨੂੰ ਬੁੱਕਾਂ ਭਰ ਭਰ ਸਹੂਲਤਾਂ ਦੇਣੀਆਂ ਹੋਣ ਤਾਂ ਸਰਕਾਰ ਦਾ ਖਜਾਨਾ ਪਤਾ ਨਹੀਂ ਕਿਵੇਂ ਨੱਕੋ ਨੱਕ ਭਰ ਜਾਂਦਾ ਹੈ? ਸਾਧਾਰਣ ਕਰਮਚਾਰੀ ਜਿਸ ਦੀ ਤਨਖਾਹ ਵੀ ਮਸਾਂ ਘਰ ਦਾ ਗੁਜਾਰਾ ਕਰਨ ਵਾਲੀ ਵੀ ਨਹੀਂ ਹੁੰਦੀ ,ਉਹ ਆਪਣੀ ਤਨਖਾਹ ਵਿੱਚੋਂ ਆਪਣਾ ਇਨਕਮ ਟੈਕਸ ਆਪਣੀ ਇਸ ਪੂਰੀ ਸੂਰੀ ਤਨਖਾਹ ਵਿੱਚੋਂ ਵੀ ਔਖੇ ਸੌਖੇ ਹੋ ਕੇ ਭਰਦੇ ਹਨ।ਪਰ ਲੱਖਾਂ ਰੁਪਇਆਂ ਦੀ ਪੈਨਸ਼ਨਾਂ ਪਾਉਣ ਵਾਲੇ ਤੇ ਪੰਜਾਬ ਦੇ ਖਜਾਨੇ ਨੂੰ ਦੋਹੀਂ ਦੋਹੀਂ ਹੱਥੀਂ ਲੁੱਟਣ ਵਾਲੇ ਪੰਜਾਬ ਦੇ 117 ਵਿਧਾਇਕਾਂ ਵਿੱਚੋਂ 93 ਵਿਧਾਇਕਾਂ ਜਿਨਾਂ ਵਿੱਚ ਪੰਜਾਬ ਦੇ ਪੰਜ ਵਾਰੀ ਰਹਿ ਚੁੱਕੇ ਮੁੱਖ ਮੰਤਰੀ ਸ੍ਰ ਪਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ ਤੇ ਜਿਹੜੇ ਹਰ ਮਹੀਨੇ ਪੰਜਾਬ ਦੇ ਖਜਾਨੇ ਵਿੱਚੋਂ 6-7 ਲੱਖ ਪੈਨਸ਼ਨ ਤੇ ਹੋਰ ਸਹੂਲਤਾਂ ਲੈਂਦੇ ਹਨ। ਇਸ ਭੱਦਰ ਪੁਰਸ਼ ਸ੍ਰ ਪਰਕਾਸ਼ ਸਿੰਘ ਬਾਦਲ ਸਮੇਤ ਸਾਰੇ ਵਿਧਾਇਕਾਂ ਦਾ ਇਨਕਮ ਟੈਕਸ ਵੀ ਪੰਜਾਬ ਸਰਕਾਰ ਆਪਣੇ ਖਜਾਨੇ ਵਿੱਚੋਂ ਹੀ ਭਰਦੀ ਆ ਰਹੀ ਹੈ।ਲੋਕਾਂ ਦਾ ਕਹਿਣਾ ਕਿ ਸਾਡੇ ਦੁਆਰਾ ਚੁਣੇ ਹੋਏ ਇਹ ਆਗੂ ਚੋਣਾਂ ਜਿੱਤਣ ਉਪਰੰਤ ਲੋਕਾਂ ਦੀ ਬਿਹਤਰੀ , ਉਨਾਂ ਦੇ ਚੰਗੇ ਜੀਵਨ ਨੂੰ ਬਣਾਉਣ ਲਈ ਕੋਈ ਕੱਦਮ ਚੁੱਕਣ ਦੀ ਥਾਂ ਤੇ ਇਹ ਰਾਜਨੀਤਕ ਲੋਕ ਸਿਰਫ ਆਪਣੇ ਜੀਵਨ ਨੂੰ ਹੋਰ ਬਿਹੱਤਰ ਬਣਾਉਣ ਤੇ ਆਪਣੇ ਲਈ ਹੋਰ ਧੰਨ ਨੂੰ ਇੱਕਠਾ ਕਰਨ ਦੇ ਨਾਲ ਵੱਧ ਤੋਂ ਵੱਧ ਸਰਕਾਰੀ ਸਹੂਲਤਾਂ ਦੇ ਅਨੰਦ ਨੂੰ ਮਾਣਦੇ ਹਨ। ਲੋਕਾਂ ਨੂੰ ਇਸ ਬਾਰੇ ਹੁਣ ਸੋਚਣ ਲਈ ਮਜਬੂਰ ਹੋਣਾ ਪੈਣਾ ਹੈ। ਕਿਸਾਨ ਅੰਦੋਲਨ ਨੇ ਨਿਖੇੜ੍ਹ ਕੇ ਦੱਸ ਦਿੱਤਾ ਹੈ ਕਿ ਇਨਾਂ ਰਵਾਇਤੀ ਪਾਰਟੀਆਂ ਦੇ ਆਗੂਆਂ ਕੋਲੋਂ ਕਿਸੇ ਪ੍ਰਕਾਰ ਦੀ ਝਾਕ ਨਾ ਰੱਖੀ ਜਾਵੇ ਕਿ ਇਹ ਤੁਹਾਡਾ ਭਵਿੱਖ ਚੰਗਾ ਬਣ-ਾਉਣ ਲਈ ਕੁਝ ਨਹੀਂ ਕਰਨ ਵਾਲੇ ! ਇਸੇ ਕਰਕੇ ਜਿਉਂ ਜਿਉਂ ਚੋਣਾਂ ਨਜਦੀਕ ਆ ਰਹੀਆ ਹਨ। ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਪ੍ਰਤੀ ਗੁੱਸਾ ਭਰੀ ਜਾ ਰਿਹਾ ਹੈ ਕਿਉਂਕਿ ਪਹਿਲਾਂ ਦਸ ਸਾਲ ਤਕ ਰਾਜ ਕਰਨ ਵਾਲੀ ਅਕਾਲੀ ਭਾਜਪਾ ਸਰਕਾਰ ਨੇ ਲੋਕਾਂ ਨੂੰ ਰੇਤ ਬਜਰੀ ਦੇ ਮਾਫੀਏ ਨਾਲ ਰੱਝ ਕੇ ਝੰਬਿਆ।ਲੋਕਾਂ ਦੀਆਂ ਮੰਗਾਂ ਨਾ ਮਨ ਕੇ ਉਨਾਂ ਨਾਲ ਬੇਇਨਸਾਫੀ ਕੀਤੀ, ਲੋਕ ਬੇਰੁਜਗਾਰੀ ਭ੍ਰਿਸ਼ਟਾਚਾਰ, ਮਹਿੰਗਾਈ ਆਦਿ ਵਿੱਚ ਪਿੱਸਦੇ ਰਹੇ ਤੇ ਇਹ ਰਾਜਨੀਤਕ ਆਗੂ ਹਰੇਕ ਪ੍ਰਕਾਰ ਦੇ ਅਨੰਦ ਮਾਣਦੇ ਰਹੇ । ਸਾਡੇ ਰਾਜਨੀਤਕ ਆਗੂਆਂ ਵਿੱਚੋਂ ਇਨਸਾਨੀਅੱਤ ਨਾਂ ਦੀ ਚੀਜ ਅਸਮਾਨੀ ਉੱਡ ਗਈ ਹੈ। ਕੈਪਟਨ ਸਰਕਾਰ ਨੇ ਵੀ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਲੋਕ ਭਲਾਈ ਦੇ ਕੋਈ ਕੰਮ ਨਹੀਂ ਕੀਤੇ। ਆਮ ਲੋਕਾਂ ਦਾ ਕਹਿਣਾ ਹੈ ਕਿ ਹੁਣ ਕਾਂਗਰਸ ਦੀ ਕੇਂਦਰੀ ਪਾਰਟੀ ਨੇ ਸ੍ਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦਾ ਪੈਂਤੜਾ ਵਰਤ ਕੇ 2022 ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਜਿੱਤਾਉਣਾ ਚਾਹੁੰਦੀ ਹੈ।ਕਾਂਗਰਸ ਪਾਰਟੀ ਦੇ ਨਵੇਂ ਬਣੇ ਪ੍ਰਧਾਨ ਸ੍ਰ:ਨਵਜੋਤ ਸਿੰਘ ਸਿੱਧੂ ਨੇ 18 ਨੁਕਾਤੀ ਪ੍ਰੋਗਰਾਮ ਨੂੰ ਸਿਰੇ ਚੜਾਉਣ ਲਈ ਤਾਂ ਇਥੋਂ ਤਕ ਪ੍ਰੈਸ ਵਿੱਚ ਕਹਿ ਮਾਰਿਆ ਹੈ ਕਿ ਉਜੇ ਕਰ ਪਾਰਟੀ ਦੀ ਕੇਂਦਰੀ ਹਾਈ ਕਮਾਨ ਨੇ ਉਨਾਂ ਨੂੰ ਫੈਸਲੇ ਕਰਨ ਦੇ ਅਧਿਕਾਰ ਨਾ ਦਿੱਤੇ ਤਾਂ ਉਹ ਇੱਟ ਨਾਲ ਇੱਟ ਖੜਕਾ ਦੇਣਗੇ''। ਇਸ ਬਿਆਨ ਕਾਰਨ ਕੁਝ ਲੋਕਾਂ ਵਿੱਚ ਚਰਚਾ ਹੋਣ ਲਗ ਪਈ ਹੈ ਕਿ ਸਿੱਧੂ ਪੁਰਾਣੇ ਭਾਜਪਾਈ ਹੋਣ ਦੇ ਨਾਤੇ ਪੰਜਾਬ ਵਿੱਚੋਂ ਕਿਧਰੇ ਕਾਂਗਰਸ ਪਾਰਟੀ ਦਾ ਸਦਾ ਲਈ ਪਤੱਾ ਗੁੱਲ ਕਰਨ ਲਈ , ਇਹੋ ਜਿਹੇ ਬਿਆਨ ਤਾਂ ਨਹੀਂ ਦੇ ਰਹੇ। ਉਂਝ ਵੀ ਕਾਂਗਰਸ ਪਾਰਟੀ ਵਿੱਚ ਚਾਹੇ ਰਾਜਿਸਥਾਨ ਹੈ ਜਾਂ ਫਿਰ ਉਤਰਾ ਖੰਡ ਹੈ ਜਾਂ ਫਿਰ ਪੰਜਾਬ ਹੀ ਕਿਉਂ ਨਾ ਹੋਵੇ? ਸਾਰੇ ਦੇਸ਼ ਵਿੱਚ ਕਾਂਗਰਸ ਪਾਰਟੀ ਵਿੱਚ ਵੱਡੇ ਪੱਧਰ ਤੇ ਪਾਟੋ ਧਾੜ੍ਹ ਚੱਲ ਰਹੀ ਹੈ। ਕਿਸਾਨ ਅੰਦੋਲਨ ਨੇ ਭਾਜਪਾ ਲਈ ਵੀ ਭਾਰੀ ਬਣਾ ਕੇ ਰੱਖੀ ਹੋਈ ਹੈ।ਪੰਜਾਬ ਵਿੱਚ ਭਾਜਪਾ ਦੇ ਪੈਰ ਨਹੀਂ ਲਗ ਰਹੇ।ਪੰਜਾਬ ਵਿੱਚ ਇਸ ਸਮੇਂ ਜਿੰਨੀਆਂ ਪਾਰਟੀਆਂ ਚੋਣਾਂ ਦੇ ਦੰਗਲ ਵਿੱਚ ਕੁੱਦ-ਦੀਆਂ ਨਜਰ ਆ ਰਹੀਆਂ ਹਨ । ਚਾਹੇ ਉਹ ਅਕਾਲੀ ਦੱਲ ਬਾਦਲ ਹੈ, ਬਸਪਾ ਹੈ, ਆਮ ਆਦਮੀ ਪਾਰਟੀ ਹੈ ਜਿਸ ਦੀ ਅਗਵਾਈ ਸ੍ਰੀ ਕੇਜਰੀਵਾਲ ਕਰ ਰਹੇ ਹਨ।ਇਹ ਸਾਰੇ ਹੀ ਲੁਕਵੇਂ ਢੰਗ ਨਾਲ ਭਾਜਪਾ ਲਈ ਹੀ ਕੰਮ ਕਰਦੇ ਨਜਰੀਂ ਪੈਂਦੇ ਹਨ ।ਆਮ ਆਦਮੀ ਪਾਰਟੀ ਦੀ ਪਿਛਲੀ ਕਾਰਗੁਜਾਰੀ ਨੂੰ ਵੇਖੋ, ਚਾਹੇ ਉਹ ਸ਼ਹੀਨ ਬਾਗ ਦਾ ਮੱਸਲਾ ਸੀ, ਜਾਂ ਫਿਰ ਜੰਮੂ ਕਸ਼ਮੀਰ ਦੀ 370 ਧਾਰਾ ਨੂੰ ਖਤਮ ਕਰਕੇ ਕੇਂਦਰੀ ਸ਼ਾਂਸ਼ਤ ਪ੍ਰਦੇਸ਼ ਬਣਾਉਣ ਦਾ ਸੀ ਜਾਂ ਫਿਰ ਪੰਜਾਬ ਦੇ ਪਾਣੀਆਂ ਦਾ ਸਵਾਲ ਸੀ ਜਾਂ ਫਿਰ ਕਿਸਾਨਾਂ ਦੇ ਤਿੰਨ ਕਿਸਾਨ ਮਾਰੂ ਬਿੱਲ ਲਾਗੂ ਕਰਨ ਦਾ ਸੀ। ਸਾਰੇ ਮਾਮਲਿਆਂ ਵਿੱਚ ਕੇਜਰੀਵਾਲ ਦੀ ਭੂਮਿਕਾ ਭਾਜਪਾ ਪੱਖੀ ਰਹੀ ਹੈ।



ਕੇਜਰੀਵਾਲ ਪੰਜਾਬ ਵਿੱਚ ਵੀ ਕਿਸੇ ਪੰਜਾਬੀ ਆਗੂ ਨੂੰ ਉਭਰਣ ਨਾ ਦੇ ਕੇ ਪੰਜਾਬ ਵਿੱਚ ਵੀ ਕਿਸੇ ਗੈਰ ਪੰਜਾਬੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਉਣਾ ਚਾਹੁੰਦਾ ਹੈ।ਇਸੇ ਕਰਕੇ ਲੋਕ ਮੂੰਹੋਂ ਮੂੰਹੀਂ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ ਬੀ ਟੀਮ ਕਹਿਣ ਲੱਗ ਪਏ ਹਨ। ਜੇ ਕਰ ਪੰਜਾਬ ਦੇ ਲੋਕਾਂ ਨੇ ਸਮਝਦਾਰੀ ਤੋਂ ਕੰਮ ਨਾ ਲਿਆ ਤਾਂ ਜਿਸ ਤਰਾਂ ਅਨੇਕਾਂ ਵੱਖ ਵੱਖ ਪਾਰਟੀਆਂ ਦੇ ਧੱੜ੍ਹੇ ਬਣ ਰਹੇ ਹਨ। ਇਹਨਾਂ ਦਾ ਸੁੱਭ ਸੰਕੇਤ ਨਹੀਂ ਹੈ, ਇਸ ਦਾ ਫਾਇਦਾ ਭਾਜਪਾ ਨੂੰ ਪਹੁੰਚ ਸਕਦਾ ਹੈ।

ਪੰਜਾਬੀ ਬਹੁਤ ਕੁਝ ਕਰ ਸਕਣ ਦੇ ਸਮਰੱਥ ਹਨ ਉਨਾਂ ਨੂੰ ਹਾਲੇ ਤਕ ਯਾਦ ਹੈ ਜਦੋਂ ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਚੋਣਾਂ ਲੜੀਆਂ ਸਨ ਉਸ ਸਮੇਂ ਇਸ ਪਾਰਟੀ ਦਾ ਸੁਪਰੀਮੋ ਤਕ ਤਾਂ ਹਾਰ ਗਿਆ ਸੀ ਤੇ ਸਾਰੇ ਭਾਰਤ ਵਿੱਚ ਪੰਜਾਬ ਤੋਂ ਛੁੱਟ ਉਸ ਨੂੰ ਇਕ ਵੀ ਪਾਰਲੀਮੈਂਟ ਦੀ ਸੀਟ ਤਕ ਨਹੀਂ ਸੀ ਮਿਲੀ। ਪਰ ਉਸ ਵੇਲੇ ਵੀ ਪੰਜਾਬੀਆਂ ਨੇ ਕ੍ਰਿਸ਼ਮਾ ਕਰ ਵਿਖਾਇਆ ਸੀ ਕਿ ਪੰਜਾਬ ਨੇ ਇਸ ਪਾਰਟੀ ਨੂੰ ਚਾਰ ਲੋਕ ਸਭਾ ਦੀਆਂ ਸੀਟਾਂ ਜਿੱਤਾ ਕੇ ਦਿੱਤੀਆਂ ਸਨ। ਉਸ ਵੇਲੇ ਕਿਹੜੇ ਦਿੱਲੀ ਤੋਂ ਆਗੂ ਆਏ ਸਨ? ਪੰਜਾਬੀਆਂ ਵਿੱਚ ਇਤਨੇ ਕੁ ਗੁਣ ਹਨ ਕਿ ਉਹ ਆਪਣੇ ਭਲੇ ਲਈ ਸਭ ਕੁਝ ਸੋਚਣ ਦੇ ਸਮਰੱਥ ਹਨ। ਹਾਂ ਜਦੋਂ 2017 ਦੀਆ ਚੋਣਾਂ ਵਿੱਚ ਪੰਜਾਬ ਤੋਂ ਬਾਹਰੋਂ ਦਿੱਲੀ ਆਦਿ ਪ੍ਰਾਤਾਂ ਦੇ ਆਗੂ ਸ੍ਰੀ ਕੇਜਰੀਵਾਲ ਨੇ ਜਿਹੜੇ ਭੇਜੇ ਗਏ ਤਾਂ ਉਨਾਂ ਨੇ ਪੰਜਾਬ ਦੇ ਲੋਕਾਂ ਨੂੰ ਲੁੱਟਣ ਦੇ ਨਾਲ, ਆਪ ਮਾਲਾ ਮਾਲ ਹੋ ਕੇ, ਪੰਜਾਬ ਵਿੱਚ ਪਾਰਟੀ ਨੂੰ ਹਰਵਾ ਕੇ ਕਿ ਕਿਧਰੇ ਪੰਜਾਬੀ ਆਮ ਆਦਮੀ ਪਾਰਟੀ ਦੇ ਸਿਰਕੱਢ ਆਗੂ ਨਾ ਬਣ ਜਾਣ, ਆਪ ਤਾਂ ਰਫੂ ਚੱਕਰ ਜਰੂਰ ਹੋ ਗਏ ਸਨ ।ਸਮਾਂ ਮੰਗ ਕਰਦਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਕੋਈ ਹੋਰ ਨਵੀਂ ਧਿਰ ਖੜੀ ਕੀਤੇ ਜਾਣ ਦੀ ਜਰੂਰਤ ਹੈ, ਜਿਹੜੇ ਪੰਜਾਬ ਨੂੰ ਜੋ ਕਿਸੇ ਸਮੇਂ ਭਾਰਤ ਦਾ ਇਕ ਨੰਬਰ ਦਾ ਸੂਬਾ ਸੀ ਉਸ ਨੂੰ ਫਿਰ ਉਸ ਰੁਤੱਬੇ ਤੇ ਪਹੁੰਚਾਉਣ ਦੇ ਸਮਰੱਥ ਹੋਣ।

ਜਿਸ ਪੰਜਾਬ ਨੂੰ ਕਾਂਗਰਸੀਆਂ ਤੇ ਭਾਜਪਾਈਆਂ ਦੀਆਂ ਸਰਕਾਰਾਂ ਨੇ ਵਿੱਤਕਰੇ ਕਰ ਕਰ ਕੇ ਅੰਤਾਂ ਦਾ ਕਰਜਾਈ ਤੇ ਨਿਮਾਣਾ ਜਿਹਾ ਸੂਬਾ ਬਣਾ ਕੇ ਰੱਖ ਦਿੱਤਾ ਹੈ। ਇਸ ਸੂਬੇ ਨੂੰ ਚੰਗੀ ਦਿਸ਼ਾ ਦੇ ਕੇ ਖੁਸ਼ਹਾਲ ਬਣਾਉਣ ਲਈ ਦਿਲੋਂ ਯਤਨਸ਼ੀਲ ਹੋਵੇ।ਜਿਸ ਤਰਾਂ ਇਸ ਸਮੇਂ ਕਾਂਗਰਸ ਪਾਰਟੀ, ਅਕਾਲੀ ਦੱਲ ਬਾਦਲ ਤੇ ਆਮ ਆਦਮੀ ਪਾਰਟੀ ਦੀ ਨਾਜੁਕ ਹਾਲਤ ਬਣੀ ਹੋਈ ਹੈ।ਕੀ ਪਿੰਡਾਂ ਤੇ ਕੀ ਸ਼ਹਿਰਾਂ ਦੇ ਸਾਰੇ ਲੋਕ ਇਨਾਂ ਪਾਰਟੀਆਂ ਨੂੰ ਨਫਰਤ ਦੀ ਨਿਗਾਅ ਨਾਲ ਦੇਖ ਰਹੇ ਹਨ। ਜੇ ਕੋਈ ਸੋਚੇ ਕਿ ਕਾਂਗਰਸ ਪਾਰਟੀ ਦਾ ਨਵੇਂ ਬਣਾਏ ਪ੍ਰਧਾਨ ਪੰਜਾਬ ਵਿੱਚ ਕੋਈ ਕ੍ਰਿਸ਼ਮਾ ਕਰ ਕੇ ਵਿਖਾ ਦੇਣਗੇ।

ਲੋਕ ਬਹੁਤ ਬੁਰੀ ਤਰਾਂ ਕਾਂਗਰਸ ਪਾਰਟੀ ਦੀ ਪਿਛਲੀ ਕਾਰਗੁਜਾਰੀ ਤੋਂ ਨਰਾਜ ਤੇ ਗੁੱਸੇ ਦੇ ਰੌਂ ਵਿੱਚ ਹਨ। ਉਹ ਹੁਣ ਕਾਂਗਰਸ ਪਾਰਟੀ ਦੀਆ ਗੱਲਾਂ, ਫੋਕੇ ਵਾਅਦਿਆਂ ਵਿੱਚ ਯਕੀਨ ਕਰਨ ਵਾਲੇ ਨਹੀਂ।

ਇਸ ਲਈ ਬੜਾ ਸ਼ਾਨਦਾਰ ਤੇ ਵਧੀਆ ਮੌਕਾ ਹੈ ਕਿ ਪੰਜਾਬ ਹਿਤੈਸ਼ੀ , ਈਮਾਨਦਾਰ ਲੋਕ ਸਭ ਇਕੱਠੇ ਹੋ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਅੱਗੇ ਆਉਣ । ਹਾਂ ਮੌਜੂਦਾ ਹਾਲਤ ਇਹ ਦੱਸ ਰਹੇ ਹਨ ਕਿ ਸਿੱਧੂ ਸਾਹਿਬ ਭਾਵੇਂ ਈਮਾਨਦਾਰ ਹਨ ਪਰ ਉਨਾਂ ਦਾ ਪਿਛਲਾ ਤਜਰਬਾ ਨਿਰਾਸ਼ਾਜਨਕ ਰਿਹਾ ਹੈ ਉਹ ਜਿਨਾਂ ਮਰਜੀ ਜੋਰ ਲਗਾ ਲੈਣ, ਉਹਨਾਂ ਲਈ ਵੀ ਹੁਣ ਇਸ ਪਾਰਟੀ ਨੂੰ ਬਚਾਉਣਾ ਅਸੰਭਵ ਜਿਹਾ ਲਗ ਰਿਹਾ ਹੈ। ਇਸ ਕਰਕੇ ਹਾਲ ਦੀ ਘੜੀ ਕਾਂਗਰਸ ਪਾਰਟੀ ਦਾ ਪੱਲੇ ਕੁਝ ਵੀ ਪੈਣ ਵਾਲਾ ਨਹੀਂ ਲਗਦਾ! ਨਾ ਹੀ ਨੇੜਲੇ ਭਵਿੱਖ ਵਿੱਚ ਅਜਿਹਾ ਕੁਝ ਬਣਨ ਦੇ ਆਸਾਰ ਨਜਰ ਆ ਰਹੇ ਹਨ। ਹੁਣ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ ਕਿ ਪੰਜਾਬ ਦਾ ਊਠ ਕਿਸ ਤਰਫ ਕਰਵਟ ਲੈਂਦਾ ਹੈ।

## ਪ੍ਰਵਾਸੀ ਪੰਜਾਬੀ ਗੀਤਕਾਰ ਬਲਿਹਾਰ ਲੇਹਲ਼ ਦਾ ਲਿਖਿਆ ਗੀਤ 'ਅਣਜੰਮੀ ਧੀ ਦੀ ਪੁਕਾਰ' ਰਿਲੀਜ਼ ਹੋਇਆ

ਅਮਰੀਕਾ ਦੇ ਸਿਆਟਲ ਸ਼ਹਿਰ ਵਿੱਚ ਵਸਦੇ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਨਾਲ ਜੁੜੇ ਹੋਏ ਮਾਂ ਬੋਲੀ ਦੇ ਮਾਣਮੱਤੇ ਗੀਤਕਾਰ ਤੇ ਲੇਖਕ ਬਲਿਹਾਰ ਲੇਹਲ ਦੁਆਰਾ ਲਿਖਿਆ ਹੋਇਆ ਗੀਤ 'ਅਣਜੰਮੀ ਧੀ ਦੀ ਪੁਕਾਰ' ਇੰਨੀ ਦਿਨੀਂ ਚਰਚਾ ਵਿੱਚ ਹੈ। ਇਸ ਨੂੰ ਗਾਇਕ ਅਮਰ ਸਿੰਘ ਲਿੱਤਰਾਂ ਨੇ ਆਪਣੀ ਸੁਹਜਮਈ ਆਵਾਜ਼ ਵਿੱਚ ਗਾਇਆ ਹੈ। ਸੇਵਾ ਸਿੰਘ ਨੌਰਥ ਹੋਰਾਂ ਦੁਆਰਾ ਪ੍ਰਸੁਤੁਤ ਇਹ ਗੀਤ ਡਾਲੀ 3007 ਰਿਕਾਰਡ ਇਟਲੀ ਦੁਆਰਾ ਰਿਕਾਰਡ ਕੀਤਾ ਗਿਆ ਹੈ। ਸੰਗੀਤਕ ਧੁਨਾਂ ਹਰਪ੍ਰੀਤ ਅਨਾੜੀ ਦੁਆਰਾ ਅਤੇ ਇਸਦੀ ਵੀਡਿਓ ਨੂੰ ਜੇਲਸਟਿਨ ਦੁਆਰਾ ਨਿਰਦੇਸ਼ਤ ਕੀਤਾ ਗਿਆ ਹੈ। ਇਹ ਗੀਤ ਸਾਡੇ ਸਮਾਜ ਵਿੱਚ ਫੈਲੀ ਬੁਰਾਈ ਗਰਭ ਭਰੂਣ ਹੱਤਿਆ ਦੀ ਨਿੰਦਾ ਕਰਦਾ ਅਤੇ ਲੋਕਾਂ ਨੂੰ ਧੀਆਂ ਦੀ ਕਦਰ ਕਰਨ ਦਾ ਸੰਦੇਸ਼ ਦਿੰਦਾ ਹੈ। ਪੰਜਾਬੀ ਗੀਤਕਾਰੀ ਦੇ ਬਾਬਾ ਬੋਹੜ ਸਰਦਾਰ ਹਰਦਿਆਲ ਸਿੰਘ ਚੀਮਾ ਦੀ ਵੀ ਇਸ ਵਿੱਚ ਹੱਲਾਸ਼ੇਰੀ ਸ਼ਾਮਿਲ ਹੈ। ਕੁੱਲ ਮਿਲਾ ਕੇ ਅਜਿਹੇ ਸੁਧਾਰਵਾਦੀ ਗੀਤਾਂ ਦੀ ਅੱਜ ਬਹੁਤ ਲੋੜ ਹੈ। ਬਲਿਹਾਰ ਲੇਹਲ ਵਰਗੇ ਸਾਫ ਸੁਥਰੇ ਗੀਤਕਾਰਾਂ ਨੂੰ ਅੱਜਕਲ ਹੱਲਾਸ਼ੇਰੀ ਦੇਣ ਦੀ ਲੋੜ ਹੈ ਤਾਂ ਕਿ ਹਿੰਸਕ ਅਤੇ ਲੱਚਰ ਗੀਤਕਾਰੀ ਤੇ ਗਾਇਕੀ ਨੂੰ ਨੱਥ ਪਾਈ ਜਾਵੇ।




– ਰਾਜਨਦੀਪ ਕੌਰ ਮਾਨ

# ਦੋ-ਦੋ ਸਵਾਲ ਕਲਾਕਾਰਾਂ ਨਾਲ - ਅੰਮ੍ਰਿਤ ਪਵਾਰ



**ਦਰਸ਼ਨ ਔਲਖ**

ਪਹਿਲਾ ਸਵਾਲ: ਸੰਖੇਪ'ਚ ਸ਼ੁਰੂ ਤੋਂ ਹੁਣ ਤੱਕ ਦੇ ਕੈਰੀਅਰ ਨੂੰ ਕਿਵੇਂ ਪੰਜਾਬੀਆਂ ਤੱਕ ਪਹੁੰਚਾਉਗੇ?
ਜਵਾਬ : 'ਮਿਰਜਾ ਜੱਟ' 'ਚ ਛੋਟਾ ਜਿਹਾ ਕਿਰਦਾਰ ਸੀ ਪਰ ਫਿਰ ਮਿਹਨਤ ਦੇ ਰੰਗ ਫਿਲਮ ਐਕਟਰ, ਲੇਖਕ ਤੇ ਲਾਇਨ ਨਿਰਮਾਤਾ ਬਣਿਆ, ਹੁਣ ਗਾਇਕ ਇਕ ਵੀ ਹਾਂ ।
ਦੂਜਾ ਸਵਾਲ:- ਗਾਇਕੀ ਦਾ ਫੈਸਲਾ ਕੁਝ ਸਮਝ ਨਹੀਂ ਆਇਆ ਗੀਤ ਗਾਇਕ ਬਣਾ ਗਿਆ । ਜੀਉਣ ਮੇਰੇ ਦੇਸ਼ ਦੇ ਕਿਸਾਨ।

**ਦਿਲਜੋਤ**

ਪਹਿਲਾ ਸਵਾਲ:- ਪੰਜਾਬੀ ਤੁਹਾਡੇ ਨਾਲ ਰੂ-ਬ-ਰੂ ਹੋਣ ਚਾਹੁੰਦੇ ਨੇ?
ਜਵਾਬ: ਦਿਲਜੋਤ, ਪੰਜਾਬਣ ਕੁੜੀ ਹਾਂ, ਭਰ ਅਫਸਰ ਨੇ ਪੰਜਾਬ ਪੁਲਿਸ 'ਚ ਤੇ ਮੇਰਾ ਝੁਕਾਅ ਫਿਲਮਾਂ ਵੱਲ ਸੀ । 'ਮੇਰੇ ਯਾਰ ਕਮੀਨੇ' ਨਾਲ ਹੀਰੋਇਨ ਬਣੀ ।
ਦੂਜਾ ਸਵਾਲ: ਹੁਣ ਤੱਕ ਦੀਆਂ ਪ੍ਰਾਪਤੀਆ ਦੱਸ ਦਿਓ?
ਜਵਾਬ: ਦਿਲਜੀਤ ਦੋਸਾਂਝ ਨਾਲ 'ਪਟਿਆਲਾ ਪੈਗ' ਗੀਤ ਕੀਤਾ, ਆਪ ਗਾਇਕਾਂ ਬਣੀ । ਹੁਣ ਬਾਲੀਵੁੱਡ 'ਚ ਸਥਾਪਿਤ ਹੋਣਾ ਹੈ।

**ਅਮਰਿੰਦਰ ਗਿੱਲ**

ਪਹਿਲਾ ਸਵਾਲ: ਹੀਰੋ ਬਣ ਗਏ, ਸਟਾਰ ਬਣ ਗਏ ਕਿਉਂ ਜੀ?
ਜਵਾਬ: ਦਰਸਕ, ਸਰੋਤੇ ਤੇ ਵਾਹਿਗੁਰੂ ਤਿੰਨਾਂ ਦੇ ਸਹਿਯੋਗ ਨਾਲ ਸਭ ਹੋਇਆ ।
ਦੂਜਾ ਸਵਾ: ਹੁਣ ਕੀ ਪ੍ਰੋਗਰਾਮ ਹੈ ਤੁਹਾਡਾ?
ਜਵਾਬ ਕਰੋਨਾ ਕਾਲ ਖਤਮ ਹੋਵੇ, ਤਾਂ ਹੀ ਫਿਲਮਾ ਦਾ ਲਾਭ ਹੈ। ਬਹਿਰੀਨ 'ਚ ਚਲ ਮੇਰਾ ਪੁੱਤ-2' ਰਿਲੀਜ ਹੋ ਕਾਮਯਾਬ ਜਾ ਰਹੀ ਹੈ।

**ਪੂਨਮ ਕਾਜਲ**

ਪਹਿਲਾ ਸਵਾਲ: ਕੌਣ ਹੈ ਪੂਨਮ ਕਾਜਲ ਜਰਾ ਦੱਸੋਗੇ?
ਜਵਾਬ: ਹਰਿਆਣੇ ਦੀ ਛੋਹਰੀ ਹੈ। ਪੰਜਾਬਣ ਤੇ ਮਾਡਲਿੰਗ ਐਕਟਿੰਗ ਮੇਰਾ ਕਿੱਤਾ ਹੈ । ਇਕ ਦਿਨ ਸਥਾਪਿਤ ਐਕਟਰੈਸ ਬਣਨਾ ਹੈ ।
ਦੂਜਾ ਸਵਾਲ: ਕੀ ਕਰਨਾ ਪੈਂਦਾ ਹੈ ਇਥੇ ਬਣ ਰਹਿਣ ਲਈ?
ਜਵਾਬ: ਫਿਟਨੈਸ ਜਰੂਰੀ ਹੈ । ਕਸਰਤ ਤੇ ਨਿਣਮ ਸਭ ਨਾਲ ਲੈ ਕਿ ਚੰਗੇ ਸੁਭਾਓ ਨਾਲ ਚਲਣਾ ਪੈਂਦਾ ਹੈ।







**ਮਨਜਿੰਦਰ ਤਨੇਜਾ - ਬੀਵੀ ਹੋ ਤੋ ਐਸੀ**
ਕਿਤੇ ਪਿਚਲੇ ਜਨਮ ਮੋਤੀ ਦਾਨ ਕੀਤੇ ਹੋਣਗੇ



ਮਨਜਿੰਦਰ ਤਨੇਜਾ ਨੇ ਆਗਿਆਕਾਰਨ ਪਤਨੀ ਮਿਲੀ, ਸ੍ਰੀਮਤੀ ਤਨੇਜਾ ਦਾ ਸਹਿਯੋਗ ਕਿ ਅੱਜ ਸੁਰਿੰਦਰ ਛਿੰਦਾ ਜਿਹੇ ਗਾਇਕ ਮਨਜਿੰਦਰ ਤਨੇਜਾ ਦੇ ਸੰਗੀਤ ਦੀ ਸਿਫਤ ਕਰਦੇ ਹਨ । ਦੂਰ-ਦਰਸ਼ਨ ਜਲੰਧਰ ਤਾਂ ਤਨੇਜਾ ਦੀ ਗਾਇਕੀ ਤੇ ਸੰਗੀਤ ਦਾ ਕਾਇਲ ਹੈ ।

**ਮਾਹੀ ਗਿੱਲ - ਮੂਰਤ ਪ੍ਰਤਿਭਾ ਦੀ**

ਗੁਲਜਾਰ ਜਿਹੇ ਗੀਤਕਾਰ ਆਖਦੇ ਹਨ ਕਿ ਮਾਹੀ ਗਿੱਲ ਕਿਸੇ ਨਜਮ ਦਾ ਮੁੱਖੜਾ ਹੈ । ਜਿੰਮੀ ਸੇਰ ਗਿੱਲ ਕਹੇ ਕਿ ਦੂਜੀ

ਨਰਗਿਸ ਹੈ ਮਾਹੀ ਗਿੱਲ ਤੇ ਮਾਹੀ ਗਿੱਲ ਬੋਲਡ ਕਿਰਦਾਰ 'ਚ ਰੂਹ ਐਕਟਿੰਗ ਕਰਦੀ ਹੈ। ਬਾਲੀਵੁੱਡ ਦਾ ਮਾਣ ਹੈ ਮਾਹੀ ਗਿੱਲ।

**ਸੰਦੀਪ ਭੁੱਲਰ -ਯਾਦ ਨਾ ਜਾਣੇ**

ਬੀਤੇ ਦਿਨਾਂ ਦੀ ਯਾਦਾਂ ਜਾਂ ਤਾਂ ਆਸ਼ਿਕ ਯਾਦ ਰੱਖਦੇ ਨੇ ਜਾਂ ਫਿਰ ਸ਼ਾਇਰ ਤੇ ਜਾਂ ਕਲਾਕਾਰ । ਸੰਦੀਪ ਭੁੱਲਰ ਅੱਜ ਕੱਲ ਮੈਲਬੋਰਨ ਹੈ । ਚੰਡਗਿੜ੍ਹ ਵਿਖੇ ਧੁੱਪ-ਛਾਂ 'ਚ ਕੀਤੀ

ਸ਼ੂਟਿੰਗ ਨਿਰਦੇਸਕ ਦਾ ਵਤੀਰਾ ਤੇ ਕਲਾਕਾਰਾਂ ਦਾ ਸਾਹਿਯੋਗ ਉਸਦੀਆ ਸੁਨਹਿਰੀ ਯਾਦਾਂ ਨੇ ਜਿਹਨਾਂ ਦੀ ਉਹ ਪੂਜਾ



ਕਰਦਾ ਹੈ ।

**ਨਿਰਮਲ ਰਿਸ਼ੀ - ਵੇ ਤੇਰੀ ਮੇਰੀ ਉਨਰੇ**

ਜਾਂ ਤਾਂ ਮਕਾਣ ਤੇ ਜਾਈਦਾ ਜਾਂ ਭੋਗ ਤੇ ਇਸ ਸੰਵਾਦ ਨਾਲ ਲੋਕ ਦਿਲ ਜਿੱਤਣ ਵਾਲੀ ਨਿਰਮਲ ਰਿਸ਼ੀ ਦੀ ਰੋਬ ਨੇ ਬੁਢਾਪੇ 'ਚ ਸੁਣੀ । ਉਹ ਸਟਾਰ ਬਣ ਗਈ ਤੇ ਦੋਲਤ ਨੇ ਵੀ ਘਰੇ ਗੁਲਜ਼ਾਰ ਲਿਆਂਦੀ । ਇਹ ਹੈ ਕਿਸਮਤ

**ਕੁਲਦੀਪ ਰੰਧਾਵਾ - ਸੱਚ ਦਾ ਪੁਜਾਰੀ**
ਚਾਰ ਘੰਟੇ ਗਾ ਕਿ ਕੁਲਦੀਪ ਰੰਧਾਵਾ ਮਹਿਸੂਸ



ਕਰਾਉਂਦਾ ਹੈ ਕਿ ਜੀਉਣ ਦਾ ਢੰਗ ਤੇ ਸੱਚ ਕੀ ਹੈ? ਲੋਕ ਤੱਥ ਗਾ ਕਿ ਜਨਤਾ ਨੂੰ ਮਨੋਰੰਜਨ ਦੇਣਾ ਉਸ ਦਾ ਫਰਜ ਕੀ ਹੈ ।

**ਮੰਨਤ ਸਿੰਘ - ਸੁਕਰ ਦਾਤਿਆ**

ਫਿਰ ਮੰਨਤ ਸਿੰਘ ਕੋਲ ਟੀ.ਵੀ ਸੋਅਜ ਦੀ ਭਰਮਾਰ ਹੈ । ਗਾਇਕੀ ਦੇ ਸੋਦੇ ਵੀ ਆ ਰਹੇ ਹਨ । ਮੰਨਤ ਦੀ ਹਰ ਮੰਨਤ ਪੂਰੀ ਹੋ ਰਹੀ ਹੈ।

## 2 ਗ਼ਜ਼ਲਾਂ

### ਚੰਗਾ, ਮੰਦਾ ਬੋਲ ਕੇ

ਚੰਗਾ, ਮੰਦਾ ਬੋਲ ਕੇ ਸੰਸਾਰ ਨੂੰ,
ਯਾਦ ਕਰ ਲੈਂਦੇ ਹਾਂ ਵਿਛੜੇ ਯਾਰ ਨੂੰ।

ਝੂਠ ਕੇਵਲ ਵਧਦਾ ਹੈ ਕੁਝ ਚਿਰ ਲਈ,
ਸੱਚ ਹੀ ਪਰ ਜਿੱਤਦਾ ਆਖ਼ਰਕਾਰ ਨੂੰ।

ਤੋੜਿਆ ਹੈ ਸੱਭ ਦਾ ਮਹਿੰਗਾਈ ਨੇ ਲੱਕ,
ਲੈਣ ਕੀ ਜਾਵੇ ਕੋਈ ਬਾਜ਼ਾਰ ਨੂੰ।

ਇਹ ਜ਼ਮਾਨਾ ਕੈਸਾ ਯਾਰੋ ਆ ਗਿਆ,
ਤਰਸਦੇ ਮਾਤਾ- ਪਿਤਾ ਸਤਿਕਾਰ ਨੂੰ।

ਕੰਮ ਸਾਰੇ ਗੱਪਾਂ ਵਿੱਚ ਹੋ ਜਾਂਦੇ ਨੇ,
ਕੌਣ ਹੱਥਾਂ ਵਿੱਚ ਫੜੇ ਅੰਗਾਰ ਨੂੰ।

ਘਰ 'ਚ ਚੋਰੀ ਹੋਣ ਤੋਂ ਬਚ ਜਾਣੀ ਸੀ,
ਨੀਂਦ ਜੇ ਆਂਦੀ ਨਾ ਪਹਿਰੇਦਾਰ ਨੂੰ।

ਕਿਉਂ ਜਵਾਨੀ ਵਿੱਚ ਉਹ ਲੱਗਦਾ ਨਸ਼ਿਆਂ ਨੂੰ?
ਨੌਕਰੀ ਜੇ ਮਿਲਦੀ ਬੇਰੁਜ਼ਗਾਰ ਨੂੰ।



### ਉਹ ਜੋ ਕੁਝ ਕਹਿੰਦਾ

ਉਹ ਜੋ ਕੁਝ ਕਹਿੰਦਾ, ਅੱਖਾਂ ਨਾ' ਕਹਿੰਦਾ ਹੈ,
ਉਹ ਕੀ ਕੁਝ ਕਹਿੰਦਾ, ਦਿਲ ਸੋਚਦਾ ਰਹਿੰਦਾ ਹੈ।

ਉਸ ਨੂੰ ਕੁਝ ਤਾਂ ਅਕਲ ਜ਼ਰੂਰ ਆ ਜਾਂਦੀ ਹੈ,
ਜੋ ਚੰਗੇ ਮਨੁੱਖਾਂ ਵਿੱਚ ਉੱਠਦਾ, ਬਹਿੰਦਾ ਹੈ।

ਜਿਹੜਾ ਬੰਦਾ ਹਿੰਮਤ ਦਾ ਲੜ ਨ੍ਹੀ ਛੱਡਦਾ,
ਦੈਂਤ ਨਿਰਾਸ਼ਾ ਦਾ ਉਸ ਕੋਲੋਂ ਢਹਿੰਦਾ ਹੈ।

ਸਾਰੇ ਦਾਗ ਦਿਲਾਂ ਦੇ ਧੋਤੇ ਜਾਂਦੇ ਨੇ,
ਜਦ ਅੱਖਾਂ 'ਚੋਂ ਦਰਿਆ ਯਾਰੋ ਵਹਿੰਦਾ ਹੈ।

ਜਦ ਸਾਰੇ ਧਰਮ ਸੁਨੇਹਾ ਦੇਣ ਪਿਆਰ ਦਾ,
ਫਿਰ ਬੰਦੇ ਨਾ' ਬੰਦਾ ਕਿਉਂ ਖਹਿੰਦਾ ਹੈ ?

ਜਿਸ ਨੂੰ ਮਿਲਦੈ ਚੈਨ ਬੜਾ ਲੋਕ ਲੜਾ ਕੇ,
ਸਾਡੇ ਪਿੰਡ 'ਚ ਹੀ ਉਹ ਬੰਦਾ ਰਹਿੰਦਾ ਹੈ।

ਕਈਆਂ ਦੇ ਸੀਨੇ ਵਿੱਚ ਬਲਦੇ ਨੇ ਭਾਂਬੜ,
'ਮਾਨ'ਗ਼ਜ਼ਲ ਆਪਣੀ ਵਿੱਚ ਸੱਚ ਜਦ ਕਹਿੰਦਾ ਹੈ।

**-ਮਹਿੰਦਰ ਸਿੰਘ ਮਾਨ**
91-99158-03554

## ਅਣਖ ਬਚਾਵੋ

ਆਓ ਸਈਓ ਰਲ਼ ਮਿਲ ਕੇ
ਮਿਰਚਾਂ ਵਾਰੋ, ਨਜ਼ਰ ਉਤਾਰੋ
ਪੰਜਾਬ ਦੇ ਨੋਜਵਾਨਾ ਦੀ,
ਕੋਈ ਤਾਂ ਆ ਕੇ ਅਣਖ ਬਚਾਵੋ !

'ਨਾਗਣੀ' 'ਤੇ ਚਿੱਟੇ ਦੀਆਂ ਸਿਫ਼ਤਾਂ
ਗਾ -ਲਿਖ ਕੇ ਜੋ ਬਣਦੇ ਗਾਣੇ
ਉਹ ਗਾਣੇ ਲਿਖਣ ਤੇ ਗਾਉਣ
ਵਾਲ਼ਿਆਂ ਤੇ, ਕੋਈ ਤਾਂ ਨੱਥ ਪਾਵੋ !
ਕੋਈ ਤਾ ਆ ਕੇ ਅਣਖ ਬਚਾਵੋ

ਮਾਵਾਂ ਦੇ ਸੋਹਣੇ ਪੁੱਤਾਂ ਨੂੰ
ਇਹ&; ਡੰਗ ਮਾਰ ਗਈਆਂ ਨੇ
ਓਹਨਾਂ ਮਾਵਾਂ ਦੇ ਕੋਈ, ਆ ਕੇ ਤੇ,
ਡੂੰਘੇ ਦਿਲ ਦੇ ਜ਼ਖਮ ਪਛਾਣੋ !
ਕੋਈ ਤਾ ਆ ਕੇ ਅਣਖ ਬਚਾਵੋ

'ਚਾਤ੍ਰਿਕ' ਤੇ 'ਪੂਰਨ' ਦੀ ਕਵਿਤਾ
ਵਿਚਲੇ ਬਾਂਕੇ ਛੈਲ ਸ਼ਬੀਲਿਆਂ ਦੀ,
ਮਿਟਦੀ- ਮਰਦੀ ਜਾਤ ਬਚਾਓ
ਕੋਈ ਤਾਂ ਆ ਕੇ ਅਣਖ ਜਗਾਓ !

ਸੌਂਹਾਂ ਖਾ ਕੇ ਹੰਭਲਾ ਮਾਰੋ,
ਨਸ਼ਿਆਂ ਦੇ ਦਰਿਆ ਵਿੱਚ ਡੁੱਬਦੇ
ਬਾਬੇ ਨਾਨਕ ਵਾਲੇ ਪੰਜ ਆਬ ਨੂੰ
ਕੋਈ ਤਾਂ ਪੂਜਣਯੋਗ ਬਣਾਵੋ !
ਕੋਈ ਤਾ ਆ ਕੇ ਅਣਖ ਬਚਾਵੋ

**– ਬਰਜਿੰਦਰ ਕੌਰ ਬਿਸਰਾਓ**
**ਪੇਸ਼ਕਸ਼ ਬੂਟਾ ਗੁਲਾਮੀ ਵਾਲਾ**

## ਕਿਸਾਨਾਂ ਦੇ ਸਵਾਲ ਸੁਣਕੇ!

ਗੱਲੀਂ ਬਾਤੀਂ ਸੰਘਰਸ਼ ਦੇ ਨਾ਼ਲ ਕਹਿ ਕੇ
ਅੰਦਰਖਾਤੇ ਕਈ 'ਬਣਤਾਂ' ਬਣਾਈ ਜਾਂਦੇ।
ਅੱਖ ਸੀਟ 'ਤੇ ਹੁੰਦੀ ਐ 'ਟਿਕਟੂਆਂ' ਦੀ
ਇੱਧਰੋਂ ਉੱਧਰ 'ਟਪੂਸੀਆਂ' ਲਾਈ ਜਾਂਦੇ।
ਆਇਆ ਹੁਕਮ ਜੋ ਸਿੰਘੂ ਤੇ ਟਿੱਕਰੀ ਤੋਂ
ਪਿੰਡਾਂ ਵਾ਼ਲੇ ਹਨ 'ਫੁੱਲ ਚੜਾਈ' ਜਾਂਦੇ।
ਬਈਕਾਟ ਹੈ ਕਮਲ ਦਾ ਦੂਜਿਆਂ ਤੋਂ
ਕਰਕੇ ਸਵਾਲ ਜਵਾਬ ਮੰਗਾਈ ਜਾਂਦੇ।
ਤਿੱਤਰ ਹੋਣ ਕਿਸਾਨਾਂ ਨੂੰ ਦੇਖ ਕੇ ਹੀ
ਜਿੱਦਾਂ ਕਾਉਂ ਗੁਲੇਲ ਤੋਂ ਭੱਜਦੇ ਨੇ
ਓਸ ਵੇਲੇ ਨਾ ਅਹੁੜਦੀ ਗੱਲ ਕੋਈ
ਕਿੱਲ ਕਿੱਲ ਜੋ 'ਮਾਈਕਾਂ' 'ਤੇ ਗੱਜਦੇ ਨੇ!

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



## ਅਕਾਲੀ-ਬਸਪਾ ਗਠਜੋੜ ਨੇ 6 ਹੋਰ ਉਮੀਦਵਾਰ ਐਲਾਨੇ

**ਬਠਿੰਡਾ–** ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗੱਠਜੋੜ ਨੇ ਆਪਣੇ ਛੇ ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਿੱਚ ਬਠਿੰਡਾ ਜ਼ਿਲ੍ਹੇ ਦੇ ਦੋ ਹਲਕਿਆਂ ਮੌੜ ਮੰਡੀ ਅਤੇ ਤਲਵੰਡੀ ਸਾਬੋ ਤੋਂ ਅਕਾਲੀ ਦਲ ਦੇ ਉਮੀਦਵਾਰਾਂ ਦਾ ਵੀ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂ ਦਲਜੀਤ ਚੀਮਾ ਵੱਲੋਂ ਟਵੀਟ ਰਾਹੀਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਕੁਝ ਸਮਾਂ ਪਹਿਲਾਂ ਹੀ ਕਾਂਗਰਸ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋਣ ਵਾਲੇ ਜਗਮੀਤ ਸਿੰਘ ਬਰਾੜ ਨੂੰ ਮੌੜ ਮੰਡੀ ਹਲਕੇ ਤੋਂ ਵਿਧਾਨ ਸਭਾ ਲਈ ਅਕਾਲੀ ਦਲ ਬਸਪਾ ਗੱਠਜੋੜ ਦਾ ਉਮੀਦਵਾਰ ਬਣਾਇਆ ਗਿਆ ਹੈ ਜਦੋਂ ਕਿ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੂੰ ਟਿਕਟ ਦੇਣ ਦਾ ਐਲਾਨ ਕੀਤਾ ਗਿਆ ਹੈ। ਜੀਤ ਮਹਿੰਦਰ ਸਿੱਧੂ ਤਲਵੰਡੀ ਸਾਬੋ ਤੋਂ ਵਿਧਾਇਕ ਰਹਿ ਚੁੱਕੇ ਹਨ। ਇਸ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ ਬਸਪਾ ਗੱਠਜੋੜ ਦੀ ਜੈਤੋ ਵਿਧਾਨ ਸਭਾ ਹਲਕੇ ਤੋਂ ਸੂਬਾ ਸਿੰਘ ਬਾਦਲ, ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਮਨਤਾਰ ਸਿੰਘ ਬਰਾੜ, ਸ੍ਰੀ ਮੁਕਤਸਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਅਤੇ ਫ਼ਰੀਦਕੋਟ ਵਿਧਾਨ ਸਭਾ ਹਲਕੇ ਤੋਂ ਯੂਥ ਅਕਾਲੀ ਦਲ ਦੇ ਪ੍ਰਧਾਨ ਬੰਟੀ ਰੋਮਾਣਾ ਨੂੰ

# ਗਦਰ ਪਾਰਟੀ ਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ

ਨਰਿੰਦਰ ਡਾਨਸੀਵਾਲੀਆ

19ਵੀਂ ਸਦੀ ਦੇ ਅਖੀਰ ਵਿਚ ਤੇ 20ਵੀਂ ਸਦੀ ਦੇ ਸ਼ੁਰੂ ਵਿਚ ਬਹੁਤ ਸਾਰੇ ਹਿੰਦੁਸਤਾਨੀ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੋਰ ਮੁਲਕਾਂ ਵਿਚ ਮਜ਼ਦੂਰੀ ਕਰਨ ਗਏ। ਇਨ੍ਹਾਂ ਦੇਸ਼ਾਂ ਵਿਚ ਇਹਨਾਂ ਦੇ ਜਾਣ ਦਾ ਕਾਰਨ ਮਿਹਨਤ-ਮੁਸ਼ੱਕਤ ਕਰਕੇ ਪੈਸੇ ਕਮਾਉਣਾ ਸੀ ਤਾਂ ਕਿ ਆਪਣੇ ਘਰਾਂ ਦੀ ਆਰਥਿਕ ਹਾਲਤ ਸੁਧਾਰ ਸਕਣ। ਉਥੋਂ ਦੇ ਖੁੱਲ੍ਹੇ ਸਮਾਜਾਂ ਵਿਚ ਜਾ ਕੇ ਇਹਨਾਂ ਨੂੰ ਆਜ਼ਾਦੀ ਦੇ ਅਰਥ ਸਮਝ ਲੱਗੇ। ਗੁਲਾਮੀ ਦਾ ਅਹਿਸਾਸ ਹੋਇਆ। ਬਰਾਬਰੀ ਕੀ ਹੁੰਦੀ ਹੈ, ਦੀ ਪਰਿਭਾਸ਼ਾ ਪਤਾ ਲੱਗੀ। ਇਹਨਾਂ ਗੱਲਾਂ ਦਾ ਅਹਿਸਾਸ ਇਨ੍ਹਾਂ ਨੂੰ ਉਥੋਂ ਦੇ ਆਮ ਗੋਰੇ ਨਾਗਰਿਕਾਂ ਨੇ ਕਰਵਾਇਆ। ਉਹ ਇਹਨਾਂ ਨਾਲ ਹਮਦਰਦੀ ਰੱਖਦੇ ਸਨ। ਉਹ ਚਾਹੁੰਦੇ ਸਨ ਕਿ ਇਹਨਾਂ ਨਾਲ ਵੀ ਮਨੁੱਖਾਂ ਵਾਲਾ ਸਲੂਕ ਹੋਵੇ ਤੇ ਇਨ੍ਹਾਂ ਨੂੰ ਆਜ਼ਾਦ ਕਰ ਦਿੱਤਾ ਜਾਵੇ। ਪਰ ਉਚ ਵਰਗ ਅਤੇ ਰਾਜ ਕਰਨ ਵਾਲੀਆਂ ਧਿਰਾਂ ਇਹਨਾਂ ਨੂੰ ਜ਼ਲੀਲ ਕਰਦੀਆਂ। ਇਹਨਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਂਦੀਆਂ ਰਹਿੰਦੀਆਂ। ਜਦੋਂ ਇਹ ਵਿਰੋਧ ਕਰਨ ਲੱਗੇ ਤਾਂ ਇਹਨਾਂ ਨੂੰ ਮੁਲਕ ਵਿਚੋਂ ਬਾਹਰ ਜਾਣ ਦੇ ਹੁਕਮ ਆ ਗਏ। ਨਵੇਂ ਆਉਣ ਵਾਲਿਆਂ 'ਤੇ ਪਾਬੰਦੀ ਲਾ ਦਿੱਤੀ ਗਈ। ਪਹਿਲਾਂ ਪਹਿਲ ਇਹਨਾਂ ਦੇਸ਼ਾਂ ਵਿਚ ਡਟੇ ਰਹਿਣ ਅਤੇ ਆਪਣੇ ਹੱਕ ਲੈਣ ਲਈ ਹਿੰਦੁਸਤਾਨੀ ਜਥੇਬੰਦ ਹੋਏ। ਜਦੋਂ ਪੜ੍ਹੇ-ਲਿਖੇ ਅਤੇ ਆਜ਼ਾਦੀ-ਗੁਲਾਮੀ ਦਾ ਅਹਿਸਾਸ ਕਰਨ ਵਾਲੇ ਸਿਰ ਇਹਨਾਂ ਨਾਲ ਆ ਜੁੜੇ ਤਾਂ ਮੁਲਕ ਦੀ ਗੁਲਾਮੀ ਦੂਰ ਕਰਨ ਦੇ ਸੰਕਲਪ ਨੇ ਜਨਮ ਲਿਆ। 21 ਅ੍ਰਪੈਲ 1913 ਨੂੰ ਅਸਟੋਰੀਆ (ਅਮਰੀਕਾ) ਵਿਖੇ ਭਾਰਤੀ ਪ੍ਰਵਾਸੀਆਂ ਨੇ 'ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਕਾਇਮ ਕਰ ਲਈ। ਬਾਅਦ ਵਿਚ ਇਹ ਐਸੋਸੀਏਸ਼ਨ ਹਿੰਦੁਸਤਾਨ ਗਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋ ਗਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤ, ਪੰਡਤ ਕਾਸ਼ੀ ਰਾਮ ਮੜੌਲੀ ਖਜ਼ਾਨਚੀ ਅਤੇ ਭਾਈ ਸੰਤੋਖ ਸਿੰਘ ਐਗਜੈਕਟਿਵ ਕਮੇਟੀ ਦੇ ਮੈਂਬਰ ਚੁਣੇ ਗਏ। ਨਵੰਬਰ 1913 ਵਿਚ ਪਾਰਟੀ ਨੇ 'ਗਦਰ' ਨਾਂ ਦਾ ਸਾਇਕਲੋਸਟਾਇਲ ਪਰਚਾ ਪੰਜਾਬੀ ਭਾਸ਼ਾਂ ਵਿਚ ਕੱਢਿਆ। ਫਿਰ ਇਹ ਪਰਚਾ ਉਰਦੂ, ਹਿੰਦੀ ਅਤੇ ਗੁਜਰਾਤੀ ਭਾਸ਼ਾਵਾਂ ਵਿਚ ਵੀ ਕੱਢਿਆ ਜਾਣ ਲੱਗਾ। ਲਾਲਾ ਹਰਦਿਆਲ ਇਸ ਦੇ ਮੁੱਖ ਸੰਪਾਦਕ ਸਨ। 8 ਭਾਸ਼ਾਵਾਂ ਵਿਚ ਛਪਣ ਵਾਲਾ ਇਹ ਪਰਚਾ ਜਨਵਰੀ 1914 ਤੋਂ ਹਫਤਾਵਾਰੀ ਛਪਣ ਲੱਗਾ। ਇਸ ਅਖਬਾਰ ਦੇ ਪੰਜਾਬੀ ਭਾਗ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਸਨ।

ਗਦਰ ਲਹਿਰ ਬਾਰੇ ਉਭਰੀਆਂ ਧਾਰਨਾਵਾਂ ਹੇਠ ਲਿਖੇ ਅਨੁਸਾਰ ਹਨ:

ਉਹਨਾਂ ਦੇ ਅੰਗਰੇਜ਼ੀ ਰਾਜ ਅਤੇ ਉਹਨਾਂ ਦੇ ਪਿੱਠੂਆਂ ਦੇ ਰਾਜ ਦਾ ਮੁਕੰਮਲ ਖਾਤਮੇ ਦਾ ਨਾਅਰਾ ਦਿੱਤਾ।

ਧਰਮ ਨਿਰਪੱਖਤਾ/ਪਾਰਟੀ ਵਿਚ ਕਿਸੇ ਵੀ ਧਰਮ ਦਾ ਦਖਲ ਨਹੀਂ ਸੀ। ਆਪਣੇ-ਆਪਣੇ ਧਰਮ ਨੂੰ ਮਨਾ ਸਕਦਾ ਸੀ। ਪਰ ਉਹਨੂੰ ਪਾਰਟੀ ਵਿਚ ਲਾਗੂ ਨਹੀਂ ਕਰ ਸਕਦਾ ਸੀ।

ਜਾਤ-ਪਾਤ ਦਾ ਖੰਡਨ ਕਰਨਾ। ਜਾਤ-ਪਾਤ ਵਿਚ ਵਿਸ਼ਵਾਸ ਰੱਖਣ ਵਾਲੇ ਇਸਦੇ ਮੈਂਬਰ ਨਹੀਂ ਬਣ ਸਕਦੇ ਸਨ।

ਹਥਿਆਰਬੰਦ ਸੰਘਰਸ਼ ਦਾ ਸੰਕਲਪ ਲਿਆਂਦਾ।



ਦੁਨੀਆਂ ਭਰ ਦੇ ਕੌਮਪਸਤਾਂ ਅਤੇ ਦੇਸ਼ ਭਗਤਾਂ ਨਾਲ ਇਕਮੁੱਠਤਾ ਪੈਦਾ ਕਰਨਾ।

ਸੁਧਾਵਾਦ ਅਤੇ ਕਾਨੂੰਨਵਾਦ ਦਾ ਖੰਡਨ ਕਰਨਾ।

ਗਦਰ ਪਾਰਟੀ ਨੇ ਆਪਣੀ ਯੋਜਨਾ ਮੁਤਾਬਕ ਇਹਨਾਂ ਦੇਸ਼ਾਂ ਵਿਚੋਂ ਜਾ ਕੇ ਹਿੰਦੁਸਤਾਨ ਵਿਚ ਗਦਰ ਕਰ ਦਿੱਤਾ। ਫੌਜੀ ਬਗਾਵਤਾਂ ਕਰਵਾ ਦਿ-ਤੀਆਂ। ਕਈ ਕਾਰਨਾਂ ਕਰਕੇ ਇਹ ਗਦਰ ਸਫਲ ਨਾ ਹੋਇਆ। 1914, 15, 16 ਦੇ ਸਾਲਾਂ ਵਿਚ ਗਦਰ ਦੇ ਆਗੂਆਂ ਅਤੇ ਕਾਰਕੁੰਨਾਂ ਉਤੇ ਤਸ਼ੱਦਦ ਅਤੇ ਸ਼ਹਾਦਤਾਂ ਹੁੰਦੀਆਂ ਰਹੀਆਂ। ਬਹੁਤਿਆਂ ਨੂੰ ਫਾਂਸੀ ਲਾ ਦਿੱਤਾ ਗਿਆ। ਜੇਲ੍ਹਾਂ ਵਿਚ ਸੁੱਟ ਦਿੱਤੇ ਗਏ। ਗਦਰ ਦੇ ਕਾਮਿਆਂ ਦੀਆਂ ਕੁਰਬਾਨੀਆਂ, ਸ਼ਹਾਦਤਾਂ, ਤਸ਼ੱਦਦ ਅਤੇ ਤਿਆਗ ਭਾਰਤੀ ਦੇਸ਼ ਭਗਤਾਂ ਉਪਰ ਇਕ ਅਮਿੱਟ ਪ੍ਰਭਾਵ ਪਾ ਗਿਆ।

ਗਦਰ ਲਹਿਰ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਅਹਿਮ ਸਥਾਨ ਰਿਹਾ ਹੈ। ਉਸਨੇ ਪਾਰਟੀ ਦੇ ਹਰ ਫੈਸਲੇ ਨੂੰ ਮੰਨਿਆ ਅਤੇ ਲਾਗੂ ਕੀਤਾ। ਉਸਦੇ ਜਜ਼ਬੇ ਅਤੇ ਤਿਆਗ ਦੀ ਭਾਵਨਾ ਕਾਰਨ ਹੀ ਉਸਦਾ ਨਾਂ ਇਸ ਲਹਿਰ ਦੇ ਆਗੂਆਂ ਵਿਚ ਬੜੇ ਅਦਬ ਨਾਲ ਲਿਆ ਜਾਂਦਾ ਹੈ। ਬਾਕੀ ਦੇਸ਼ ਭਗਤਾਂ ਦਾ ਇਕੋ ਇਕ ਉਦੇਸ਼ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣਾ ਸੀ। ਪਰ ਬਾਬੂ ਮੰਗੂ ਰਾਮ ਜੀ ਦੇ ਦੋ ਉਦੇਸ਼ ਸਨ। ਪਹਿਲਾ ਦੇਸ਼ ਨੂੰ ਆਜ਼ਾਦ ਕਰਵਾਉਣਾ ਤੇ ਦੂਜਾ ਜਾਤ-ਪਾਤ ਖਤਮ ਕਰਵਾਉਣਾ। ਹਿੰਦੁਸਤਾਨ ਦੁਨੀਆਂ ਦਾ ਇਕੋ-ਇਕ ਦੇਸ਼ ਹੈ, ਜਿੱਥੇ ਬੰਦੇ ਨਾਲ ਸਦੀਆਂ ਤੋਂ ਜਾਤ ਦੇ ਨਾਂ 'ਤੇ ਧੱਕਾ ਕੀਤਾ ਜਾਂਦਾ ਹੈ। ਉਸ ਨਾਲ ਪਸ਼ੂਆਂ ਨਾਲੋਂ ਵੀ ਭੈੜਾ ਵਰਤਾਓ ਕੀਤਾ ਜਾਂਦਾ ਹੈ। ਹਿੰਦੂ ਸੰਸਕ੍ਰਿਤੀ ਅਨੁਸਾਰ ਛੋਟੀਆਂ ਜਾਤਾਂ ਨੂੰ ਪੈਰਾਂ ਵਿਚੋਂ ਪੈਦਾ ਹੋਏ ਦੱਸਿਆ ਜਾਂਦਾ ਹੈ। ਉਚੀਆਂ ਅਤੇ ਨੀਵੀਆਂ ਜਾਤਾਂ ਵਿਚ ਵੰਡੀਆਂ ਪਾਈਆਂ ਹੋਈਆਂ ਹਨ। ਅਖੌਤੀ ਉਚੀਆਂ ਜਾਤਾਂ ਵਾਲੇ ਅਖੌਤੀ ਛੋਟੀਆਂ ਜਾਤਾਂ ਵਾਲੀਆਂ ਨਾਲ ਭਿੰਨ-ਭੇਦ ਹੀ ਨਹੀਂ ਕਰਦੇ ਸਨ, ਸਗੋਂ ਉਹਨਾਂ ਨਾਲ ਬਹੁਤ ਭੈੜਾ ਵਰਤਾਓ ਕੀਤਾ ਜਾਂਦਾ ਸੀ। ਉਹਨਾਂ ਨੂੰ ਸਭ ਹੱਕਾਂ ਤੋਂ ਵਾਂਝੇ ਰੱਖਿਆ ਹੋਇਆ ਸੀ। ਬਾਬੂ ਮੰਗੂ ਰਾਮ ਸਾਹਮਣੇ ਇਹ ਅਹਿਮ ਸਵਾਲ ਸੀ। ਕਿਉਂਕਿ ਉਸ ਵਕਤ ਦਲਿਤਾਂ ਨੂੰ ਨਾ ਬੋਲਣ ਦੀ ਆਜ਼ਾਦੀ ਸੀ, ਨਾ ਹੀ ਉਹਨਾਂ ਵਿਚ ਜਾਗਰਤੀ ਸੀ। ਮਾਡਰਨ ਸਮਝੇ ਜਾਂਦੇ ਧਰਮ ਵੀ ਪ੍ਰੈਕਟੀਕਲੀ ਚੁੱਪ ਸਨ। ਇਹਨਾਂ ਧਰਮਾਂ ਵਿਚ ਵੀ ਉਹਨਾਂ ਨੂੰ ਬੰਦੇ ਹੀ ਨਹੀਂ ਸਮਝਿਆ ਜਾਂਦਾ ਸੀ।

ਬਾਬੂ ਮੰਗੂ ਰਾਮ ਨੂੰ ਇਹ ਕਸਕ ਰੜਕੀ। ਉਸਨੇ ਜਾਤ ਪਾਤ ਦੇ ਭਿੰਨ ਭੇਦ ਵਿਰੁੱਧ ਜੇਹਾਦ ਛੇੜ ਦਿੱਤਾ। ਉਸਨੇ ਦਲਿਤਾਂ ਨੂੰ ਸੰਗਠਿਤ ਕੀਤਾ। ਉਹਨਾਂ ਨੂੰ ਸਿੱਖਿਆ ਦਿੱਤੀ। ਪਿੰਡ-ਪਿੰਡ ਜਾ ਕੇ ਉਹਨਾਂ ਨੂੰ ਜਾਗਰੂਕ ਕੀਤਾ। ਉਹਨਾਂ ਦੇ ਜਥੇ ਬਣਾ ਕੇ ਇਸ ਲਾਇਲਾਜ ਬਿਮਾਰੀ ਵਿਰੁੱਧ ਸੰਘਰਸ਼ ਆਰੰਭਿਆ। ਉਹ ਸੂਰਮਾ ਚਾਹੁੰਦਾ ਸੀ ਸਮਾਜ ਵਿਚ ਸਭ ਬਰਾਬਰ ਹੋਣਾ।

ਸਭ ਨੂੰ ਪੜ੍ਹਨ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ ਮਿਲਣ। ਹਰ ਇਕ ਨੂੰ ਰਹਿਣ ਲਈ ਘਰ ਹੋਵੇ। ਸਮਾਜ ਵਿਚ ਸਨਮਾਨ ਹੋਵੇ। ਇਸ ਕਾਰਜ ਲਈ ਉਸਨੇ ਆਪਣੀ ਜ਼ਿੰਦਗੀ ਦੇ ਕੀਮਤੀ ਵਰ੍ਹੇ ਸਮਾਜਦੇ ਲੇਖੇ ਲਾ ਦਿੱਤੇ। ਅੱਜ ਸਭ ਪਾਰਲੀਮਾਨੀ ਪਾਰਟੀਆਂ ਜੋ ਹਕੂਮਤ ਕਰਦੀਆਂ ਹਨ, ਉਹ ਜਾਤ-ਪਾਤ ਦਾ ਪੱਤਾ ਖੇਡਦੀਆਂ ਹਨ। ਉਹਨਾਂ ਲਈ ਜਾਤ-ਪਾਤ ਦਾ ਭੇਦਭਾਵ ਬਰਕਰਾਰ ਰਹਿਣਾ ਜ਼ਰੂਰੀ ਹੈ ਕਿਉਂਕਿ ਸੱਤਾ ਤੱਕ ਪੁੱਜਣ ਲਈ ਇਹ ਪੌੜੀ ਦਾ ਕੰਮ ਕਰਦੀ ਹੈ।

ਪਰ ਕੋਈ ਵੀ ਪਾਰਟੀ ਜਾਤ-ਪਾਤ ਨੂੰ ਖਤਮ ਨਹੀਂ ਕਰਨਾ ਚਾਹੁੰਦੀ। ਉਹ ਇਸਨੂੰ ਬਣਾਈ ਰੱਖਣਾ ਚਾਹੁੰਦੀ ਹੈ। ਬਸਪਾ ਵੀ ਇਸਦਾ ਅਪਵਾਦ ਨਹੀਂ ਹੈ। ਉਹ ਵੀ ਕਾਂਗਰਸ, ਭਾਜਪਾ, ਅਕਾਲੀ ਤੇ ਹੋਰ ਪਾਰਟੀਆਂ ਵਾਂਗ ਇਸ ਮੁੱਦੇ ਨੂੰ ਵਰਤ ਰਹੀ ਹੈ। ਜਾਤ-ਪਾਤ ਨੂੰ ਖਤਮ ਕਰਨ ਲਈ ਗੰਭੀਰ ਨਹੀਂ ਹੈ। ਕਮਿਊਨਿਸਟ ਪਾਰਟੀਆਂ ਇਸ ਮੁੱਦੇ ਤੋਂ ਦੂਰ ਰਹਿੰਦੀਆਂ ਹਨ ਪਰ ਉਹਨਾਂ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਜਾਤ-ਪਾਤ ਦੇ ਸਵਾਲ ਨੂੰ ਹੱਲ ਕੀਤੇ ਬਿਨਾਂ ਦੇਸ਼ ਵਿਚ ਇਨਕਲਾਬ ਵੱਲ ਅੱਗੇ ਵਧਿਆ ਨਹੀਂ ਜਾ ਸਕਦਾ। ਬਾਬੂ ਮੰਗੂ ਰਾਮ ਜੀ ਨੂੰ ਅੱਜ ਇਹੀ ਸ਼ਰਧਾਂਜਲੀ ਹੈ ਕਿ ਜਾਤ-ਪਾਤ ਵਾਲਾ ਸਮਾਜ ਉਖਾੜ ਸੁੱਟਣ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

(ਧੰਨਵਾਦ ਸਹਿਤ ਸੈਲਾਬ ਮੈਗਜ਼ੀਨ)
ਸੈਲਾਬ ਵਿਸ਼ੇਸ਼ ਅੰਕ ਗਦਰੀ ਬਾਬਾ
ਬਾਬੂ ਮੰਗੂ ਰਾਮ ਮੁਗੋਵਾਲੀਆ

**ਪੇਸ਼ਕਰਤਾ- ਸੰਤੋਖ ਸਿੰਘ ਜੱਸੀ**

**6 ਸਤੰਬਰ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**

# ਸ਼ਹੀਦ ਬਿਸ਼ਨ ਸਿੰਘ ਬੁੱਟਰ

ਪ੍ਰੋ. ਗੋਪਾਲ ਸਿੰਘ ਬੁੱਟਰ
91-99150-05814

ਸ਼ਹੀਦ ਬਿਸ਼ਨ ਸਿੰਘ ਬੁੱਟਰ ਉਹਨਾਂ ਬਹਾਦਰ ਦੇਸ਼ ਭਗਤਾਂ ਦੇ ਆਗੂ ਸਨ ਜਿਹਨਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਫੌਜ ਵਿੱਚ ਬਗਾਵਤ ਕਰਕੇ ਬਰਤਾਨਵੀ ਸਾਮਰਾਜ ਨੂੰ ਚੁਣੌਤੀ ਦਿਤੀ ਭਾਵੇ ਉਹਨਾਂ ਨੂੰ ਇਸ ਦਲੇਰਾਨਾ ਕਾਰਜ ਲਈ ਸਰਕਾਰ ਨੇ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ! ਸ਼ਹੀਦ ਬਿਸ਼ਨ ਸ਼ਿੰਘ ਬੁੱਟਰ ਦਾ ਜਨਮ ੧੯੧੫ ਈਸਵੀ ਨੂੰ ਨੰਬਰਦਾਰ ਗੁਰਦਿੱਤ ਸਿੰਘ ਬੁੱਟਰ ਦੇ ਘਰ ਪਿੰਡ ਬੁੱਟਰ ਕਲਾਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ! ਉਹਨਾਂ ਨੇ ਮੁਢੱਲੀ ਤਾਲੀਮ ਡੀ ਬੀ ਮਿਡਲ ਸਕੂਲ ਮਹਿਤਾ ਨੰਗਲ ਤੋ ਅਤੇ ਮੈਟਰਿਕ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋ ਕੀਤੀ! ਸ਼ਹੀਦ ਬਿਸ਼ਨ ਸ਼ਿੰਘ ਦੇ ਅਠਵੀ ਤੱਕ ਜਮਾਤੀ ਰਹੇ ਪੰਜਾਬੀ ਹਾਸ ਵਿਅੰਗ ਦੇ ਪ੍ਰਸਿੱਧ ਲੇਖਕ ਸੂਬਾ ਸਿੰਘ ਅਨੁਸਾਰ ਬਿਸ਼ਨ ਸਿੰਘ ਅਠਵੀ ਵਿੱਚ ਹੀ ਚੰਗਾ ਜਵਾਨ ਲਗਦਾ ਸੀ ਮੋਟੀਆਂ ਮੋਟੀਆਂ ਅੱਖਾਂ, ਚੌੜਾ_ਖੁਲ੍ਹਾ ਚਿਹਰਾ ,ਉਭਰਵਾਂ ਮੱਥਾ, ਤਿੱਖਾ ਨੱਕ ਤੇ ਮੋਕਲੇ ਹੱਡ ਪੈਰ ਉਸ ਦੀ ਮਰਦਾਨਾ ਖੂਬਸੂਰਤੀ ਦੀ ਇੱਕ ਵੱਖਰੀ ਹੀ ਛਵੀ ਦਾ ਪ੍ਰਭਾਵ ਪਾਉਂਦੇ ਸਨ !

ਮਹਿਤਾ ਨੰਗਲ ਸਕੂਲ ਦੇ ਰਸਤੇ ਵਿੱਚ ਗੁਰਦਵਾਰਾ' ਸਿੰਘ- ਬੇਲਾ ਪੈਦਾ ਸੀ। ਸਕੂਲ ਆਉਂਦੇ-ਜਾਂਦੇ ਬ੍ਰਨ ਸਿੰਘ ਆਪਣੇ ਸਾਥੀ ਵਿਦਿਆਰਥੀਆਂ ਨਾਲ ਉਸ ਰਮਣੀਕ ਜਗ੍ਹਾ ਤੇ ਕੁੱਝ ਸਮਾਂ ਰੁਕਦੇ ਅੰਬਾਂ, ਜਾਮਣਾਂ ਦਾ ਆਨੰਦ ਮਾਣਦੇ, ਛਾਵੇਂ ਖੇਡਦੇ, ਗੁਰਦੁਆਰੇ ਮੱਥਾ ਟੇਕਦੇ, ਪ੍ਰਸਾਦ ਲੈਂਦੇ ਤੇ ਪ੍ਰਵਚਨ ਕੀਰਤਨ ਸੁਣਦੇ ਸਨ। ਪਿੰਡਾਂ ਤੋਂ ਬਾਹਰ ਖੇਤਾਂ ਵਿੱਚ ਬਣੇ ਇਸ ਗੁਰਦੁਆਰੇ ਨੂੰ ਦੇਸ਼ ਭਗਤ ਕਿਰਤੀ ਆਪਣਾ ਪਚਬ੍ 1ਮਿ ਸਮਝਦੇ ਸਨ। ਇੱਥੇ ਬਹੁਤ ਸਾਰੇ ਕਿਰਤੀ ਤੇ ਹੋਰ ਦੇਸ਼ ਭਗਤ ਸਾਧੂਆਂ ਦੇ ਭੇਸ ਵਿੱਚ ਆਣ ਟਿਕਦੇ ਸਨ।

ਸਕੂਲ ਆਉਦੇ ਜਾਦੇ ਬਿਸ਼ਨ ਸਿੰਘ ਇੱਥੇ ਭਾਈ ਸੰਤੋਖ ਸਿੰਘ ਧਰਦਿਉ, ਸੰਤ ਇੰਦਰ ਸਿੰਘ ਮੁਰਾਰੀ ਅਤੇ ਸੰਤ ਅਮਰ ਸਿੰਘ ਗਿਲਤੀ ਵਾਲੇ ਵਰਗੇ ਦੇਸ਼ ਭਗਤਾਂ ਦੀ ਸੰਗਤ ਮਾਣਦਾ ਤੇ ਉਹਨਾਂ ਦੇ ਵਿਚਾਰ ਸੁਣਦਾ ਰਹਿੰਦਾ ! ਇਥੋ ਹੀ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ ਜਿਸ ਨੇ ਉਸ ਦੇ ਮਨ ਵਿੱਚ ਅਜ਼ਾਦੀ ਦਾ ਸੁਪਨਾ ਬੀਜ ਦਿੱਤਾ ! ਜਦ ਆਰਥਿਕ ਹਾਲਾਤ ਉਸ ਨੂੰ ਫੌਜ ਦੇ ਇੱਕੀ ਨੰਬਰ ਰਸਾਲੇ ਦੀ ਨੌਕਰੀ ਵੱਲ ਲੈ ਗਏ ਤਾਂ ਵੀ ਉਹ ਗੁਲਾਮੀ ਤੋ ਨਿਜਾਤ ਪਾਉਣ ਬਾਰੇ ਸੋਚਦਾ ਰਹਿੰਦਾ। ਉਹ ਇਕ ਵਾਰ ਛੁੱਟੀ ਲੈ ਕੇ ਘਰ ਆਉਣ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਿਲਣ ਸੇਵਾ ਗ੍ਰਾਮ ਨੇੜੇ ਵਾਰਧਾ ਜਾ ਪੁੱਜਾ ! ਉਹ ਫੌਜ ਵਿੱਚਲੇ ਆਪਣੇ ਹਮ ਖਿਆਲ ਸਹਿਕਰਮੀਆਂ ਵਿੱਚ ਕਿਰਤੀ ਪਰਚੇ ਅਤੇ ਹੋਰ ਸਰਕਾਰ ਵਿਰੋਧੀ ਸਾਹਿਤ ਵੰਡਦਾ ਰਹਿੰਦਾ ਅਤੇ ਸਾਥੀਆਂ ਨੂੰ ਗੁਲਾਮੀ ਦੀ ਜ਼ਿਲਤ ਤੋ ਨਿਜਾਤ ਪਾਉਣ ਲਈ ਲੋਕ ਯੁੱਧ ਵੱਲ ਧਿਆਨ ਦੇਣ ਲਈ ਪ੍ਰੇਰਦਾ ਰਹਿੰਦਾ ਸੀ।



ਦਰਅਸਲ ਬਿਸ਼ਨ ਸਿੰਘ ਬੁੱਟਰ ਦਾ ਸਿੱਧਾ ਰਾਬਤਾ ਕਿਰਤੀ ਲਹਿਰ ਦੇ ਆਗੂ ਕਾਮਰੇਡ ਹਰਮਿੰਦਰ ਸਿੰਘ ਸੋਢੀ ਅਤੇ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਨਾਲ ਸੀ। ਜਿਨ੍ਹਾਂ ਨੂੰ ਪਾਰਟੀ ਨੇ ਮੇਰਠ ਛਾਉਣੀ ਵਿੱਚ ਫੌਜ ਅੰਦਰ ਬਗਾਵਤ ਕਰਵਾਉਣ ਦੇ ਲਈ ਕੰਮ ਕਰਨ ਲਈ ਭੇਜਿਆ ਸੀ। ਇਹਨਾਂ ਦੇਸ਼ ਭਗਤ ਕਿਰਤੀ ਆਗੂਆਂ ਦਾ ਅਸਲ ਮਕਸਦ ਇਹ ਸੀ ਕਿ ਫੌਜੀ ਭਾਰਤੀਆਂ ਨੂੰ ਗੁਲਾਮੀ ਦਾ ਜ਼ਿੱਲਤ ਦਾ ਅਹਿਸਾਸ ਕਰਵਾ ਕੇ ਇਹਨਾਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਫੌਜ ਵਿੱਚ ਬਗਾਵਤ ਕਰਨ ਲਈ ਪ੍ਰੇਰਿਆ ਜਾਵੇ। ਇਹਨਾਂ ਨੇ ਮੇਰਠ ਤੋਂ ਕਿਰਤੀ ਲਹਿਰ ਦਾ ਪ੍ਰਚਾਰ ਕਰਨ ਅਤੇ ਫੌਜ ਅੰਦਰ ਆਪਣਾ ਆਧਾਰ ਮਜ਼ਬੂਤ ਕਰਨ ਲਈ ਵਿਸ਼ਨ ਸਿੰਘ ਬੁੱਟਰ ਤੇ ਉਸ ਦੇ ਸਾਥੀਆਂ ਦੀਆਂ ਸੇਵਾਵਾਂ ਲਈਆਂ। ਇਸ ਗੱਲ ਦੀ ਗਵਾਹੀ ਕਾਮ-ਰੇਡ ਚੈਨ ਸਿੰਘ ਚੈਨ ਦੀ ਪੁਸਤਕ ਅਤੇ ਸਵਰਗੀ ਗਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਤੇ ਉਹਨਾਂ ਦੇ ਸੰਗਰਾਮੀ ਸਾਥੀ ਕਾਮਰੇਡ ਗੰਦਰਵ ਸੇਨ ਕੋਛੜ ਦੇ ਬਿਆਨਾਂ ਤੋਂ ਸਪੱਸ਼ਟ ਰੂਪ ਵਿੱਚ ਮਿਲਦੀ ਹੈ। ਸੋ ਇਹ ਕਿਰਤੀ ਦੇਸ਼ ਭਗਤ ਸ਼ਹੀਦ ਬਿਸ਼ਨ ਸਿੰਘ ਬੁੱਟਰ ਤੇ ਉਹਨਾਂ ਦੇ ਸਾਥੀਆਂ ਦੀ ਮਦਦ ਨਾਲ ਆਪਣੇ ਮਕਸਦ ਵਿੱਚ ਕਾਫੀ ਹੱਦ ਤੀਕਰ ਕਾਮਯਾਬ ਵੀ ਰਹੇ ਇਹਨਾਂ ਦੋ ਕਿਰਤੀਆਂ ਆਗੂਆਂ ਦੇ ਨਾਲ ਇਸ ਕੰਮ ਵਿੱਚ ਹੋਰ ਕਿਰਤੀ ਕਮਿਊਨਿਸਟ ਆਗੂ ਵੀ ਸ਼ਾਮਿਲ ਸਨ। ਜਿਹਨਾਂ ਵਿੱਚੋਂ ਕਾਮਰੇਡ ਮੁਬਾਰਕ ਸਾਗਰ ਪ੍ਰਮੁੱਖ ਸਨ। ਇਸ ਤੋਂ ਇਲਾਵਾ ਬਹੁਤ ਸਾਰੇ ਫੌਜੀ ਦੇਸ਼ ਭਗਤ ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਸੰਪਰਕ ਵਿੱਚ ਵੀ ਸਨ ਤੇ ਉਹ ਚਾਹੁੰਦੇ ਸਨ ਕਿ ਨੇਤਾ ਜੀ ਹਥਿਆਰਬੰਦ ਇਨਕਲਾਬ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਕੇ ਆਜ਼ਾਦੀ ਦੀ ਲੜਾਈ ਦਾ ਐਲਾਨ ਕਰ ਦੇਣ। ਇਹਨਾਂ ਦੇਸ਼ ਭਗਤਾਂ ਨੇ ਇਸ ਸੰਗਰਾਮ ਲਈ ਵਿਦੇਸ਼ਾਂ ਵਿੱਚ ਜਿਵੇਂ ਸਿੰਗਾਪੁਰ, ਮਲੇਸ਼ੀਆ ਆਦਿਕ ਦੇਸ਼ਾਂ ਦੇ ਪੰਜਾਬੀ ਦੇਸ਼ ਭਗਤਾਂ ਨਾਲ ਸੰਪਰਕ ਵੀ ਸਥਾਪਿਤ ਕੀਤਾ ਹੋਇਆ ਸੀ ਅਤੇ ਉਹਨਾਂ ਪ੍ਰਵਾਸੀ ਪੰਜਾਬੀ ਦੇਸ਼ ਭਗਤਾਂ ਵੱਲੋਂ ਇਹਨਾਂ ਨੂੰ ਹਰ ਤਰ੍ਹਾਂ ਦੇ ਸਾਧਨ/ਸਰਮਾਏ ਦੀ ਸਹਾਇਤਾ ਦਾ ਭਰੋਸਾ ਵੀ ਮਿਲਿਆ ਹੋਇਆ ਸੀ। ਸ਼ਹੀਦ ਬਿਸ਼ਨ ਸਿੰਘ ਬੁੱਟਰ ਤੇ ਇਹਨਾਂ ਦੇ ਹੋਰ ਫੌਜੀ ਦੇਸ਼ ਭਗਤ ਸਾਥੀਆਂ ਨੇ ਇੱਥੋਂ ਤੱਕ ਪ੍ਰੋਗਰਾਮ ਉਲੀਕ ਲਿਆ ਸੀ ਕਿ ਅਸੀਂ ਆਜ਼ਾਦੀ ਦੀ ਲੜਾਈ ਵਿੱਚ ਕਿਸੇ ਭਾਰਤੀ ਦੀ ਜਾਨ ਲੈਣ ਤੋਂ ਹਮੇਸ਼ਾ ਬਚਣਾ ਹੈ। ਭਾਵੇਂ ਉਹ ਸਾਡੇ ਸੰਘਰਸ਼ ਲਈ ਕਿੰਨਾ ਵੀ ਨੁਕਸਾਨਦਾਇਕ ਕਿਉਂ ਨਾ ਹੋਵੇ। ਉਹਨਾਂ ਨੇ ਸੋਚਿਆ ਸੀ ਕਿ ਸਾਡੀ ਇਸ ਰਣਨੀਤੀ ਨਾਲ ਅੰਗ੍ਰੇਜ਼ ਪ੍ਰਸਤ ਭਾਰਤੀ ਵੀ ਸਾਡੇ ਨਾਲ ਤੁਰ ਪੈਣਗੇ ਤੇ ਅਸੀਂ ਦੇਸ਼ ਅੰਦਰ ਵਤਨ ਪ੍ਰਸਤੀ ਦੀ ਲਹਿਰ ਪੈਦਾ ਕਰਕੇ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਮੁਕਤ ਕਰਵਾ ਲਵਾਂਗੇ।

ਜਦ ਦੂਜੇ ਵਿਸ਼ਵ ਯੁੱਧ ਸਮੇ ਉਹਨਾਂ ਨੂੰ ੧੨ ਜੁਲਾਈ ੧੯੪੦ ਨੂੰ ਮਿਸਰ ਅਫਰੀਕਾ ਅਤੇ ਹੋਰ ਯੂਰਪੀਨ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਸਰਕਾਰ ਵਲੋ ਲੜਾਈ ਵਿੱਚ ਸ਼ਾਮਲ ਹੋਣ ਦਾ ਹੁਕਮ ਹੋਇਆ ਤਾਂ ਇੱਕੀ ਨੰਬਰ ਰਸਾਲੇ ਦੇ ੧੧੨ ਜਵਾਨਾਂ ਨੇ ਬੰਬਈ ਦੇ ਗੁਰਦਵਾਰੇ ਵਿੱਚ ਜਾ ਕੇ ਬਿਸ਼ਨ ਸ਼ਿੰਘ ਬੁੱਟਰ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਬਗਾਵਤ ਕਰਨ ਦੀਆਂ ਕਸਮਾਂ ਖਾਧੀਆਂ ! ਇਹਨਾਂ ਵਲੋ ਬੰਬਈ ਬੰਦਰਗਾਹ ਤੇ ਸਮੁੰਦਰੀ ਜਹਾਜਾਂ ਉਤੇ ਚੜਨ ਤੋ ਇਨਕਾਰ ਕਰਨ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ! ਸਰਕਾਰ ਨੇ ਇਸ ਬਗਾਵਤ ਦੀ ਅੱਗ ਨੂੰ ਅੱਗੇ ਵੱਧਣ ਤੋ ਰੋਕਣ ਲਈ ਕਾਹਲੀ ਕਾਹਲੀ ਵਿੱਚ ਕੋਟ ਮਾਰਸ਼ਲ ਕੀਤਾ ਅਤੇ ਵਿਦਰੋਹੀ ਦੇਸ਼ ਭਗਤਾਂ ਨੂੰ ਸਖਤ ਸਜਾਵਾਂ ਸੁਣਾ ਦਿਤੀਆਂ ! ਬਿਸ਼ਨ ਸਿੰਘ ਬੁੱਟਰ ਨੂੰ ਉਸ ਦੇ ਤਿੰਨ ਕਰੀਬੀ ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਦਿਤੀ ਗਈ ਅਤੇ ਬਾਕੀ ਦੇਸ਼ ਭਗਤਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿਤੀ 16 ਸਤੰਬਰ 1940 ਨੂੰ ਸਿਕੰਦਰਾਬਾਦ ਸਿਵਲ ਜੇਲ ਵਿੱਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੌਗਾਵਾਂ ਸਾਧਪੁਰ, ਸਾਧੂ ਸਿੰਘ ਦਦੇਹਰ ਅਤੇ ਅਜਾਇਬ ਸਿੰਘ ਨੰਦਗੜ ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ ! ਅੱਜ ਸ਼ਹੀਦ ਸਰਦਾਰ ਬਿਸ਼ਨ ਸ਼ਿੰਘ ਬੁਟਰ ਦੇ ਸਪੁਤਰ ਸ: ਕਸ਼ਮੀਰ ਸਿੰਘ ਦੇ ਘਰ ਪਿੰਡ ਬੁੱਟਰ ਕਲਾਂ (ਅੰਮ੍ਰਿਤਸਰ) ਵਿਖੇ ਇਹਨਾਂ ਦੇਸ਼ ਭਗਤ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ!

# ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਲੋਕ ਆਪਣੀ ਜਾਨ ਬਚਾਉਣ ਲਈ ਦੇਸ਼ 'ਚੋਂ ਨਿਕਲਣਾ ਚਾਹੁੰਦੇ ਹਨ

ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਲੋਕ ਆਪਣੀ ਜਾਨ ਬਚਾਉਣ ਲਈ ਦੇਸ਼ 'ਚੋਂ ਨਿਕਲਣਾ ਚਾਹੁੰਦੇ ਹਨ ਅਤੇ ਇਥੋਂ ਨਿਕਲਣ ਲਈ ਏਅਰਪੋਰਟ ਹੀ ਇਕੋ-ਇਕ ਰਸਤਾ ਬਚਿਆ ਹੈ। ਕਾਬੁਲ ਦੇ ਹਾਮਿਦ ਕਰਜ਼ਈ ਏਅਰਪੋਰਟ 'ਤੇ ਹਜ਼ਾਰਾਂ ਲੋਕ ਇਕੱਠੇ ਹੋ ਗਏ ਹਨ। ਜਹਾਜ਼ 'ਚ ਸਵਾਰ ਹੋਣ ਲਈ ਮਾਰਾਮਾਰੀ ਹੋ ਰਹੀ ਹੈ। ਅਫਗਾਨਿਸਤਾਨ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਵੱਡੀ ਗਿਣਤੀ 'ਚ ਲੋਕ ਅਮਰੀਕਾ ਨੂੰ ਜ਼ੰਮੇਵਾਰ ਠਹਿਰਾ ਰਹੇ ਹਨ, ਜਿਸ ਨੇ 20 ਸਾਲ ਬਾਅਦ ਤਾਲਿਬਾਨ ਨਾਲ ਕਰਾਰ ਕਰ ਕੇ ਆਪਣੀ ਫੌਜ ਵਾਪਸ ਬੁਲਾਉਣ ਦਾ ਫ਼ੈਸਲਾ ਕੀਤਾ। ਇਸ ਸਭ ਵਿਚਾਲੇ ਇਹ ਸਵਾਲ ਉੱਠਦਾ ਹੈ ਕਿ ਆਖਿਰ ਅਮਰੀਕਾ ਨੇ ਅਫਗਾਨਿਸਤਾਨ ਤੋਂ ਆਪਣੀ ਫੌਜ ਵਾਪਸ ਬੁਲਾਉਣ ਦਾ ਫੈਸਲਾ ਕਿਉਂ ਕੀਤਾ? ਇਹ ਸਵਾਲ ਉਠ-ਾਇਆ ਜਾ ਰਿਹਾ ਹੈ ਕਿ ਕੀ ਅਮਰੀਕਾ ਨੇ ਦੋਹਾ ਸਮਝੌਤੇ ਅਧੀਨ ਤਾਲਿਬਾਨ ਨਾਲ ਡੀਲ ਕਾਰਨ ਅਮਰੀਕਾ ਨੇ ਆਪਣੇ ਫੌਜੀਆਂ ਨੂੰ ਵਾਪਸ ਬੁਲਾ ਲਿਆ ਹੈ?

ਮੀਡੀਆ ਰਿਪੋਰਟ ਅਨੁਸਾਰ ਅਮਰੀਕਾ ਨੇ ਤਾਲਿਬਾਨ ਨੂੰ ਸੱਤਾ ਤੋਂ ਬਾਹਰ ਕਰਨ ਲਈ ਅਕਤੂਬਰ 2001 'ਚ ਅਫਗਾਨਿਸਤਾਨ ਉੱਤੇ ਹਮਲਾ ਕੀਤਾ ਸੀ। ਅਮਰੀਕਾ ਦਾ ਦੋਸ਼ ਸੀ ਕਿ ਅਫਗਾਨਿਸਤਾਨ ਲਾਦੇਨ ਅਤੇ ਅਲ-ਕਾਇਦਾ ਨਾਲ ਜੁੜੇ ਹੋਰ ਲੋਕਾਂ ਨੂੰ ਪਨਾਹ ਦੇ ਰਿਹਾ ਹੈ। ਅਮਰੀਕਾ ਇਨ੍ਹਾਂ ਨੂੰ ਹੀ ਸਤੰਬਰ 2001 ਦੇ ਹਮਲੇ ਲਈ ਜ਼ੰਮੇਵਾਰ ਮੰਨਦਾ ਹੈ। ਜਾਣਕਾਰੀ ਦੇ ਅਨੁਸਾਰ ਯੁੱਧ ਦੌਰਾਨ ਇਕ ਸਮੇਂ ਅਮਰੀਕੀ ਫੌਜੀਆਂ ਦੀ ਗਿਣਤੀ 1 ਲੱਖ 10 ਹਜ਼ਾਰ ਤੱਕ ਪਹੁੰਚ ਗਈ ਸੀ। ਦਸੰਬਰ 2020 ਤੱਕ ਅਫਗਾਨਿਸਤਾਨ 'ਚ ਅਮਰੀਕੀ ਫੌਜੀਆਂ ਦੀ ਗਿਣਤੀ ਘਟ ਕੇ ਸਿਰਫ 4,000 ਹੀ ਰਹਿ ਗਈ ਸੀ। ਅਮਰੀਕੀ ਰੱਖਿਆ ਮੰਤਰਾਲੇ ਦੇ ਅਨੁਸਾਰ ਅਫਗਾਨਿ-ਸਤਾਨ ਯੁੱਧ ਉੱਤੇ ਅਕਤੂਬਰ 2001 ਤੋਂ ਸਤੰਬਰ 2019 ਵਿਚਾਲੇ 778 ਅਰਬ ਡਾਲਰ ਖਰਚ ਕੀਤੇ ਗਏ। ਅਮਰੀਕਾ ਦੇ ਅਧਿਕਾਰਤ ਅੰਕੜਿਆਂ ਦੇ ਅਨੁਸਾਰ 2001 ਤੋਂ 2019 ਵਿਚਾਲੇ ਅਮਰੀਕਾ ਨੇ ਅਫਗਾਨਿਸਤਾਨ 'ਚ ਕੁਲ 822 ਅਰਬ ਡਾਲਰ ਖਰਚ ਕੀਤੇ। 2001'ਚ ਤਾਲਿਬਾਨ ਵਿਰੁੱਧ ਜੰਗ ਸ਼ੁਰੂ ਹੋਣ ਤੋਂ ਬਾਅਦ ਅਫਗਾਨਿਸਤਾਨ 'ਚ 2300 ਤੋਂ ਵੱਧ ਅਮਰੀਕੀ ਫੌਜੀਆਂ ਦੀ ਜਾਨ ਚਲੀ ਗਈ ਹੈ ਅਤੇ ਲੜਾਈ ਦੌਰਾਨ 20,660 ਜ਼ਖਮੀ ਹੋਏ ਹਨ। 2016 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਇੱਕ ਉਮੀਦਵਾਰ ਦੇ ਰੂਪ'ਚ ਟਰੰਪ ਨੇ ਕਿਹਾ ਸੀ ਕਿ ਅਫਗਾਨਿਸਤਾਨ ਤੇ ਇਰਾਕ 'ਚ ਜੰਗ 'ਚ ਉਲਝਿਆ ਅਮਰੀਕਾ, ਇਨ੍ਹਾਂ 'ਅੰਤਹੀਣ ਯੁੱਧਾਂ' ਤੋਂ ਥੱਕ ਗਿਆ



ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਫੌਜੀਆਂ ਦੀ ਵਾਪਸੀ ਲਈ 1 ਮਈ 2021 ਦੀ ਸਮਾਂ ਹੱਦ ਤੈਅ ਕੀਤੀ ਸੀ ਅਤੇ ਬਾਈਡੇਨ ਨੇ ਸਮਾਂ ਵਧਾਉਂਦਿਆਂ ਸਾਰੇ ਅਮਰੀਕੀ ਫੌਜੀਆਂ ਨੂੰ ਵਾਪਸ ਬੁਲਾ ਲਿਆ। ਤਾਲਿਬਾਨ ਨੇ ਅਮਰੀਕਾ ਨਾਲ ਸਾਲ 2018 'ਚ ਗੱਲਬਾਤ ਸ਼ੁਰੂ ਕਰ ਦਿੱਤੀ ਸੀ। ਫਰਵਰੀ 2020 'ਚ ਕਤਰ ਦੀ ਰਾਜਧਾਨੀ ਦੋਹਾ 'ਚ ਦੋਵਾਂ ਧਿਰਾਂ ਵਿਚਾਲੇ ਸਮਝੌਤੇ 'ਤੇ ਦਸਤਖਤ ਹੋਏ ਸਨ, ਜਿਥੇ ਅਮਰੀਕਾ ਨੇ ਅਫਗਾਨਿਸਤਾਨ ਤੋਂ ਆਪਣੀਆਂ ਫੌਜਾਂ ਵਾਪਸ ਬੁਲਾਉਣ ਦੀ ਵਚਨਬੱਧਤਾ ਪ੍ਰਗਟਾਈ ਅਤੇ ਤਾਲਿਬਾਨ ਅਮਰੀਕੀ ਫੌਜੀਆਂ 'ਤੇ ਹਮਲੇ ਰੋਕਣ ਲਈ ਸਹਿਮਤ ਹੋਏ। ਸਮਝੌਤੇ 'ਚ ਤਾਲਿਬਾਨ ਨੇ ਆਪਣੇ ਕੰਟਰੋਲ ਵਾਲੇ ਇਲਾਕੇ 'ਚ ਅਲ ਕਾਇਦਾ ਤੇ ਦੂਸਰੇ ਕੱਟੜਪੰਥੀ ਸੰਗਠਨਾਂ ਦੇ ਦਾਖਲੇ 'ਤੇ ਪਾਬੰਦੀ ਲਾਉਣ ਦੀ ਗੱਲ ਵੀ ਕਹੀ। ਰਾਸ਼ਟਰੀ ਪੱਧਰ ਦੀ ਗੱਲਬਾਤ 'ਚ ਹਿੱਸਾ ਲੈਣ ਦਾ ਵੀ ਭਰੋਸਾ ਦਿੱਤਾ ਸੀ। ਸਮਝੌਤੇ ਦੇ ਅਗਲੇ ਹੀ ਸਾਲ ਤੋਂ ਤਾਲਿਬਾਨ ਨੇ ਅਫਗਾਨਿਸਤਾਨ 'ਚ ਨਾਗਰਿਕਾਂ ਅਤੇ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ। ਹੁਣ ਜਿਵੇਂ ਕਿ ਅਮਰੀਕੀ ਫੌਜੀ ਅਫਗਾਨਿਸਤਾਨ ਛੱਡਣ ਦੀ ਤਿਆਰੀ ਕਰ ਰਹੇ ਹਨ, ਤਾਲਿਬਾਨ ਅਫਗਾਨਿਸਤਾਨ 'ਚ ਹਾਵੀ ਹੋ ਗਿਆ ਹੈ। ਦੱਸ ਦੇਈਏ ਕਿ ਸਥਿਤੀ ਨੂੰ ਕੰਟਰੋਲ ਕਰਨ ਲਈ ਅਮਰੀਕਾ ਨੇ ਆਪਣੇ 6000 ਫੌਜੀਆਂ ਨੂੰ ਏਅਰਪੋਰਟ 'ਤੇ ਤਾਇਨਾਤ ਕੀਤਾ ਹੈ। ਇਸ ਦੌਰਾਨ ਏਅਰਪੋਰਟ 'ਤੇ ਗੋਲੀਬਾਰੀ 'ਚ 7 ਲੋਕ ਮਾਰੇ ਗਏ ਹਨ, ਜਦਕਿ ਤਾਲਿਬਾਨ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਸ ਦੇ ਲੜਾਕੂ ਉਨ੍ਹਾਂ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ, ਜੋ ਦੇਸ਼ ਛੱਡਣਾ ਚਾਹੁੰਦੇ ਹਨ। ਅਫਗਾਨਿਸਤਾਨ 'ਚ ਅਰਾਜਕਤਾ ਦੇ ਮਾਹੌਲ ਨੂੰ ਲੈ ਕੇ ਵਾਸ਼ਿੰਗਟਨ 'ਚ ਵੀ ਲੋਕਾਂ 'ਚ ਗੁੱਸਾ ਹੈ। ਲੋਕ ਅਮਰੀਕੀ ਫੌਜੀਆਂ ਨੂੰ ਵਾਪਸ ਬੁਲਾਉਣ ਦੇ ਰਾਸ਼ਟਰਪਤੀ ਜੋ ਬਾਈਡੇਨ ਦੇ ਫੈਸਲੇ ਦੀ ਆਲੋਚਨਾ ਕਰ ਰਹੇ ਹਨ। ਲੋਕ ਤਖਤੀਆਂ ਲੈ ਕੇ ਵ੍ਹਾਈਟ ਹਾਊਸ ਦੇ ਬਾਹਰ ਵਿਰੋਧ ਪ੍ਰਦਰਸ਼ਨ ਵੀ ਕਰ ਰਹੇ ਹਨ। 26 ਅਗਸਤ ਨੂੰ ਹੋਏ ਅੱਤਵਾਦੀ ਹਮਲਿਆਂ ਵਿੱਚ ਕਾਬੁਲ ਏਅਰਪੋਰਟ ਦੇ ਬਾਹਰ 13 ਅਮਰੀਕੀ ਫੌਜੀਆਂ ਸਮੇਤ ਦਰਜਨਾਂ ਲੋਕ ਮੌਤ ਦੇ ਮੂੰਹ ਜਾ ਪਏ 'ਤੇ ਵੱਡੀ ਗਿਣਤੀ ਵਿੱਚ ਲੋਕ ਜਖਮੀ ਦੱਸੇ ਜਾ ਰਹੇ ਹਨ। ਹੁਣ ਇਸ ਗੱਲ ਲਈ ਵੀ ਬਾਈਡਨ ਪ੍ਰਸ਼ਾਸਨ ਦੀ ਅਲੋਚਨਾਂ ਹੋ ਰਹੀ ਹੈ ਕਿ ਖੁਫੀਆ ਏਜੰਸੀਆਂ ਦੀ ਚਿਤਾਵਨੀ ਤੋ ਬਾਅਦ ਵੀ ਇਹ ਧਮਾਕੇ ਓਸ ਖੇਤਰ ਵਿੱਚ ਹੋਣੇ ਜਿੱਥੇ ਅਮਰੀਕਾ ਫੌਜ ਦਾ ਕੰਟਰੋਲ ਹੈ..!


ਗੁਰਿੰਦਰਜੀਤ ਨੀਟਾ ਮਾਛੀਕੇ

ਪਤਾ ਨਹੀਂ ਕਿਹੜੇ ਕਾਰਨ ਰਹੇ ਹੋਣਗੇ ਕਿ ਅਮਰੀਕਾ ਨੇ ਐਨੀ ਜਲਦਬਾਜੀ ਕੀਤੀ ਕਿ ਤਾਲਿਬਾਨ ਕੁਝ ਦਿਨਾਂ ਵਿੱਚ ਹੀ ਪੂਰੇ ਅਫ਼ਗ਼ਾਨਿਸਤਾਨ ਉੱਤੇ ਕਾਬਜ਼ ਹੋ ਗਿਆ। ਇੱਥੇ ਇਸ ਗੱਲ ਦਾ ਵੀ ਜ਼ਕਿਰ ਕਰਨਾ ਬਣਦਾ ਕਿ ਅਮਰੀਕਾ ਨੇ ਤਿੰਨ ਲੱਖ ਅਫ਼ਗਾਨੀਆਂ ਨੂੰ ਪੂਰੇ ਹਥਿਆਰਾਂ ਨਾਲ ਲੈਸ ਕਰਕੇ ਫੌਜ ਤਿਆਰ ਕੀਤੀ। 55 ਹਜ਼ਾਰ ਦੇ ਨੇੜ ਪੁਲਿਸ ਕਰਮੀਆਂ ਨੂੰ ਸਿਖਲਾਈ ਦਿੱਤੀ, ਪਰ ਇਹ ਤਾਲਿਬਾਨ ਨਾਲ ਲੜੇ ਬਿਨਾਂ ਹੀ ਹਥਿਆਰ ਸਿੱਟ ਗਏ..? ਮੇਰੇ ਖਿਆਲ ਮੁਤ-ਾਬਿਕ ਅਮਰੀਕਾ ਨੂੰ ਬਾਹਰੀ ਮੁਲਕਾਂ ਵਿੱਚ ਜਾਕੇ ਪੰਗੇ ਨਹੀਂ ਲੈਣੇ ਚਾਹੀਦੇ 'ਤੇ ਟੈਕਸ ਪੇਅਰਾਂ ਦਾ ਖਰਬਾਂ ਡਾਲਰ ਇਸ ਤਰਾਂ ਬਿਨਾਂ ਕਿਸੇ ਗੱਲਬਾਤ ਬਲਦੀ ਦੇ ਬੂੱਥੇ ਨਹੀ ਝੋਕਣਾ ਚਾਹੀਦਾ।

# ਤਾਲਿਬਾਨ ਨੂੰ ਨੱਥ ਪਾਓ? ਆਪਣੀ ਮੂਰਖਤਾ ਦਾ ਪ੍ਰਗਟਾਵਾ ਨਾ ਕਰੋ!

## ਤਾਲਿਬਾਨ ਦੀ ਜਿੱਤ ਜਿਹਾਦ ਦੇ ਤੋਦੇ ਦਾ ਮਹਿਜ ਇਕ ਕਿਣਕਾ ਮਾਤਰ ਹੈ

**ਸਵਾਮੀਨਾਥਨ ਅੰਕਲੇਸਰੀਆ ਅਈਯਰ,**
**(ਧੰਨਵਾਦ ਸਾਹਿਤ, ਟਾਈਮਜ ਆਫ ਇੰਡੀਆ, 22 ਅਗਸਤ 2021)**

ਤਾਲਿਬਾਨ ਸਾਹਮਣੇ ਅਫਗਾਨਿਸਤਾਨ ਦੇ ਏਨੀ ਤੇਜੀ ਨਾਲ ਢਹਿ ਜਾਣ ਨੇ ਇਕ-ਦੂਜੇ ਦੇ ਸਿਰ ਦੋਸ਼ ਮੜ੍ਹਣ ਨੂੰ ਤੇਜ ਕਰ ਦਿਤਾ ਹੈ। ਜਦੋਂ ਕਿ ਤਾਲਿਬਾਨ ਪਿਛਲੇ ਇਕ ਦਹਾਕੇ ਤੋਂ ਅਗੇ ਵਧ ਰਹੇ ਸਨ ਅਤੇ ਅਮਰੀਕਾ ਪਿਛੇ ਹਟ ਰਿਹਾ ਸੀ। ਸਿਰਫ ਅੰਤਿਮ ਜਿਤ ਦੀ ਚਾਲ ਹੀ ਹੈਰਾਨੀਜਨਕ ਹੈ।

ਤਾਲਿਬਾਨ ਨੂੰ ਭਾਵੇਂ ਪਾਕਿਸਤਾਨ ਦੀ ਹਮਾਇਤ ਹਾਸਲ ਸੀ ਪਰ ਬਿਨਾਂ ਸ਼ਕ ਤਾਲਿਬਾਨ ਅਫਗਾਨਿਸਤਾਨ ਦੀ ਆਪਣੀ ਪੈਦਾਇਸ਼ ਹੈ। ਫਿਰ ਵੀ ਹਮੇਸ਼ਾਂ ਤਾਲਿਬਾਨ ਆਪਣੇ ਆਪ ਨੂੰ ਆਲਮੀ ਇਸਲਾਮੀ ਉਭਾਰ ਦੇ ਅੰਗ ਵਜੋਂ ਵੇਖਦੇ ਆ ਰਹੇ ਹਨ। ਇਸਲਾਮੀ ਉਭਾਰ ਦੇ ਵਿਚਾਰ ਦੇ ਪ੍ਰਗਟ ਹੋਣ ਦਾ ਸਮਾਂ ਫਿਰ ਆ ਗਿਆ ਹੈ। ਕਿਉਂਕਿ ਦੋਵੇਂ ਕਿਸਮ ਦੀਆਂ ਸਰਕਾਰਾਂ ਜਮਹੂਰੀ ਅਤੇ ਤਾਨਾਸ਼ਾਹ ਕੁਰਪਟ, ਵਹਿਸ਼ਤ ਦੀ ਹਦ ਤਕ ਲੋਕ ਸਰੋਕਾਰਾਂ ਪ੍ਰਤੀ ਉਦਾਸੀਨ ਅਤੇ ਮੁਸਲਿਮ ਜਗਤ ਵਿਚ ਲੋਕਾਂ ਦੀ ਬੇਭਰੋਸਗੀ ਦਾ ਸ਼ਿਕਾਰ ਹਨ। ਇਸੇ ਕਰ ਕੇ ਧਾਰਮਿਕ ਮੂਲਵਾਦ ਦੀ ਸ਼ੁਧਤਾ ਅਤੇ ਜਿਹਾਦ ਲਈ ਖਿਚ ਬੜੀ ਤੇਜੀ ਨਾਲ ਵਧੀ ਹੈ ਅਤੇ ਆਲਮੀ ਇਸਲਾਮ ਦੀਆਂ ਇਤਿਹਾਸਕ ਜੜ੍ਹਾਂ ਉਤੇ ਪ੍ਰਫੁਲਤ ਹੋਈ ਹੈ।

ਪਛਮ ਦਾ ਪਤਨ ਅਤੇ ਪਛਮ ਪ੍ਰਤੀ ਬਣੇ ਭਰਮਾਂ ਦਾ ਟੁਟਣਾ ਤੇ ਅਫਰੀਕਾ ਵਿਚ ਇਸਲਾਮੀ ਜਿਹਾਦ ਦਾ ਉਭਾਰ ਅਫਗਾਨਿਸਤਾਨ ਜਿੰਨਾ ਹੀ ਸਪਸ਼ਟ ਹੈ। ਫਰਾਂਸੀਸੀ ਅਤੇ ਯੂਰਪੀਨ ਫੌਜਾਂ ਅਫਰੀਕਾ ਵਿਚ ਜਹਾਦੀਆਂ ਨੂੰ ਕੁਚਲਣ ਦੇ ਆਪਣੇ ਦਹਾਕੇ ਭਰ ਦੇ ਯਤਨਾਂ ਵਿਚ ਸਫਲ ਨਹੀਂ ਹੋ ਸਕੀਆ। ਫਰਾਂਸ ਦੇ 5100 ਫੌਜੀ ਉਸਦੀਆਂ ਪੰਜ ਪੁਰਾਣੀਆ ਬਸਤੀਆਂ _ ਮਾਲੀ, ਮੌਰੀਤਾਨੀਆ, ਬੁਰਕੀਨਾ ਫਾਸੋ, ਨਿਗਰ ਅਤੇ ਚਾਡ ਵਿਚ ਤਾਇਨਾਤ ਹਨ। ਫਰਾਂਸ ਦਾ ਪ੍ਰਧਾਨ ਮੈਕਰੋਨ ਕਦੇ ਖਤਮ ਨਾ ਹੋਣ ਵਾਲੀ ਇਸ ਜੰਗ ਤੋਂ ਤੰਗ ਆ ਕੇ ਫੌਜੀਆਂ ਦੀ ਘਰ ਵਾਪਸੀ ਦਾ ਵਾਅਦਾ ਕਰ ਚੁਕਾ ਹੈ ਅਤੇ ਬਾਕੀ ਯੂਰਪੀਨ ਦੇਸਾਂ ਅਤੇ ਅਫਰੀਕਨਾਂ ਨੂੰ ਇਹਨਾਂ ਫੌਜੀਆਂ ਦੀ ਥਾਂ ਭਰਨ ਲਈ ਕਹਿ ਰਿਹਾ ਹੈ।

ਉਸਦੀ ਸਭ ਤੋਂ ਮੰਦੀ ਹਾਲਤ ਮਾਲੀ ਵਿਚ ਹੈ। ਜਿਥੇ ਗਦਾਫੀ ਦੀ ਮੌਤ ਤੋਂ ਬਾਅਦ ਦੇਸ ਵਿਚੋਂ ਕਢੇ ਗਏ ਲਿਬੀਅਨ ਜਿਹਾਦੀ ਸਥਾਨਿਕ ਜਿਹਾਦੀਆਂ ਨਾਲ ਮਿਲ ਗਏ ਹਨ। ਜਿਹਾਦੀਆਂ ਨੇ ਟਿੰਬੂਕਟੂ ਉਤੇ ਕਬਜਾ ਕਰ ਕੇ ਬਹੁਤ ਸਾਰੇ ਪੁਰਾਣੇ ਮਕਬਰੇ ਗੈਰਇਸਲਾਮੀ ਕਹਿ ਕੇ ਢਾਹ ਦਿਤੇ। ਫਰਾਂਸੀਸੀ ਫੌਜੀ ਜਿਹਾਦੀਆਂ ਉਤੇ ਕਾਬੂ ਪਾਉਣ ਲਈ ਭੇਜੇ ਗਏ। ਉਨ੍ਹਾਂ ਨੂੰ ਮੁਢ ਵਿਚ ਚੰਗੀ ਸਫਲਤਾ ਮਿਲੀ ਪਰ ਹੁਣੇ ਜਿਹੇ ਮਾਲੀ ਵਿਚ ਹੋਏ ਰਾਜ ਪਲਟੇ ਕਾਰਨ ਫਰਾਂਸ ਨੂੰ ਨਮੋਸ਼ੀ ਹੋਈ ਹੈ ਅਤੇ ਜਿਹਾਦੀ ਆਪਣੀ ਇਖਲਾਕੀ ਜਿਤ ਅਤੇ ਦ੍ਰਿੜਤਾ ਉਤੇ ਖੁਸ਼ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਇਕ ਨਵੀਂ ਆਲਮੀ ਟਾਸਕ ਫੋਰਸ ਟਕੂਬਾ ਦੇਸ ਵਿਚ ਸ਼ਾਤੀਂ ਯਕੀਨੀ ਬਣਾਏਗੀ। ਪਰ ਇਸ ਦੀ ਆਸ ਬਹੁਤ ਘਟ ਹੈ।

ਨਾਈਜੀਰੀਆ ਵਿਚ ਜਿਹਾਦੀ ਸਭ ਤੋਂ ਤਾਕਤਵਰ ਹਨ। ਜਿਥੇ ਅਸਲ ਵਿਚ ਬੋਕੋ ਹਰਮ ਲਖਾਂ ਦੀ ਆਬਾਦੀ ਵਾਲੇ ਬਹੁਤ ਵਡੇ ਖੇਤਰ ਵਿਚ ਰਾਜ ਕਰਦਾ ਹੈ। ਇਸਲਾਮੀ ਜਿਹਾਦੀਆਂ ਦੇ ਇਕ ਛੋਟੇ ਜਿਹੇ ਗਰੁਪ ਨੇ 1993 ਵਿਚ ਸੋਮਾਲੀਆ ਅੰਦਰ ਅਮਰੀਕਾ ਦੀ ਫੌਜ ਨੂੰ ਹਰਾਇਆ ਸੀ।



(ਅਮਰੀਕਾ ਦੀ ਇਸ ਹਾਰ ਉਤੇ 'ਬਲੈਕ ਹਾਕ ਡਾਊਨ' ਫਿਲਮ ਬਣੀ ਸੀ)

ਤਾਲਿਬਾਨ ਕਹਿ ਰਹੇ ਹਨ ਕਿ ਉਹ ਤਾਕਤ ਦੀ ਬਦਲੀ ਸ਼ਾਂਤਮਈ ਢੰਗ ਨਾਲ ਕਰਨਗੇ ਅਤੇ ਆਲਮੀ ਦਹਿਸ਼ਤਗਰਦੀ ਲਈ ਆਪਣੇ ਦੇਸ ਦੀ ਵਰਤੋਂ ਨਹੀਂ ਕਰਨ ਦੇਣਗੇ। ਪਰ ਉਹ ਬੜੇ ਲੰਬੇ ਸਮੇ ਤੋਂ ਆਪਣੇ ਗੁਆਂਢੀ ਮੁਲਕਾਂ _ ਉਜਬੇਕਿਸਤਾਨ, ਕਿਰਗਿਜਸਤਾਨ, ਤਾਜਿਕਸਤਾਨ, ਤੁਰਕਿਮਸਤਾਨ ਅਤੇ ਪਾਕਿਸਤਾਨ ਵਿਚਲੇ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਹੇ ਹਨ। ਚੀਨ ਆਪਣੇ ਜਿਨਜਿਆਂਗ ਸੂਬੇ ਵਿਚਲੇ ਇਸਲਾਮੀ ਖਾੜਕੂਪੁਣੇ ਤੋਂ ਡਰਿਆ ਹੋਇਆ ਹੈ। ਉਸ ਨੇ 10 ਲਖ ਦੇ ਕਰੀਬ ਉਗਰ ਮੁਸਲਮਾਨਾਂ ਨੂੰ ''ਵਿਦਿਆ'' ਅਤੇ ''ਕਿਤਾ'' ਕੈਂਪਾਂ ਵਿਚ ਬੰਦ ਕੀਤਾ ਹੋਇਆ ਹੈ। ਚੀਨ ਤਾਲਿਬਾਨ ਨਾਲ ਸਮਝੌਤਾ ਕਰ ਕੇ ਖੁਸ਼ ਹੈ (ਬਿਲਕੁਲ ਉਵੇਂ ਹੀ ਜਿਵੇਂ 1990 ਵਿਆਂ ਵਿਚ ਅਮਰੀਕਾ ਖੁਸ਼ ਸੀ।) ਬਸ਼ਰਤੇ ਕਿ ਉਹ ਜਿਹਾਦ ਨੂੰ ਬਰਾਮਦ ਨਾ ਕਰੇ। ਪਰ ਇਹ ਇਕ ਮੂਰਖਾਂ ਵਾਲੀ ਆਸ ਹੈ। ਉਹ ਧਾਰਮਿਕ ਤਾਕਤਾਂ ਜਿਹੜੀਆਂ ਆਲਮੀ ਜਿਹਾਦ ਦੇ ਉਭਾਰ ਵਿਚ ਸਹਾਈ ਹੁੰਦੀਆ ਹਨ, ਉਹ ਸਾਧਾਰਣ ਰਾਜਦੂਤਕ ਚੈਨਲਾਂ ਰਾਹੀਂ ਕਾਬੂ ਨਹੀਂ ਕੀਤੀਆ ਜਾ ਸਕਦੀਆ, ਭਾਵੇਂ ਕਿ ਤਾਲਿਬਾਨ ਰਸਮੀ ਤੌਰ ਉਤੇ ਇਸ ਵਿਚਾਰ ਨਾਲ ਸਹਿਮਤ ਵੀ ਹੋ ਜਾਏ। ਤਾਲਿਬਾਨ ਭਾਵੇਂ ਹਾਲ ਦੀ ਘੜੀ ਇਸ ਗੱਲ ਨੂੰ ਠੀਕ ਸਮਝਣ ਕਿ ਅਮਰੀਕਾ ਅਤੇ ਇਥੋਂ ਤਕ ਕਿ ਚੀਨ ਵਿਚ ਵੀ ਜਿਹਾਦੀ ਮਾਅਰਕੇਬਾਜੀ ਉਤੇ ਕਾਬੂ ਰਖਿਆ ਜਾਵੇ। ਪਰ ਇਹ ਮੌਕਾਪ੍ਰਸਤੀ ਤੋਂ ਵਧੇਰੇ ਹੋਰ ਕੁਝ ਨਹੀਂ। ਕਿਉਂਕਿ ਤਾਲਿਬਾਨ ਖੁਦ ਆਲਮੀ ਇਸਲਾਮ ਦੇ ਉਭਾਰ ਵਿਚ ਆ ਰਹੇ ਜਵਾਰਭਾਟੇ ਦਾ ਇਕ ਅੰਗ ਹੈ। ਕੋਈ ਵੀ ਉਸਦੇ ਇਸ ਦਾਅਵੇ ਉਤੇ ਯਕੀਨ ਨਹੀਂ ਕਰ ਸਕਦਾ। ਇਹ ਯਕੀਨੀ ਤੌਰ ਉਤੇ ਪਾਕਿਸਤਾਨ ਤੇ ਭਾਰਤ ਸਮੇਤ ਗੁਆਂਢੀ ਮੁਲਕਾਂ ਵਿਚ ਧਾਰਮਿਕ ਮੂਲਵਾਦ ਨੂੰ ਉਭਾਰੇਗਾ।

ਬਹੁਤ ਥੋੜੇ ਭਾਰਤੀ ਸੰਸਾਰ ਭਰ ਵਿਚ ਛਪ ਰਹੇ ਇਸਲਾਮੀ ਸਾਹਿਤ ਨੂੰ ਪੜ੍ਹਦੇ ਹਨ। ਇਹ ਸਾਰਾ ਸਾਹਿਤ ਭਾਰਤ ਨੂੰ ਮੁਸਲਮਾਨਾਂ ਤੇ ਖਾਸ ਕਰ ਕੇ ਕਸ਼ਮੀਰ ਵਿਚਲੇ ਮੁਸਲਮਾਨਾਂ ਉਤੇ ਸਭ ਤੋਂ ਵਧ ਜਬਰ ਕਰਨ ਵਾਲੇ ਦੇਸ ਵਜੋਂ ਪ੍ਰਚਾਰਦਾ ਹੈ। ਤਾਲਿਬਾਨ ਦੀ ਜਿਤ ਹਿੰਦੂ ਰਾਸ਼ਟਰਵਾਦੀਆਂ ਵਲੋਂ ਭਾਰਤੀ ਮੁਸਲਮਾਨਾਂ ਨੂੰ ਪਰੇਸ਼ਾਨ ਕਰਨ ਵਿਰੁਧ ਇਨਸਾਫ ਮੰਗਦੀ ਉਸ ਆਲਮੀ ਇਸਲਾਮੀ ਲਹਿਰ ਨੂੰ ਮਜਬੂਤ ਕਰੇਗੀ। ਇਸ ਗੱਲ ਦਾ ਵਡਾ ਖਤਰਾ ਹੈ ਕਿ ਹਿੰਦੂ ਫਿਰਕਾਪ੍ਰਸਤੀ ਤੇ ਇਸਲਾਮੀ ਮੂਲਵਾਦ ਆਪਸ ਵਿਚ ਟਕਰਾਅ ਜਾਣ ਅਤੇ ਇਕ-ਦੂਜੇ ਨੂੰ ਤਕੜਾ ਕਰਦੇ ਹੋਏ ਸਮਾਜੀ ਇਕਸੁਰਤਾ ਨੂੰ ਭੰਗ ਕਰ ਦੇਣ।

ਜਿਆਦਾਤਰ ਆਲਮੀ ਬਹਿਸਾਂ ਚੀਨ ਅਤੇ ਅਮਰੀਕਾ ਦੀ ਅਗਵਾਈ ਹੇਠਲੇ ਜਮਹੂਰੀ ਸੰਸਾਰ ਵਿਚਕਾਰ ਦੁਸ਼ਮਣੀ ਉਤੇ ਕੇਂਦਰਿਤ ਹਨ। ਪਰ ਕਮਰੇ ਵਿਚ ਲਗਾਤਾਰ ਹੋ ਰਹੇ ਇਸਲਾਮੀ ਉਭਾਰ ਨੁਮਾ ਹਾਥੀ ਦੀ ਹੋਂਦ ਵੀ ਹੈ। ਇਥੋਂ ਤਕ ਕਿ ਇੰਡੋਨੇਸ਼ੀਆ ਜਿਹੜਾ ਕਿਸੇ ਵੇਲੇ ਪੂਰੀ ਤਰ੍ਹਾਂ ਧਰਮ ਨਿਰਪਖ ਦੇਸ ਸੀ, ਫਿਰਕੂ ਬਣ ਰਿਹਾ ਹੈ। ਬੰਗਲਾਦੇਸ਼ ਵਿਚ ਮੁਸਲਿਮ ਮੂਲਵਾਦੀ ਤਰਕਸ਼ੀਲਾਂ ਤੇ (ਮੇਰੇ ਵਰਗੇ) ਨਾਸਤਿਕਾਂ ਦੇ ਕਤਲ ਕਰ ਰਹੇ ਨੇ। ਇਕ ਅਰਧ ਜਿਹਾਦੀ ਖਿਤਾ ਸੀਰੀਆ ਦੇ ਇਦਲਿਬ ਖੇਤਰ ਵਿਚ ਮੌਜੂਦ ਹੈ। ਆਈ. ਐਸ. ਆਈ. ਐਸ. ਉਤੇ ਕਾਬੂ ਪਾਇਆ ਜਾ ਸਕਿਆ ਹੈ ਪਰ ਇਹ ਖਤਮ ਨਹੀਂ ਹੋਇਆ।

ਬਹੁਤੇ ਭਾਰਤੀ ਮੌਜਬੀਕ ਤੋਂ ਜਾਣੂ ਨਹੀਂ ਹਨ। ਖਾੜੀ ਦੇਸਾਂ ਤੋਂ ਬਾਅਦ ਕੁਦਰਤੀ ਗੈਸ ਦਾ ਸਭ ਤੋਂ ਵਡਾ ਭੰਡਾਰ ਇਸ ਦੇਸ ਵਿਚ ਮੌਜੂਦ ਹੈ। ਇਸ ਦੇਸ ਵਿਚ ਕਈ ਭਾਰਤੀ ਕੰਪਨੀਆਂ (ਓ. ਐਨ. ਜੀ. ਸੀ. ਤੇ ਬੀ. ਪੀ. ਸੀ. ਐਲ. ਸਮੇਤ) ਨੇ ਫਰਾਂਸ ਦੀ ਕੰਪਨੀ ਟੋਟਲ ਦੀ ਅਗਵਾਈ ਹੇਠਲੇ ਆਲਮੀ ਕੰਪਨੀਆਂ ਦੇ ਸਮੂਹ ਨਾਲ ਮਿਲ ਕੇ ਤਰਲ ਕੁਦਰਤੀ ਗੈਸ ਦੀ ਇਕ ਬਹੁਤ ਵਡੀ ਸਨਅਤ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਸਨਅਤ ਦਾ ਮੌਜਬੀਕ ਦੀ ਕੁਲ ਜੀ. ਡੀ. ਪੀ. ਵਿਚ 40 ਫੀਸਦੀ ਹਿਸਾ ਹੋਣਾ ਸੀ। ਪਰ ਅਫਸੋਸ! ਇਕ ਨਿਕੇ ਜਿਹੇ ਅਣਜਾਣੇ ਇਸਲਾਮੀ ਗਰੁਪ ਨੇ ਗੈਸ ਫੀਲਡ ਦੇ ਨੇੜਲੇ ਖੇਤਰ ਪਾਲਮਾ ਉਤੇ ਕਬਜਾ ਕਰ ਲਿਆ ਅਤੇ 2600 ਲੋਕਾਂ ਨੂੰ ਮਾਰ ਕੇ ਉਥੋਂ 7 ਲਖ ਲੋਕਾਂ ਨੂੰ ਭਜਾ ਦਿਤਾ। ਇਹ ਅਫਗਾਨਿਸਤਾਨ ਜਿਡੀ ਹੀ ਵਡੀ ਹਾਰ ਹੈ। ਪਰ ਇਸ ਦਾ ਜਿਕਰ ਇਸ ਕਰ ਕੇ ਘਟ ਹੋਇਆ ਹੈ ਕਿਉਂਕਿ ਇਸ ਵਿਚ ਕੋਈ ਵਡੀ (ਸਾਮਰਾਜੀ) ਤਾਕਤ ਸ਼ਾਮਿਲ ਨਹੀਂ ਹੈ। ਟੋਟਲ ਕੰਪਨੀ ਅਤੇ ਉਸ ਦਾ ਸਾਰਾ ਫਰਾਂਸੀਸੀ ਅਮਲਾਫੈਲਾ ਉਥੋਂ ਦੌੜ ਗਿਆ ਹੈ ਇਤੇ ਕੁਝ ਪਤਾ ਨਹੀਂ ਤੇ ਕੋਈ ਨਹੀਂ ਜਾਣਦਾ ਕਿ ਹਾਲਤਾਂ ਕਦੋਂ ਸੁਧਰਣਗੀਆ ਅਤੇ ਇਹ ਓਪਰੇਸ਼ਨ ਦੁਬਾਰਾ ਕਦੋਂ ਸ਼ੁਰੂ ਹੋਵੇਗਾ। ਸਾਰੀਆਂ ਪਛਮੀ ਤਾਕਤਾਂ ਨਿਤ ਲੜੀਆ ਜਾ ਰਹੀ ਜੰਗਾਂ ਤੋਂ ਘਬਰਾਈਆਂ ਹੋਈਆ ਹਨ।

ਬਹੁਤੇ ਭਾਰਤੀ ਲਿਬਰਲ ਬੁਧੀਜੀਵੀ ਆਲਮੀ ਜਿਹਾਦ ਦੀ ਨਿਖੇਧੀ ਕਰਨ ਤੋਂ ਇਸ ਪਖੋਂ ਝਕਦੇ ਹਨ ਕਿਉਂਕਿ ਉਹਨਾਂ ਨੂੰ (ਸਹੀ) ਡਰ ਹੈ ਕਿ ਇਹ ਭਾਰਤੀ ਜਨਤਾ ਪਾਰਟੀ ਦੇ ਫਿਰਕੂ ਨਫਰਤੀ ਪ੍ਰਚਾਰ ਨੂੰ ਤਕੜਾ ਕਰੇਗਾ। ਕੁਝ ਲਿਬਰਲ ਤਾਲਿਬਾਨ ਨੂੰ ਨਥ ਪਾਉਣ ਦੀ ਆਸ ਲਾਈ ਬੈਠੇ ਹਨ। ਪਰ ਇਹ ਇਕ ਭਰਮ ਹੈ।

ਆਲਮੀ ਇਸਲਾਮੀ ਉਭਾਰ ਤੇ ਹਿੰਦੂ ਰਾਸ਼ਟਰਵਾਦ ਯਕੀਨੀ ਟਕਰਾਅ ਵਿਚ ਆਉਣਗੇ ਅਤੇ ਦੋਵਾਂ ਪਾਸਿਆਂ ਦੀ ਫਿਰਕਾਪ੍ਰਸਤੀ ਨੂੰ ਤਕੜਾ ਕਰਨਗੇ। ਥੋੜੇ ਸਮੇਂ ਲਈ ਭਾਵੇਂ ਇਸ ਦਾ ਭਾਜਪਾ ਨੂੰ ਫਾਇਦਾ ਹੋਵੇ ਪਰ ਸਮੁਚੇ ਸਮਾਜ ਅਤੇ ਅਰਥਚਾਰੇ ਲਈ ਇਹ ਬਹੁਤ ਭਿਆਨਕ ਹੋਵੇਗਾ।

**(ਅਨੁਵਾਦ- ਗੁਰਬਚਨ ਸਿੰਘ, 9815698451)**



# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop